
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 18
August 9, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਕਮਿਸ਼ਨਰ ਲਾਹੌਰੀ ਰਾਮ ਜੀ ਦੀ ਯਾਦ ਵਿਚ 9ਵੀਂ ਸਾਲਾਨਾ ਪਿਕਨਿਕ।
(ਰਿਪੋਰਟ ਅਤੇ ਤਸਵੀਰਾਂ ਲਈ ਦੇਖੋ 'ਅੰਬੇਦਕਰ ਟਾਈਮਜ਼')


ਖੂਬ ਭਰਿਆ ਪੀ. ਸੀ. ਐਸ. ਸੈਕਰਾਮੈਂਟੋ 'ਚ ਤੀਆਂ ਦਾ ਮੇਲਾ
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 19 'ਤੇ)

## ਅਮਰੀਕਾ ਵਿਚ ਨਸਲੀ ਹਮਲਿਆਂ ਦਾ ਸਭ ਤੋਂ ਵੱਧ ਸ਼ਿਕਾਰ ਹੋ ਰਹੇ ਨੇ ਸਿੱਖ

**ਵਾਸ਼ਿੰਗਟਨ (ਬਿਊਰੋ)**– ਅਮਰੀਕਾ ਵਿਚ ਹੋ ਰਹੇ ਨਸਲੀ ਹਮਲਿਆਂ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਇਸ ਵਕਤ ਸਿੱਖ ਭਾਈਚਾਰਾ ਹੋ ਰਿਹਾ ਹੈ। ਸਿੱਖ ਭਾਈਚਾਰੇ ਦੇ ਆਗੂਆਂ ਦਾ ਕਹਿਣਾ ਹੈ ਕਿ ਅਮਰੀਕਾ 'ਚ ਹੋਣ ਵਾਲੇ ਨਫ਼ਰਤੀ ਅਪਰਾਧਾਂ ਅਤੇ ਨਸਲੀ ਹਿੰਸਾ ਦਾ ਸਭ ਤੋਂ ਜ਼ਿਆਦਾ ਨਿਸ਼ਾਨਾ ਬਣਨ ਵਾਲੇ ਭਾਈਚਾਰਿਆਂ 'ਚੋਂ ਇਕ ਸਿੱਖ ਭਾਈਚਾਰਾ ਹੈ। ਵਿਸਕਾਨਸਿਨ ਸ਼ਹਿਰ 'ਚ ਸਥਿਤ ਗੁਰਦੁਆਰਾ ਸਾਹਿਬ 'ਚ ਪੰਜ ਸਾਲ ਪਹਿਲਾਂ ਇਕ ਗੋਰੇ ਨਸਲਵਾਦੀ ਹਮਲਾਵਰ ਵੱਲੋਂ ਕੀਤੀ ਗਈ ਗੋਲੀਬਾਰੀ 'ਚ ਮਾਰੇ ਗਏ 6 ਸਿੱਖਾਂ ਨੂੰ ਯਾਦ ਕਰਦਿਆਂ ਹੋਇਆਂ ਸਿੱਖ ਭਾਈਚਾਰੇ ਦੇ ਆਗੂਆਂ ਨੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕੀਤਾ। ਸਮੁੱਚੇ ਅਮਰੀਕਾ ਦੇ ਨਾਮੀ ਸਿੱਖ ਨਾਗਰਿਕ, ਸੰਸਦ ਮੈਂਬਰ, ਸਰਕਾਰੀ ਅਧਿਕਾਰੀ ਅਤੇ ਸਥਾਨਕ ਨੇਤਾਵਾਂ ਨੇ ਇਸ ਕਤਲੇਆਮ ਦੀ ਪੰਜਵੀਂ ਬਰਸੀ 'ਤੇ ਹੋਏ ਅਰਦਾਸ ਸਮਾਗਮ 'ਚ ਹਿੱਸਾ ਲਿਆ। ਸਿੱਖ ਪੋਲੀਟੀਕਲ ਐਕਸ਼ਨ ਕਮੇਟੀ ਦੇ ਪ੍ਰਧਾਨ ਗੁਰਿੰਦਰ ਸਿੰਘ ਖ਼ਾਲਸਾ ਨੇ ਕਿਹਾ



ਕਿ, 'ਅਸੀਂ ਅਮਰੀਕਾ 'ਚ ਗੁਰਦੁਆਰਿਆਂ ਨੂੰ ਸੁਰੱਖਿਅਤ ਰੱਖਣ ਦੀਆਂ ਕਾਫੀ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਕਈ ਰੋਕਥਾਮ ਉਪਾਅ ਕੀਤੇ ਹਨ, ਪਰ ਅਮਰੀਕੀ ਸਕੂਲਾਂ 'ਚ ਨਫ਼ਰਤੀ ਅਪਰਾਧਾਂ ਅਤੇ ਨਸਲੀ ਭੇਦਭਾਵ ਦੇ ਸ਼ਿਕਾਰ ਲੋਕਾਂ 'ਚ ਸਿੱਖ ਬਹੁਤ ਜ਼ਿਆਦਾ ਹਨ। ਹਾਲ ਦੇ ਸਾਲਾਂ 'ਚ ਸਿੱਖਾਂ 'ਤੇ ਹਮਲੇ ਕਈ ਗੁਣਾ ਵੱਧ ਗਏ ਹਨ'। ਇਥੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆ ਵਿਸਕਾਂਸਿਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਲਿਹਾਰ ਦੁਲਾਈ ਨੇ ਕਿਹਾ, 'ਨਫ਼ਰਤ ਦਾ ਕੋਈ ਰੰਗ ਤੇ ਚਿਹਰਾ ਨਹੀਂ ਹੁੰਦਾ, ਫਿਰ ਵੀ ਅਸੀਂ ਪੰਜ ਸਾਲ ਪਹਿਲਾਂ ਨਫ਼ਰਤ ਵੇਖੀ। ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਇਕੱਠੇ ਹੋ ਜਾਂਦੇ ਹੋ ਤਾਂ ਦਿਲ ਅਤੇ ਦਿਮਾਗ ਜੁੜ ਜਾਂਦੇ ਹਨ ਅਤੇ ਉਥੇ ਪ੍ਰਮਾਤਮਾ ਦੀ ਹਾਜ਼ਰੀ ਨਾਲ ਤੁਹਾਨੂੰ ਕੁਝ ਵੀ ਕਹਿਣ ਦੀ ਲੋੜ ਨਹੀਂ ਪੈਂਦੀ'। ਇਸ ਅਰਦਾਸ ਸਮਾਗਮ 'ਚ ਓਕ ਕ੍ਰੀਕ ਦੇ ਸੇਵਾ-ਮੁਕਤ ਪੁਲਿਸ ਅਧਿਕਾਰੀ ਬ੍ਰਾਈਨ ਮਰਫ਼ੀ ਵੀ ਸ਼ਾਮਿਲ ਹੋਏ,

(ਬਾਕੀ ਸਫਾ 3 ਤੇ)

## ਕਰਜ਼ੇ ਦਾ ਭਾਰ ਘਟਾਉਣ ਲਈ ਪ੍ਰਵਾਸੀ ਪੰਜਾਬੀਆਂ ਨੂੰ ਅਪੀਲਾਂ

**ਚੰਡੀਗੜ੍ਹ (ਬਿਊਰੋ)**– ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਦਾਅਵਾ ਕੀਤਾ ਹੈ ਕਿ ਪਰਵਾਸੀ ਪੰਜਾਬੀਆਂ ਨੂੰ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਵਿੱਚ ਹੱਥ ਵਟਾਉਣ ਦੀ ਅਪੀਲ ਨੂੰ ਬੂਰ ਪੈਣ ਲੱਗਾ ਹੈ। ਵਿਦੇਸ਼ਾਂ 'ਚ ਵਸੇ ਅੱਧੀ ਦਰਜਨ ਤੋਂ ਵੱਧ ਪੰਜਾਬੀਆਂ ਨੇ ਕਿਸਾਨ-ਮਜ਼ਦੂਰਾਂ ਦੇ ਕਰਜ਼ੇ ਦੇ ਭਾਰ ਦੀ ਪੰਡ ਹੌਲੀ ਕਰਨ ਲਈ ਲੱਖਾਂ ਰੁਪਏ ਦੀ ਮਦਦ ਭੇਜੀ ਹੈ। 'ਆਪ' ਦੇ ਵਫ਼ਦ ਵੱਲੋਂ ਰਾਜਪਾਲ ਵੀ. ਪੀ. ਸਿੰਘ ਬਦਨੌਰ ਨੂੰ ਮਿਲ ਕੇ ਕਿਸਾਨ ਖ਼ੁਦਕਸ਼ੀਆਂ ਬਾਰੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣ ਸਬੰਧੀ ਮੰਗ ਪੱਤਰ ਦੇਣ ਤੋਂ ਬਾਅਦ ਉਹ ਮੀਡੀਆ ਨਾਲ ਗੱਲ ਕਰ ਰਹੇ ਸਨ। ਵਫ਼ਦ ਨੇ ਮੰਗ ਪੱਤਰ ਵਿੱਚ ਕਿਹਾ ਹੈ ਕਿ ਕਿਸਾਨ ਖ਼ੁਦਕਸ਼ੀਆਂ ਦੇ ਮਸਲੇ ਦਾ ਹੱਲ ਕੱਢਣ ਲਈ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ। ਇਸ ਮੌਕੇ ਸਿਰਫ਼ ਕਿਸਾਨਾਂ-ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਤੋਂ ਉਨ੍ਹਾਂ ਨੂੰ ਮੁਕਤ ਕਰਨ ਲਈ ਰਸਤਾ ਲੱਭਿਆ ਜਾਵੇ। ਮੰਗ ਪੱਤਰ ਵਿੱਚ ਕਿਸਾਨਾਂ-ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ ਲਈ ਕਈ ਸੁਝਾਅ ਵੀ ਦਿੱਤੇ ਗਏ ਹਨ। ਸ੍ਰੀ ਖਹਿਰਾ ਨੇ ਦੱਸਿਆ ਕਿ 'ਆਪ' ਦੀ ਅਪੀਲ 'ਤੇ ਪਰਵਾਸੀ ਪੰਜਾਬੀਆਂ ਨੇ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਦੀ ਪੰਡ ਹਲਕੀ ਕਰਨ ਲਈ ਵਿਦੇਸ਼ਾਂ ਤੋਂ ਵਿੱਤੀ ਮਦਦ ਭੇਜਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਆਸਟਰੇਲੀਆ ਰਹਿ ਰਹੇ ਭੋਗਪੁਰ ਨੇੜਲੇ ਪਿੰਡ ਚਰੜ ਦੇ ਰਛਪਾਲ ਸਿੰਘ ਨੇ ਖ਼ੁਦਕੁਸ਼ੀ ਕਰ ਚੁੱਕੇ ਕਿਸਾਨ ਦਵਿੰਦਰ ਸਿੰਘ ਦਾ ਕਰਜ਼ਾ ਉਤਾਰਨ ਲਈ ਦੋ ਲੱਖ ਰੁਪਏ ਭੇਜੇ ਹਨ। ਇਟਲੀ ਤੋਂ ਲਾਡੀ ਅਤੇ ਜੀਤ ਕੁਲਾਰ

(ਬਾਕੀ ਸਫਾ 3 'ਤੇ)



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜਾ
WE OPEN 7-DAYS A WEEK
MANDEEP SANDHU
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


ELITE REALTY SERVICES
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax: 916-917-5773
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
ELITE REALTY SERVICES
7412 Elsie Avenue Sacramento, CA 95828
Cell : 916-770-9334
Jasvinder.sandhu@yahoo.com

Jasvinder Sandhu

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja

## SWEETS & CATERING

AUTHORIZED CATERER FOR
MAJOR 5-STAR HOTELS



### ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

### CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

### ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK **(510) 489-9100**
CELL **(510) 715-1619**

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



# INDIA MARKET

INDIA MARKET

## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

## Super Eyebrow Threading Now Open

Eyebrow Threading
& Henna Tattoo

7 times,
Get 8th one free!



### Inside India Market

**SACRAMENTO**
5203 EKLHORN BLVD
SACRAMENTO CA 95842
916- 338-5511

WALK INS WELCOME

**ROSEVILLE**
1265 PLEASANT GROVE BLVD.
# 100 ROSEVILLE, CA 95747
916- 786-7666

Cell :
916-338-5511
Email:
IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## Kash FABRICS



### ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
**Specializing in:**
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA BAZAAR


Jai Ram Gaught
Harjit Gaught (Happy)

## INDIAN, PAKISTANI & FIJJIAN GROCERIES

WE ARE OPEN
**7 DAYS A WEEK**
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO **HAPPY**
Cell: (209)-487-2127
Ph: (209) 478-0285
Fax: (209) 477-3206

WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ 11 ਤੋਂ 13 ਤੱਕ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 11, 12, 13 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਈ ਜਾ ਰਹੇ ਹਨ, ਜਿਹਨਾਂ ਦੀ ਸੇਵਾ ਗੁਰੂ ਘਰ ਪਿਆਰੇ ਸੇਵਕ ਸ. ਬਖਸ਼ੀਸ਼ ਸਿੰਘ ਜੀ ਦੇ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ, ਜਿਸ ਵਿਚ 11 ਅਗਸਤ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਕਰਵਾਏ ਜਾਣਗੇ, ਜਿਹਨਾਂ ਦੇ ਭੋਗ 13 ਅਗਸਤ ਦਿਨ ਐਤਵਾਰ ਨੂੰ ਪਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਹਰ ਜੱਸ ਦੁ-ਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।



**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਹਿਲਾ ਪ੍ਰਕਾਸ਼ ਦਿਹਾੜਾ ਬੜੀ ਧੂੰਮਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ ਗੁਰੂ ਜੀ ਦੇ ਨਵੇਂ ਬਣੇ ਸ੍ਰੀ ਸਚਖੰਡ ਸਾਹਿਬ ਵਿਚ ਮਿਤੀ 20 ਅਗਸਤ ਦਿਨ ਸ਼ੁੱਕਰਵਾਰ ਨੂੰ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ। ਜਿਹਨਾਂ ਦੇ ਭੋਗ 22 ਅਗਸਤ ਦਿਨ ਮੰਗਲਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਪੰਥ ਪ੍ਰਸਿੱਧ ਕੀਰਤਨੀਏ, ਕਥਾ ਵਾਚਕ, ਰਾਗੀ, ਢਾਡੀ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ ਇਹਨਾਂ ਸਮਾਗਮਾਂ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

# ਅਸਿੱਧੇ ਰੂਪ ਵਿਚ ਭਾਰਤ ਨੂੰ ਧਮਕੀਆਂ ਦੇ ਰਿਹਾ ਹੈ ਚੀਨ

**ਬੀਜਿੰਗ–** ਡੋਕਲਾਮ ਮਾਮਲੇ 'ਤੇ ਭਾਰਤ ਤੇ ਚੀਨ ਵਿਚਾਲੇ ਚੱਲ ਰਹੇ ਤਣਾਅ ਦਰਮਿਆਨ ਚੀਨ ਦੇ ਸਰਕਾਰੀ ਅਖ਼ਬਾਰ ਗਲੋਬਲ ਟਾਈਮਜ਼ ਨੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੂੰ ਚੀਨ ਦੀਆਂ ਧਮਕੀਆਂ ਨੂੰ ਨਜ਼ਰਅੰਦਾਜ ਨਾ ਕਰਨ ਦੀ ਚਿਤਾਵਨੀ ਦਿੱਤੀ ਹੈ। ਗਲੋਬਲ ਟਾਈਮਜ਼ ਜਿਸ ਨੇ ਪਿਛਲੇ ਦੋ ਮਹੀਨਿਆਂ 'ਚ ਭਾਰਤ ਦੇਂ ਖ਼ਿਲਾਫ਼ ਕਈ ਉਕਸਾਉਣ ਵਾਲੇ ਲੇਖ ਛਾਪੇ ਹਨ, ਵੱਲੋਂ ਆਪਣੇ ਸੰਪਾਦਕੀ 'ਚ ਡੋਕਲਾਮ ਮਾਮਲੇ 'ਤੇ ਭਾਰਤ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ, ਜੇਕਰ ਭਾਰਤ ਲਗਾਤਾਰ ਚੀਨ ਦੀਆਂ ਧਮਕੀਆਂ ਨੂੰ ਨਜ਼ਰਅੰਦਾਜ਼ ਕਰਦਾ ਰਿਹਾ ਤਾਂ ਯਕੀਨੀ ਯੁੱਧ ਹੋ ਕੇ ਰਹੇਗਾ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਅੱਜ ਵੀ 1962 ਦੀ ਜਵਾਹਰ ਲਾਲ ਨਹਿਰੂ ਸਰਕਾਰ ਦੀ ਤਰ੍ਹਾਂ ਅਨੁਭਵਹੀਣ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਨਹਿਰੂ ਸਰਕਾਰ ਨੂੰ ਵੀ ਇਹ ਹੀ ਲੱਗਾ ਸੀ ਕਿ ਚੀਨ, ਭਾਰਤ 'ਤੇ ਹਮਲਾ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ, '55 ਸਾਲ ਹੋ ਗਏ, ਪਰ ਭਾਰਤ ਸਰਕਾਰ ਅਜੇ ਵੀ ਅਨੁਭਵਹੀਣ ਹੈ, ਜਿਸ ਤਰ੍ਹਾਂ ਪਹਿਲਾਂ ਸੀ ਅਤੇ ਉਨ੍ਹਾਂ ਨੇ 55 ਸਾਲ ਬਾਅਦ ਵੀ ਸਬਕ ਨਹੀਂ ਸਿੱਖਿਆ। ਉਨ੍ਹਾਂ ਕਿਹਾ ਕਿ ਭਾਰਤ ਖੁਦ ਨੂੰ ਹਾਲਾਤ ਨਾਲ ਨਜਿੱਠਣ ਦੇ ਲਈ ਤਿਆਰ ਨਹੀਂ ਕਰ ਰਿਹਾ ਬਲਕਿ ਆਪਣੇ ਦੇਸ਼ ਦੀ ਜਨਤਾ ਨੂੰ ਸਭ ਕੁਝ ਠੀਕ ਹੋਣ ਦਾ ਦਿਲਾਸਾ ਦੇ ਰਿਹਾ ਹੈ।

ਚੀਨ ਦੀ ਇਕ ਸੀਨੀਅਰ ਅਧਿਕਾਰੀ ਨੇ ਇਕ ਹੈਰਾਨਕੁੰਨ ਪਰ ਅਸਥਿਰ ਦਾਅਵਾ ਕਰਦਿਆਂ ਕਿਹਾ ਕਿ ਭੂਟਾਨ ਨੇ ਇਹ ਮੰਨਿਆ ਹੈ ਕਿ ਡੋਕਲਾਮ ਇਲਾਕੇ ਨਾਲ ਸਾਡਾ ਸਬੰਧ ਨਹੀਂ ਹੈ।

ਸਰਹੱਦੀ ਮੁੱਦੇ 'ਤੇ ਚੀਨ ਦੀ ਉੱਚ ਕੂਟਨੀਤਕ ਵਾਂਗ ਵੇਨਲੀ ਨੇ ਚੀਨੀ ਦੌਰੇ 'ਤੇ ਗਏ ਭਾਰਤੀ ਮੀਡੀਆ ਦੇ ਵਫ਼ਦ ਨੂੰ ਦੱਸਿਆ ਕਿ ਭੂਟਾਨ ਨੇ ਕੂਟਨੀਤਕ ਚੈਨਲਾਂ ਦੇ ਜ਼ਰੀਏ ਬੀਜਿੰਗ ਨੂੰ ਇਹ ਜਾਣਕਾਰੀ ਮੁਹੱਈਆ ਕਰਵਾਈ ਹੈ ਕਿ ਡੋਕਲਾਮ ਸਾਡੇ ਇਲਾਕੇ 'ਚ ਨਹੀਂ ਹੈ। ਹਾਲਾਂਕਿ ਇਸ ਦਾਅਵੇ ਦੇ ਲਈ ਉਸ ਨੇ ਕੋਈ ਸਬੂਤ ਨਹੀਂ ਮੁਹੱਈਆ ਕਰਵਾਇਆ, ਜੋ ਭੂਟਾਨ ਵੱਲੋਂ ਦੱਸੀ ਗਈ ਸਥਿਤੀ ਅਤੇ ਕਾਰਵਾਈਆਂ ਤੋਂ ਪੂਰੀ ਤਰ੍ਹਾਂ ਨਾਲ ਵੱਖ ਹੈ। ਦੱਸਣਯੋਗ ਹੈ ਕਿ ਭੂਟਾਨ ਨੇ ਇਹ ਕਹਿੰਦਿਆਂ ਹੋਇਆ ਚੀਨੀ ਸਰਕਾਰ ਦਾ ਵਿਰੋਧ ਕੀਤਾ ਸੀ ਕਿ ਉਹ ਡੋਕਲਾਮ 'ਚ ਸੜਕ ਦਾ ਨਿਰਮਾਣ ਕਰ ਕੇ ਦੁਵੱਲੇ ਸਮਝੌਤੇ ਦੀ ਉਲੰਘਣਾ ਕਰ ਰਹੇ ਹਨ।

**ਸੈਨਾਵਾਂ ਦੇ ਮੁਕਾਬਲੇ 'ਚ ਭਾਰਤੀ ਟੈਂਕਾਂ ਅੱਗੇ ਢੇਰ ਹੋਏ ਚੀਨੀ ਟੈਂਕ**

ਰੂਸ 'ਚ ਜਾਰੀ ਵੱਖ-ਵੱਖ ਸੈਨਾਵਾਂ ਦੀ ਪ੍ਰਤੀਯੋਗਤਾ 'ਚ ਚੀਨੀ ਟੈਂਕ ਭਾਰਤ ਦੇ ਟੈਂਕਾਂ ਸਾਹਮਣੇ ਢੇਰ ਹੋ ਗਏ। ਰੂਸ 'ਚ ਇਸ ਪ੍ਰਤੀਯੋਗਤਾ 'ਚ ਭਾਰਤ ਸਮੇਤ ਕਈ ਦੇਸ਼ਾਂ ਦੇ ਟੈਂਕਾਂ ਨੇ ਹਿੱਸਾ ਲਿਆ। ਭਾਰਤੀ ਸੈਨਾ ਇਸ ਪ੍ਰਤੀਯੋਗਤਾ ਦੇ ਦੂਸਰੇ ਦੌਰ 'ਚ ਪਹੁੰਚ ਗਈ ਹੈ ਜਦਕਿ ਚੀਨ ਦੇ ਟੈਂਕਾਂ ਦੇ ਕਈ ਟੁਕੜੇ ਹੋ ਗਏ। ਪ੍ਰਤੀਯੋਗਤਾ ਦਾ ਪਹਿਲਾਂ ਦੌਰ ਖ਼ਤਮ ਹੋ ਗਿਆ ਹੈ। ਹੁਣ ਦੂਸਰੇ ਦੌਰ ਦੇ ਮੁਕਾਬਲੇ 'ਚ ਟੈਂਕਾਂ ਦੇ ਨਾਲ-ਨਾਲ ਹਥਿਆਰ ਵੀ ਚਲਾਏ ਜਾਣਗੇ। ਦੂਸਰੇ ਦੌਰ 'ਚ ਭਾਰਤ ਦਾ ਮੁਕਾਬਲਾ 10 ਅਗਸਤ ਨੂੰ ਹੋਵੇਗਾ' ਵਾਂਗ ਨੇ ਚੀਨੀ ਦੌਰੇ 'ਤੇ ਗਏ ਭਾਰਤੀ ਮੀਡੀਆ ਦੇ ਵਫ਼ਦ ਨੂੰ ਉਕਤ ਜਾਣਕਾਰੀ ਦਿੰਦਿਆਂ ਡੋਕਲਾਮ 'ਚ ਮੌਜੂਦਾ ਤਣਾਅ ਨੂੰ ਖ਼ਤਮ ਕਰਨ ਲਈ ਭਾਰਤੀ ਸੈਨਿਕਾਂ ਦੀ ਇਥੋਂ ਵਾਪਸੀ ਦੇ ਚੀਨ ਦੇ ਰੁਖ ਨੂੰ ਮੁੜ ਦੁਹਰਾਉਂਦਿਆਂ ਕਿਹਾ ਕਿ, 'ਇਸ ਸਮੇਂ ਭਾਰਤ ਨਾਲ ਗੱਲਬਾਤ ਸੰਭਵ ਨਹੀਂ ਹੈ।

ਸਾਡੇ ਦੇਸ਼ ਦੇ ਲੋਕ ਇਹ ਸੋਚਣਗੇ ਕਿ ਸਾਡੀ ਸਰਕਾਰ ਅਸਮਰੱਥ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਭਾਰਤੀ ਸੈਨਿਕ ਚੀਨੀ ਇਲਾਕੇ 'ਚੋਂ ਵਾਪਸ ਨਹੀਂ ਜਾਂਦੇ, ਤਦ ਤੱਕ ਦੋਵਾਂ ਦੇਸ਼ਾਂ ਵਿਚਾਲੇ ਠੋਸ ਗੱਲਬਾਤ ਨਹੀਂ ਹੋਵੇਗੀ'।

ਭਾਰਤ ਨੂੰ ਉਕਸਾਉਂਦਿਆਂ ਹੋਇਆ ਵਾਂਗ ਨੇ ਕਸ਼ਮੀਰ ਦਾ ਮੁੱਦਾ ਉਠਾਇਆ ਅਤੇ ਭਾਰਤ ਤੇ ਨਿਪਾਲ ਦਰਮਿਆਨ ਕਾਲਾਪਾਣੀ ਵਿਵਾਦ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਸਾਡਾ ਮੰਨਣਾ ਹੈ ਕਿ ਤ੍ਰਿਕੋਣੇ ਜੰਕਸ਼ਨ (ਟ੍ਰਾਂਈ-ਜੰਕਸ਼ਨ) ਦੀ ਇਕ ਬਹਾਨੇ ਵਜੋਂ ਵਰਤੋਂ ਕਰਨਾ ਭਾਰਤ ਦੇ ਯੋਗ ਨਹੀਂ ਹੈ।

# ਕਰਜਾ ਮੁਆਫੀ ਦੇ ਐਲਾਨ ਤੋਂ ਬਾਅਦ ਦਮ ਤੋੜਨ ਲੱਗੀਆਂ ਪੰਜਾਬ ਦੀਆਂ ਸਹਿਕਾਰੀ ਸਭਾਵਾਂ

**ਅਬੋਹਰ–** ਕਾਂਗਰਸ ਵੱਲੋਂ ਕਰਜ਼ਾ ਮੁਆਫ਼ੀ ਦਾ ਲਾਲੀ ਪਾਪ ਦੇ ਕੇ ਸੱਤਾ 'ਚ ਆਉਣ ਤੋਂ 6 ਮਹੀਨਿਆਂ ਬਾਅਦ ਵੀ ਸਰਕਾਰ ਦੇ ਕੁਝ ਸਮਝ ਨਹੀਂ ਆ ਰਿਹਾ ਕਿ ਉਹ ਕੀ ਕਰੇ। ਅਜਿਹੇ 'ਚ ਸੂਬੇ ਦੀ ਕਿਸਾਨੀ ਤੇ ਕਿਸਾਨੀ ਦੀ ਮਦਦਗਾਰ ਸਹਿਕਾਰੀ ਸਭਾਵਾਂ ਡਾਵਾਂਡੋਲ ਹੋਈਆਂ ਪਈਆਂ ਹਨ। ਸਰਕਾਰ ਨੇ ਬੇਸ਼ੱਕ ਇਕ ਵਾਰ ਸਿਰਫ਼ 2 ਲੱਖ ਪ੍ਰਤੀ ਏਕੜ ਕਰਜ਼ਾ ਮੁਆਫ਼ ਦੀ ਯੋਜਨਾ ਉਲੀਕ ਕੇ ਛੱਡ ਦਿੱਤੀ ਪਰ ਜਿੰਨਾ ਚਿਰ ਅਮਲੀ ਤੌਰ 'ਤੇ ਕਰਜ਼ਾ ਮੁਆਫ਼ ਨਹੀਂ ਹੁੰਦਾ ਉਨਾ ਚਿਰ ਕਿਸਾਨਾਂ ਦਾ ਦਿਲ ਨਹੀਂ ਟਿਕ ਰਿਹਾ ਹੈ। ਅਜਿਹੇ 'ਚ ਸੂਬੇ ਦੀਆਂ ਕਰੀਬ 3570 ਸਹਿਕਾਰੀ ਸਭਾਵਾਂ ਦਮ ਤੋੜਨ ਕਿਨਾਰੇ ਪੁੱਜ ਗਈਆਂ ਹਨ। ਜੇਕਰ ਨਰਮੇ ਦੀ ਫ਼ਸਲ ਵੀ ਇਸ ਤਰ੍ਹਾਂ ਲੰਘ ਗਈ ਤਾਂ ਫਿਰ ਸਭਾਵਾਂ ਨੂੰ ਉੱਠਣਾ ਬੜਾ ਔਖਾ ਹੋ ਜਾਵੇਗਾ। ਜਾਣਕਾਰੀ ਅਨੁਸਾਰ ਪੰਜਾਬ 'ਚ ਸਹਿਕਾਰਤਾ ਵਿਭਾਗ ਦੀਆਂ 3570 ਸਹਿਕਾਰੀ ਸਭਾਵਾਂ ਚੱਲ ਰਹੀਆਂ ਹਨ ਤੇ ਇਨ੍ਹਾਂ ਸਭਾਵਾਂ ਨਾਲ ਕਰੀਬ 11 ਲੱਖ ਕਿਸਾਨ ਬਤੌਰ ਮੈਂਬਰ ਜੁੜੇ ਹੋਏ ਹਨ। ਕਿਸਾਨਾਂ ਦਾ ਸਾਰਾ ਹਿਸਾਬ ਕਿਤਾਬ ਲਗਭਗ ਇਨ੍ਹਾਂ ਸਭਾਵਾਂ (ਸੁਸਾਇਟੀਆਂ) ਨਾਲ ਹੀ ਹੁੰਦਾ ਹੈ। ਸਹਿਕਾਰੀ ਸਭਾਵਾਂ ਦਾ ਕਿਸਾਨਾਂ ਸਿਰ ਕਰੀਬ 9 ਹਜ਼ਾਰ ਕਰੋੜ ਦਾ ਫ਼ਸਲੀ ਕਰਜ਼ਾ ਹੈ ਤੇ 1200 ਕਰੋੜ ਹੋਰ ਕਰਜ਼ਾ ਹੈ।

ਜਦੋਂ ਚੋਣਾਂ ਦਾ ਬਿਗਲ ਵੱਜਿਆ ਤੇ ਕਰਜ਼ਾ ਮੁਆਫ਼ੀ ਦੇ ਐਲਾਨ ਹੋਏ ਤਾਂ ਉਦੋਂ ਤੋਂ ਹੀ ਕਿਸਾਨ ਕਰਜ਼ਾ ਮੁਆਫ਼ੀ ਉਡੀਕਣ ਲੱਗ ਗਏ ਤੇ ਸੁਸਾਇਟੀਆਂ ਭਰਨੋਂ ਹਟ ਗਏ। ਪਿਛਲੇ ਕਰੀਬ 8 ਮਹੀਨਿਆਂ ਤੋਂ ਕਿਸਾਨਾਂ ਦਾ ਸਹਿਕਾਰੀ ਸਭਾਵਾਂ ਨਾਲੋਂ ਸੰਪਰਕ ਟੁੱਟਿਆ ਪਿਆ ਹੈ। ਅਜਿਹੇ 'ਚ ਉਨ੍ਹਾਂ ਸਹਿਕਾਰੀ ਸਭਾਵਾਂ ਦੀ ਵਸੂਲੀ ਵੀ ਜ਼ੀਰੋ ਹੋ ਗਈ ਜਿੱਥੇ 100 ਫ਼ੀਸਦੀ ਵਸੂਲੀ ਹੁੰਦੀ ਰਹੀ ਹੈ। ਹਾਲੇ ਵੀ ਕਿਸਾਨ ਇਹ ਹੀ ਉਡੀਕ ਰਹੇ ਹਨ ਕਿ ਕਦੋਂ ਕਰਜ਼ਾ ਮੁਆਫ਼ ਹੋਵੇਗਾ। ਸਹਿਕਾਰੀ ਸਭਾਵਾਂ ਨੇ ਜੇਕਰ ਦਮ ਤੋੜ ਦਿੱਤਾ ਤਾਂ ਫਿਰ ਕਿਸਾਨੀ ਦੇ ਰਾਹ ਬੜੇ ਔਖੇ ਹੋ ਜਾਣਗੇ। ਪਹਿਲਾਂ ਨੋਟਬੰਦੀ ਨੇ ਹੀ ਸੁਸਾਇਟੀਆਂ ਦਾ ਲੱਕ ਤੋੜ ਰੱਖਿਆ ਹੈ ਤੇ ਹੁਣ ਕਰਜ਼ਾ ਮੁਆਫ਼ੀ ਦਾ ਐਲਾਨ ਲੈ ਕੇ ਬੈਠ ਗਿਆ ਹੈ।

ਅਜਿਹੇ 'ਚ ਕਰੀਬ 9 ਹਜ਼ਾਰ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦਾ ਔਖਾ ਹੋਇਆ ਪਿਆ ਹੈ। 1 ਜੁਲਾਈ ਤੋਂ ਤਾਂ ਸੁਸਾਇਟੀਆਂ ਹੋਰ ਸੁੰਨੀਆਂ ਹੋ ਗਈਆਂ ਹਨ। ਇੱਥੇ ਜੀ.ਐਸ.ਟੀ. ਲੱਗਣ ਕਾਰਨ ਸਭਾਵਾਂ 'ਚ ਖਾਦ, ਕੀਟਨਾਸ਼ਕ ਦਵਾਈਆਂ ਸਮੇਤ ਜ਼ਰੂਰੀ ਵਸਤਾਂ ਦੀ ਵਿਕਰੀ ਬੰਦ ਹੋ ਗਈ ਹੈ। ਕਿਉਂਕਿ ਹੁਣ ਤਾਂ ਇਹ ਵੀ ਜੀ.ਐਸ.ਟੀ. ਦੇ ਦਾਇਰੇ 'ਚ ਆ ਗਈਆਂ ਹਨ। ਇਸ ਤੋਂ ਪਹਿਲਾਂ ਜਿੱਥੇ ਕਿਸਾਨ 80 ਫ਼ੀਸਦੀ ਖਾਦ ਸੁਸਾਇਟੀਆਂ ਤੋਂ ਲੈਂਦੇ ਸਨ ਉਥੇ ਹੁਣ ਇਹ ਦਰ 20 ਫ਼ੀਸਦੀ ਰਹਿ ਗਈ ਸੀ। ਸਭਾਵਾਂ ਨਿਘਾਰ ਵੱਲ ਹੀ ਜਾ ਰਹੀਆਂ ਹਨ। ਕਿਉਂਕਿ ਕੈਪਟਨ ਕੰਵਲਜੀਤ ਸਿੰਘ ਦੇ ਬਾਅਦ ਤੋਂ ਇਹ ਵਿਭਾਗ ਮੁੱਖ ਮੰਤਰੀ ਕੋਲ ਹੀ ਚੱਲਿਆ ਆ ਰਿਹਾ ਹੈ।

## ਅਮਰੀਕਾ ਵਿਚ ਨਸਲੀ ਹਮਲਿਆਂ ਦਾ ਸਭ ਤੋਂ ਵੱਧ ਸ਼ਿਕਾਰ ਹੋ ਰਹੇ ਨੇ ਸਿੱਖ

**(ਸਫਾ 1 ਦੀ ਬਾਕੀ)** ਜਿਸ ਦੇ ਹਮਲੇ ਦੌਰਾਨ 15 ਗੋਲੀਆਂ ਲੱਗੀਆਂ ਸਨ। ਮਰਫ਼ੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜਦੋਂ ਕਿਸੇ ਤੋਂ ਜ਼ਿੰਦਗੀ ਖੋਹ ਲਈ ਜਾਂਦੀ ਹੈ ਤਾਂ ਤੁਸੀਂ ਉਸ ਨੂੰ ਵਾਪਸ ਨਹੀਂ ਲਿਆ ਸਕਦੇ। ਹਮਲੇ 'ਚ ਮਾਰੇ ਗਏ ਲੋਕਾਂ ਨੂੰ ਯਾਦ ਕਰਦਿਆਂ ਮਰਫ਼ੀ ਨੇ ਕਿਹਾ ਕਿ ਖੋਹ ਗਏ ਲੋਕਾਂ ਦੀ ਆਵਾਜ਼ ਅੱਜ ਵੀ ਇੱਥੇ ਹੈ। ਉਨ੍ਹਾਂ ਕਿਹਾ ਕਿ 5 ਅਗਸਤ, 2012 ਨੇ ਕਈ ਲੋਕਾਂ ਦੀ ਜ਼ਿੰਦਗੀ ਨੂੰ ਬਦਲ ਦਿੱਤਾ, ਪਰ ਸਾਨੂੰ ਉਨ੍ਹਾਂ ਲੋਕਾਂ ਨੂੰ ਯਾਦ ਰੱਖਣਾ ਚਾਹੀਦਾ ਹੈ, ਜੋ 4 ਅਗਸਤ ਜਾਂ ਇਸ ਤੋਂ ਪਹਿਲਾਂ ਕਈ ਵਾਰ ਇੱਥੇ ਸਨ। ਸਨਿਚਰਵਾਰ ਨੂੰ ਗੁਰਦੁਆਰਾ ਸਾਹਿਬ ਵੱਲੋਂ ਇਸ ਘਟਨਾ ਦੀ ਯਾਦ 'ਚ ਇਕ 6 ਮੀਲ ਲੰਬੀ ਦੌੜ ਕਰਵਾਈ ਗਈ।

## ਕਰਜ਼ੇ ਦਾ ਭਾਰ ਘਟਾਉਣ ਲਈ ਪ੍ਰਵਾਸੀ ਪੰਜਾਬੀਆਂ ਨੂੰ ਅਪੀਲਾਂ

ਨੇ ਇੱਕ-ਇੱਕ ਲੱਖ ਰੁਪਏ ਅਤੇ ਕਈ ਹੋਰਾਂ ਨੇ ਪੰਜਾਹ-ਪੰਜਾਹ ਹਜ਼ਾਰ ਰੁਪਏ ਦੀ ਮੱਦਦ ਭੇਜੀ ਹੈ। ਉਨ੍ਹਾਂ ਦੱਸਿਆ ਕਿ ਕਈ ਹੋਰ ਪਰਵਾਸੀਆਂ ਦੇ ਵੀ ਮਦਦ ਦੇਣ ਲਈ ਫੋਨ ਆ ਰਹੇ ਹਨ।

ਸ੍ਰੀ ਖਹਿਰਾ ਨੇ ਮੰਗ ਕੀਤੀ ਕਿ ਕਿਸਾਨਾਂ ਦੇ ਕਰਜ਼ੇ ਦਾ ਇੱਕ ਹਿੱਸਾ ਮੁਆਫ਼ ਕੀਤਾ ਜਾਵੇ ਜਾਂ ਇੱਕ ਸਾਲ ਲਈ ਉਗਰਾਹੀ ਮੁਲਤਵੀ ਕਰਨ ਅਤੇ ਵਿਆਜ ਮੁਆਫ਼ ਕਰਨ ਨਾਲ ਵੀ ਕਿਸਾਨਾਂ ਨੂੰ ਰਾਹਤ ਮਿਲ ਸਕਦੀ ਹੈ। ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਦੋ ਹਜ਼ਾਰ ਤੋਂ ਉਪਰ ਦੇ ਮੋਬਾਈਲ ਬਿੱਲਾਂ ਅਤੇ ਸ਼ਰਾਬ 'ਤੇ ਸੈੱਸ ਲਾ ਕੇ ਕਰਜ਼ੇ ਦੀ ਰਕਮ ਇਕੱਠੀ ਕਰਨ ਦਾ ਸੁਝਾਅ ਦਿੱਤਾ ਹੈ। ਮੰਗ ਪੱਤਰ ਦੀ ਕਾਪੀ ਮੁੱਖ ਮੰਤਰੀ ਨੂੰ ਵੀ ਭੇਜੀ ਗਈ ਹੈ।

# ਰਾਜ ਸਭਾ 'ਚ 500 ਅਤੇ 2000 ਦੇ ਦੋ ਤਰ੍ਹਾਂ ਦੇ ਨੋਟਾਂ 'ਤੇ ਹੰਗਾਮਾ

**ਨਵੀਂ ਦਿੱਲੀ–** ਵਿਰੋਧੀ ਧਿਰ ਨੇ 500 ਅਤੇ 2000 ਰੁਪਏ ਦੇ ਨਵੇਂ ਬੈਂਕ ਨੋਟਾਂ ਦੀ ਛਪਾਈ ਨੂੰ ਲੈ ਕੇ ਜ਼ਬਰਦਸਤ ਹੰਗਾਮਾ ਕੀਤਾ। ਕਾਂਗਰਸ ਨੇ 500 ਰੁਪਏ ਦੇ ਦੋ ਨੋਟਾਂ ਦੀ ਫੋਟੋ ਕਾਪੀ ਦਿਖਾਉਂਦਿਆਂ ਦੋ ਵੱਖ-ਵੱਖ ਸਾਈਜ਼, ਫੀਚਰ ਅਤੇ ਡਿਜ਼ਾਈਨ ਹੋਣ ਦਾ ਦਾਅਵਾ ਕੀਤਾ ਅਤੇ ਨਾਲ ਹੀ ਇਸ ਨੂੰ ਇਸ ਸਦੀ ਦਾ ਸਭ ਤੋਂ ਵੱਡਾ ਘੁਟਾਲਾ ਕਰਾਰ ਦਿੱਤਾ।

ਕਾਂਗਰਸ ਨੇਤਾ ਕਪਿਲ ਸਿੱਬਲ ਨੇ ਇਸ ਦੇ ਨਾਲ ਹੀ ਨੋਟਬੰਦੀ ਦੇ ਫੈਸਲੇ ਨੂੰ ਜੋੜਦਿਆਂ ਕਿਹਾ ਕਿ ਹੁਣ ਪਤਾ ਲੱਗਾ ਕਿ ਸਰਕਾਰ ਨੇ ਨੋਟਬੰਦੀ ਕਿਉਂ ਕੀਤੀ। ਸਿੱਬਲ ਨੇ ਇਲਜ਼ਾਮ ਲਾਉਂਦਿਆਂ ਕਿਹਾ ਕਿ ਜੋ ਨੋਟ ਭਾਜਪਾ ਕਾਰਜਕਰਤਾਵਾਂ ਕੋਲ ਚੋਣਾਂ ਦੌਰਾਨ ਆਏ, ਇਹ ਉਹ ਨੋਟ ਹਨ।

# ਸ਼੍ਰੋਮਣੀ ਕਮੇਟੀ ਨੇ ਮੁੱਖ ਸਕੱਤਰ ਦੇ ਅਹੁਦੇ ਨੂੰ ਖਤਮ ਕੀਤਾ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਸਥਾ ਵਿੱਚ ਸਥਾਪਤ ਕੀਤਾ ਮੁੱਖ ਸਕੱਤਰ ਦਾ ਨਵਾਂ ਅਹੁਦਾ ਖ਼ਤਮ ਕਰ ਦਿੱਤਾ ਹੈ ਅਤੇ ਮੁੱਖ ਸਕੱਤਰ ਦੀਆਂ ਜ਼ਿੰਮੇਵਾਰੀਆਂ ਤੇ ਤਾਕਤਾਂ ਸਕੱਤਰ ਡਾ. ਰੂਪ ਸਿੰਘ ਨੂੰ ਸੌਂਪ ਦਿੱਤੀਆਂ ਹਨ।

ਸੰਸਥਾ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਕੱਤਰ ਡਾ. ਰੂਪ ਸਿੰਘ ਨੂੰ ਮੁੱਖ ਸਕੱਤਰ ਦੇ ਕੰਮ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਅਤੇ ਉਨ੍ਹਾਂ ਨੂੰ ਮੁੱਖ ਸਕੱਤਰ ਵਾਲੇ ਦਫਤਰ ਵਿੱਚ ਬਿਠਾਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਹੋਰ ਅਧਿਕਾਰੀਆਂ ਤੇ ਮੈਂਬਰਾਂ ਨੇ ਡਾ. ਰੂਪ ਸਿੰਘ ਨੂੰ ਮੁਬਾਰਕਬਾਦ ਵੀ ਦਿੱਤੀ। ਪ੍ਰੋ. ਬਡੂੰਗਰ ਵੱਲੋਂ ਇਹ ਜ਼ਿੰਮੇਵਾਰੀ ਉਨ੍ਹਾਂ ਦੀ ਵਿਦਵਤਾ ਤੇ ਕੰਮਕਾਰ ਦੇ ਤਜਰਬੇ ਨੂੰ ਮੁੱਖ ਰੱਖਦਿਆਂ ਸੌਂਪੀ ਗਈ ਹੈ।

ਡਾ. ਰੂਪ ਸਿੰਘ 1989 ਈਸਵੀ ਵਿਚ ਬਤੌਰ ਸੰਪਾਦਕ ਸ਼੍ਰੋਮਣੀ ਕਮੇਟੀ ਵਿੱਚ ਭਰਤੀ ਹੋਏ ਸਨ। ਉਨ੍ਹਾਂ ਲੰਮਾ ਸਮਾਂ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਵਜੋਂ ਕੰਮ ਕੀਤਾ। ਉਹ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਅਤੇ ਪ੍ਰਧਾਨ ਦੇ ਨਿੱਜੀ ਸਕੱਤਰ ਦੇ ਅਹੁਦੇ 'ਤੇ ਵੀ ਰਹੇ। ਲਗਭਗ 28 ਸਾਲ ਦੀ ਸੇਵਾ ਦੌਰਾਨ ਉਨ੍ਹਾਂ ਸ਼੍ਰੋਮਣੀ ਕਮੇਟੀ ਵਿਚ ਵੱਖ-ਵੱਖ ਜ਼ਿੰਮੇਵਾਰ ਅਹੁਦਿਆਂ 'ਤੇ ਸੇਵਾ ਕੀਤੀ ਹੈ। ਉਨ੍ਹਾਂ ਦੀਆਂ 17 ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਮੁੱਖ ਸਕੱਤਰ ਹਰਚਰਨ ਸਿੰਘ ਦੀ ਨਿਯੁਕਤੀ ਤੋਂ ਪਹਿਲਾਂ ਵੀ ਡਾ. ਰੂਪ ਸਿੰਘ ਹੀ ਸ਼੍ਰੋਮਣੀ ਕਮੇਟੀ ਦਾ ਸਮੁੱਚਾ ਕੰਮਕਾਜ ਸੰਭਾਲ ਰਹੇ ਸਨ। ਉਹ 30 ਦਸੰਬਰ 2012 ਨੂੰ ਸਕੱਤਰ ਬਣੇ ਸਨ। ਮੁੱਖ ਸਕੱਤਰ ਦੀ ਨਿਯੁਕਤੀ ਮਗਰੋਂ ਉਨ੍ਹਾਂ ਦੀਆਂ ਕੁਝ ਤਾਕਤਾਂ ਵਾਪਸ ਲੈ ਲਈਆਂ ਗਈਆਂ ਸਨ, ਜਿਨ੍ਹਾਂ ਨੂੰ ਹੁਣ ਬਹਾਲ ਕੀਤਾ ਗਿਆ ਹੈ।

ਇਸ ਮੌਕੇ ਡਾ. ਰੂਪ ਸਿੰਘ ਨੇ ਕਿਹਾ ਕਿ ਉਹ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਇਹ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ।

ਇਥੇ ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ 28 ਜੁਲਾਈ ਨੂੰ ਅਸਤੀਫ਼ਾ ਦੇ ਦਿੱਤਾ ਸੀ ਅਤੇ 31 ਜੁਲਾਈ ਨੂੰ ਉਨ੍ਹਾਂ ਨੇ ਸੰਸਥਾ ਨੂੰ ਅਲਵਿਦਾ ਆਖਿਆ ਸੀ। ਉਨ੍ਹਾਂ ਦੀ ਨਿਯੁਕਤੀ ਅਗਸਤ 2015 ਵਿੱਚ ਕੀਤੀ ਗਈ ਸੀ। ਮੁੱਖ ਸਕੱਤਰ ਦਾ ਇਹ ਅਹੁਦਾ 2003 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਹੁਣ 2015 ਵਿੱਚ ਇਸ ਅਹੁਦੇ 'ਤੇ ਮੁੜ ਨਿਯੁਕਤੀ ਕੀਤੀ ਗਈ ਸੀ। ਮੁੱਖ ਸਕੱਤਰ ਦੀ ਤਨਖਾਹ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਨਿਰਧਾਰਤ ਕੀਤੀ ਸੀ, ਜਿਸ 'ਤੇ ਸਿੱਖ ਸੰਸਥਾਵਾਂ ਨੇ ਇਤਰਾਜ਼ ਪ੍ਰਗਟਾਇਆ ਸੀ। ਇਸ ਅਹੁਦੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਹੁਣ ਵੀ ਉਚ ਅਦਾਲਤ ਵਿੱਚ ਵਿਚਾਰ ਅਧੀਨ ਹੈ।

# ਹੁਸ਼ਿਆਰਪੁਰ 'ਚ ਭੰਗੀ ਚੋਅ ਵਿਚ ਨਹਾਉਣ ਗਏ 3 ਬੱਚੇ ਡੁੱਬੇ

**ਹੁਸ਼ਿਆਰਪੁਰ–** ਸਥਾਨਕ ਭੰਗੀ ਚੋਅ 'ਚ ਚੱਲ ਰਹੇ ਬਰਸਾਤੀ ਪਾਣੀ 'ਚ ਨਹਾਉਣ ਗਏ 2 ਸਕੇ ਭਰਾਵਾਂ ਸਮੇਤ 3 ਬੱਚਿਆਂ ਦੀ ਡੁੱਬ ਜਾਣ ਕਾਰਨ ਮੌਤ ਹੋ ਗਈ। ਜਿਨ੍ਹਾਂ ਦੀਆਂ ਲਾਸ਼ਾਂ ਭਾਰੀ ਮੁਸ਼ੱਕਤ ਤੋਂ ਬਾਅਦ ਬਰਾਮਦ ਕਰ ਲਈਆਂ ਗਈਆਂ। ਜਾਣਕਾਰੀ ਅਨੁਸਾਰ ਅੱਜ ਬਾਅਦ ਦੁਪਹਿਰ ਕਰੀਬ 3 ਵਜੇ ਮੁਹੱਲਾ ਸੁਖੀਆਬਾਦ 'ਚ ਰਹਿ ਰਹੇ ਪ੍ਰਵਾਸੀ ਮਜ਼ਦੂਰਾਂ ਦੇ 6 ਬੱਚੇ, ਜਿਨ੍ਹਾਂ ਦੀ ਉਮਰ ਕਰੀਬ 6 ਤੋਂ 10 ਸਾਲ ਦੱਸੀ ਜਾ ਰਹੀ ਹੈ। ਸਥਾਨਕ ਭੰਗੀ ਚੋਅ 'ਚ ਨਹਾਉਣ ਗਏ। ਇਸੇ ਦੌਰਾਨ ਪਹਿਲਾਂ 4 ਬੱਚਿਆਂ ਨੇ ਨਹਾਉਣ ਲਈ ਪਾਣੀ 'ਚ ਛਾਲਾਂ ਮਾਰ ਦਿੱਤੀਆਂ। ਪਾਣੀ ਡੂੰਘਾ ਹੋਣ ਕਾਰਨ 3 ਬੱਚੇ ਪਾਣੀ 'ਚ ਡੁੱਬ ਗਏ, ਜਦਕਿ ਚੌਥੇ ਬੱਚੇ ਨੂੰ ਬਾਹਰ ਖੜ੍ਹੇ ਬੱਚਿਆਂ ਨੇ ਕਿਸੇ ਤਰ੍ਹਾਂ ਖਿੱਚ ਕੇ ਬਾਹਰ ਕੱਢ ਲਿਆ। ਇਸ ਤੋਂ ਬਾਅਦ ਘਟਨਾ ਸਥਾਨ ਤੋਂ 2 ਬੱਚੇ ਭੱਜ ਗਏ ਅਤੇ ਤੀਸਰਾ ਬੱਚਾ ਉੱਥੇ ਹੀ ਖੜ੍ਹਾ ਉੱਚੀ-ਉੱਚੀ ਰੋਣ ਲੱਗਾ, ਜਿਸ ਦੀ ਆਵਾਜ਼ ਮਹੰਤ ਮੋਹਣ ਦਾਸ ਨੇ ਸੁਣੀ, ਤਾਂ ਉਨ੍ਹਾਂ ਇਸ ਸਬੰਧੀ ਪ੍ਰਸ਼ਾਸਨ ਨੂੰ ਸੂਚਿਤ ਕੀਤਾ। ਘਟਨਾ ਦਾ ਪਤਾ ਲੱਗਦਿਆਂ ਹੀ ਡਿਪਟੀ ਕਮਿਸ਼ਨਰ ਵਿਪੁਲ ਉਜਵਲ, ਐੱਸ.ਡੀ.ਐਮ. ਜਿਤੇਂਦਰ ਜੋਰਵਰ, ਤਹਿਸੀਲਦਾਰ ਅਰਵਿੰਦ ਵਰਮਾ, ਡੀ.ਐੱਸ.ਪੀ. ਸਿਟੀ ਸੁਖਵਿੰਦਰ ਸਿੰਘ, ਐੱਸ.ਐੱਚ.ਓ. ਥਾਣਾ ਸਦਰ ਰਾਕੇਸ਼ ਕੁਮਾਰ ਅਰੋੜਾ, ਫਾਇਰ ਬ੍ਰਿਗੇਡ ਅਤੇ ਗੋਤਾਖੋਰਾਂ ਨੇ ਮੌਕੇ 'ਤੇ ਪਹੁੰਚ ਕੇ ਪਹਿਲਾਂ 2 ਬੱਚਿਆਂ ਦੀਆਂ ਲਾਸ਼ਾਂ ਨੂੰ ਬਾਹਰ ਕੱਢਿਆ ਅਤੇ ਦੇਰ ਸ਼ਾਮ ਭਾਰੀ ਮੁਸ਼ੱਕਤ ਤੋਂ ਬਾਅਦ ਤੀਜੇ ਬੱਚੇ ਦੀ ਲਾਸ਼ ਮਿਲ ਸਕੀ। ਪਾਣੀ 'ਚ ਡੁੱਬ ਕੇ ਮਰਨ ਵਾਲੇ ਬੱਚਿਆਂ ਦੀ ਪਹਿਚਾਣ ਵਿਕਾਸ (10) ਪੁੱਤਰ ਸੋਮ ਨਾਥ, ਦਿਲਖੁਸ਼ (9) ਪੁੱਤਰ ਰਾਜੂ ਅਤੇ ਬੱਬੀ (6) ਪੁੱਤਰ ਸੋਮ ਨਾਥ ਵਜੋਂ ਹੋਈ। ਘਟਨਾ ਦੀ ਸੂਚਨਾ ਮਿਲਣ 'ਤੇ ਵਿਧਾਇਕ ਸੁੰਦਰ ਸ਼ਾਮ ਅਰੋੜਾ, ਮੇਅਰ ਸ਼ਿਵ ਸੂਦ, ਸੰਜੀਵ ਤਲਵਾੜ, ਕਾਸਲਰ ਅਵਤਾਰ ਸਿੰਘ ਕਪੂਰ ਅਤੇ ਹੋਰ ਸ਼ਹਿਰ ਦੇ ਪਤਵੰਤੇ ਮੌਕੇ 'ਤੇ ਪਹੁੰਚ ਗਏ ਅਤੇ ਰਾਹਤ ਤੇ ਬਚਾਓ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਵਿਪੁਲ ਉਜਵਲ ਨੇ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਰਸਾਤ ਦੇ ਦਿਨਾਂ 'ਚ ਬੱਚਿਆਂ ਨੂੰ ਨਹਾਉਣ ਲਈ ਚੋਆਂ ਅਤੇ ਹੋਰ ਬਰਸਾਤੀ ਨਾਲਿਆਂ 'ਚ ਨਾ ਭੇਜਣ।

# ਨਵਾਜ਼ ਸ਼ਰੀਫ ਦੀਆਂ ਮੁਸ਼ਕਿਲਾਂ ਹੋਰ ਵਧੀਆਂ

ਇਸਲਾਮਾਬਾਦ- ਪਾਕਿਸਤਾਨ ਵਿੱਚ ਸੁਪਰੀਮ ਕੋਰਟ ਵੱਲੋਂ ਅਹੁਦੇ ਤੋਂ ਲਾਹੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀਆਂ ਮੁਸ਼ਕਿਲਾਂ ਨਹੀਂ ਘੱਟ ਰਹੀਆਂ, ਅੱਜ ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਨੂੰ ਨੋਟਿਸ ਜਾਰੀ ਕਰਕੇ ਕਿਹਾ ਹੈ ਕਿ ਪਾਰਟੀ ਪ੍ਰਧਾਨ ਨਵਾਜ਼ ਸ਼ਰੀਫ ਦੀ ਥਾਂ ਕਿਸੇ ਹੋਰ ਨੇਤਾ ਨੂੰ ਪਾਰਟੀ ਦਾ ਆਗੂ ਬਣਾਇਆ ਜਾਵੇ। ਇਸ ਦੇ ਨਾਲ ਹੀ ਨਵਾਜ਼ ਸ਼ਰੀਫ ਨੂੰ ਅਯੋਗ ਕਰਾਰ ਦਿੱਤੇ ਜਾਣ ਬਾਅਦ ਸੰਸਦ ਵਿੱਚ ਖਾਲੀ ਹੋਈ ਸੀਟ ਲਈ ਪਾਰਟੀ ਨਵਾਜ਼ ਸ਼ਰੀਫ ਦੀ ਪਤਨੀ ਕੁਲਸੂਮ ਜਾਂ ਉਸਦੀ ਧੀ ਮਰੀਅਮ ਨੂੰ ਚੋਣ ਲੜਾ ਸਕਦੀ ਹੈ।

ਇਹ ਜ਼ਿਕਰਯੋਗ ਹੈ ਕਿ 28 ਜੁਲਾਈ ਨੂੰ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਆਮਦਨ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ੀ ਕਰਾਰ ਦਿੰਦਿਆਂ ਅਯੋਗ ਕਰਾਰ ਦੇ ਕੇ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਲਾਹ ਦਿੱਤਾ ਸੀ। ਇਸ ਤੋਂ ਬਾਅਦ ਸੰਸਦ ਵਿੱਚ ਉਨ੍ਹਾਂ ਦੀ ਖਾਲੀ ਹੋਈ ਸੀਟ ਲਈ ਪਾਰਾਟੀ ਉਨ੍ਹਾਂ ਦੀ ਪਤਨੀ ਕੁਲਸੂਮ ਜਾਂ ਉਨ੍ਹਾਂ ਦੀ ਧੀ ਮਰੀਅਮ ਨੂੰ ਉਮੀਦਵਾਰ ਬਣਾ ਸਕਦੀ ਹੈ। ਇਸ ਤੋਂ ਪਹਿਲਾ ਪਾਰਟੀ ਨੇ ਨਵਾਜ਼ ਸ਼ਰੀਫ ਦੇ ਛੋਟੇ ਭਾਈ ਸ਼ਾਹਬਾਜ਼ ਸ਼ਰੀਫ ਨੂੰ ਐਨਏ-120 ਲਾਹੌਰ ਹਲਕੇ ਤੋਂ ਚੋਣ ਲੜਾ ਕੇ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣ ਬਾਰੇ ਫੈਸਲਾ ਲਿਆ ਸੀ ਪਰ ਬਾਅਦ ਵਿੱਚ ਇਹ ਫੈਸਲਾ ਲਿਆ ਕਿ ਉਨ੍ਹਾਂ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਿਆ ਰਹਿਣ ਦਿੱਤਾ ਜਾਵੇ।

# ਫਰਿਜ਼ਨੋ ਸ਼ਹਿਰ ਵਿਖੇ ਤੀਆਂ ਦਾ ਤਿਉਹਾਰ ਬੜੀ ਸਾਨੋ-ਸ਼ੌਕਤ ਨਾਲ ਯਾਦਗਾਰੀ ਹੋ ਨਿਬੜੀਆਂ

## “ਤੀਆਂ ਨਾਲ ਕਾਰਨੀ ਪਾਰਕ ’ਚ ਚਮਕਿਆ ਪੰਜਾਬੀ ਰੰਗ”

**ਫਰਿਜ਼ਨੋ (ਕੁਲਵੰਤ ਊੱਭੀ ਧਾਲੀਆਂ / ਨੀਟਾ ਮਾਛੀਕੇ)–** ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ਼ ਨਹੀਂ। ਇੱਥੇ ਪਿਛਲੇ ਇੱਕੀ ਸਾਲਾ ਤੋਂ ਵਧੀਕ ਸਮਾਂ ਪਹਿਲਾ ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ ਅਤੇ ਸੁਖਮਿੰਦਰ ਮਾਨ ਨੇ ਸਮੂੰਹ ਪੰਜਾਬੀ ਔਰਤਾ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁਲੇ ’ਕਾਰਨੀ ਪਾਰਕ’ ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸੱਕ ਅੱਜ ਪਿੱਪਲਾ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿੰਨ੍ਹਾਂ ਵਿੱਚ ਮਰਦਾ ਨੂੰ ਆਉਣ ਦੀ ਹਮੇਸਾ ਹੀ ਮਨਾਹੀ ਹੁੰਦੀ ਹੈ।

ਅੱਜ ਬੇਸੱਕ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ ’ਤੇ ਸਿਰਫ ਨੁਮਾਇਸਨੁਮਾ ਹੀ ਰਹਿ ਗਏ ਹਨ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ ਤੀਆਂ ਉਸੇ ਤਰ੍ਹਾਂ ਖੁਲੀਆਂ ਗਰਾਉਂਡਾ ਵਿੱਚ ਪਰੰਪਰਾਗਤ ਤਰੀਕੇ ਲੱਗੀਆ। ਜਿੱਥੇ ਵੱਖ-ਵੱਖ ਸ਼ਹਿਰਾ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾ ਵਿੱਚ ਗੀਤ ਗਾ ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜ਼ਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲੀਆਂ। ਇਸ ਸਾਲ ਤੀਆਂ ਦੌਰਾਨ ਪੰਜਾਬੀ ਔਰਤਾਂ ਤੋਂ ਇਲਾਵਾ ਅਮਰੀਕਨ ਮੂਲ ਦੀਆਂ ਔਰਤਾਂ ਨੇ ਵੀ ਸਿਰਕਤ ਕੀਤੀ। ਇਨ੍ਹਾਂ ਤੀਆਂ ਦੌਰਾਨ ਸਮਾਪਤੀ ’ਤੇ ਪਾਈ ਗਈ ਬੱਲੋਂ ਵੀ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀ ਸੀ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾ ਦੀਆਂ ਰੰਗ-ਬਰੰਗੀਆਂ ਪੁਸ਼ਾਕਾ, ਲਹਿੰਗੇ ਅਤੇ ਘੱਘਰੇ ਪੰਜਾਬੀਅਤ ਦੇ ਮਹੌਲ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ। ਤੀਆਂ ਦੌਰਾਨ ਰੋਜਾਨਾ ਪ੍ਰਬੰਧਕਾ ਵੱਲੋਂ ਸਮਾਪਤੀ ’ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਮੇਂ ਜੀਤਿ ਗੱਲ ਮੋਗਾ ਵੀਡੀਉ ਵੱਲੋਂ ਫਰੀ ਫੋਟੋਆਿ ਖੱਚਣ ਲਈ ਬੂਥ ਵੀ ਲਾਇਆਿ ਗਆ ਸੀ। ਇਸ ਸਮੇਂ ਦੇ ਯਾਦਗਾਰੀ ਪਲਾਂ ਨੂੰ www.Mogavideo.com ਤੋਂ ਮੁੱਫਤ ਡਾਊਨਲੋਡ ਕੀਤਾ ਜਾ ਸਕਦਾ ਹੈ। ਇੱਥੇ ’ਇੰਡੀਅਨ ਅਵਨ’ ਰੈਸ਼ਟੋਰੈਂਟ ਵੱਲੋਂ ਵੰਨ ਸੰਵੰਨੇ ਖਾਣਿਆ ਦੇ ਸਟਾਲ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇੰਨ੍ਹਾਂ ਤੀਆਂ ਦਾ ਮਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਅਜੋਕੇ ਸਮੇਂ ਅੰਦਰ ਲੋੜ ਹੈ ਅਜਿਹੇ ਤਿਉਹਾਰਾ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ, ਜਿਸ ਨਾਲ ਆਉਣ ਵਾਲੀ ਨਵੀਂ ਪੀੜੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਦੇ ਹੋਏ ਜੀਵਤ ਰੱਖਿਆ ਜਾ ਸਕੇ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ, ਸੁਖਮਿੰਦਰ ਕੌਰ ਮਾਨ, ਸੁਖਜੀਵਨ ਕੌਰ ਜੌਹਲ ਅਤੇ ਸਮੂੰਹ ਸਹਿਯੋਗੀਆਂ ਨੂੰ ਜਾਦਾ ਹੈ।



## ਸ਼੍ਰੋਮਣੀ ਕਮੇਟੀ ਵੱਲੋਂ ਹੜਤਾਲ ਕਰਨ ਵਾਲੇ ਅਖੰਡ ਪਾਠੀ ਸਿੰਘਾਂ ਦੀਆਂ ਮੰਗਾਂ ਪ੍ਰਵਾਨ



**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵੱਲੋਂ ਅੰਤ੍ਰਿੰਗ ਮੈਂਬਰਾਂ ਤੇ ਸ਼੍ਰੋਮਣੀ ਕਮੇਟੀ ਦੇ ਉਚ ਅਧਿਕਾਰੀਆਂ ਨਾਲ ਗੱਲਬਾਤ ਕਰਨ ਉਪਰੰਤ ਅਖੰਡ ਪਾਠੀ ਸਿੰਘਾਂ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਪ੍ਰਵਾਨ ਕਰ ਲਿਆ ਗਿਆ। ਪ੍ਰੋ: ਬਡੂੰਗਰ ਨੇ ਕਿਹਾ ਕਿ ਅਖੰਡ ਪਾਠੀ ਸਿੰਘ ਸਿੱਖ ਕੌਮ ਦੀ ਜ਼ਿੰਮੇਵਾਰ ਤੇ ਸਤਿਕਾਰਤ ਸ਼੍ਰੇਣੀ ਹੈ, ਜਿਸ ਕਾਰਨ ਉਨ੍ਹਾਂ ਵੱਲੋਂ ਰੱਖੀਆਂ ਮੰਗਾਂ ’ਤੇ ਵਿਚਾਰ ਕਰਨ ਉਪਰੰਤ ਇਸ ਸਬੰਧੀ ਦਫਤਰੀ ਆਦੇਸ਼ ਜਾਰੀ ਕੀਤੇ ਗਏ ਹਨ।

## ਕਰੋੜਾਂ ਦਲਿਤਾਂ ਨਾਲ ਅਪਣਾਵਾਂਗੀ ਬੁੱਧ ਧਰਮ- ਮਾਇਆਵਤੀ



**ਲਖਨਊ–** ਰਿਪਬਲਿਕਨ ਪਾਰਟੀ ਆਫ ਇੰਡੀਆ ਦੇ ਨੇਤਾ ਰਾਮਦਾਸ ਅਠਾਵਲੇ ਦੇ ਬਿਆਨ ’ਤੇ ਸਖਤ ਵਿਰੋਧ ਦਰਜ ਕਰਾਉਂਦੇ ਹੋਏ ਬਸਪਾ ਪ੍ਰਧਾਨ ਮਾਇਆਵਤੀ ਨੇ ਕਿਹਾ ਕਿ ਉਹਨਾਂ ਨੂੰ ਭਾਜਪਾ ਦੀਆਂ ਗੱਲਾਂ ਵਿਚ ਆ ਕੇ ਬਾਬਾ ਸਾਹਿਬ ਦੀ ਭਾਵਨਾ ਪ੍ਰਭਾਵਿਤ ਕਰਨ ਵਾਲੀ ਗੱਲ ਨਹੀਂ ਬੋਲਣੀ ਚਾਹੀਦੀ ਅਤੇ ਨਾ ਹੀ ਦਲਿਤਾਂ ਦੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਸੰਘਰਸ਼ ਵਿਚ ਅੜਿੱਕਾ ਪਾਉਣਾ ਚਾਹੀਦਾ ਹੈ। ਮਾਇਆਵਤੀ ਨੇ ਕਿਹਾ ਕਿ ਵਕਤ ਆਉਣ ਤੇ ਉਹ ਕਰੋੜਾਂ ਦਲਿਤਾਂ ਦੇ ਨਾਲ ਬੁੱਧ ਧਰਮ ਅਪਣਾਵੇਗੀ, ਜਿਸ ਕਾਰਨ ਇਹ ਘਟਨਾ ਇਤਿਹਾਸ ਬਣ ਕੇ ਸਮਾਜਿਕ ਤਬਦੀਲੀ ਦੇ ਅਸਲੀ ਯੁੱਗ ਦੀ ਸ਼ੁਰੂਆਤ ਦਾ ਰੂਪ ਲੈ ਸਕੇਗਾ। ਅਠਾਵਲੇ ਨੇ ਕਿਹਾ ਸੀ ਕਿ ਮਾਇਆਵਤੀ ਜੇਕਰ ਬਾਬਾ ਸਾਹਿਬ ਦੇ ਆਦਰਸ਼ਾਂ ਦਾ ਸਨਮਾਨ ਕਰਦੀ ਹੈ ਤਾਂ ਹੁਣ ਤੱਕ ਉਹਨਾਂ ਨੇ ਬੁੱਧ ਧਰਮ ਕਿਉਂ ਨਹੀਂ ਅਪਣਾਇਆ। ਜਵਾਬ ਦਿੰਦਿਆਂ ਮਾਇਆਵਤੀ ਨੇ ਕਿਹਾ ਕਿ ਅੰਬੇਡਕਰ ਅਤੇ ਕਾਂਸ਼ੀਰਾਮ ਨੇ ਕਾਫੀ ਪਹਿਲਾਂ ਤਹਿ ਕਰਨ ਦੇ ਬਾਵਜੂਦ ਦੇਹਾਂਤ ਤੋਂ ਕੁਝ ਸਮਾਂ ਪਹਿਲਾਂ ਹੀ ਬੁੱਧ ਧਰਮ ਧਾਰਨ ਕੀਤਾ ਸੀ। ਹਿੰਦੂ ਧਰਮ ਨੂੰ ਤਿਆਗਣ ਅਤੇ ਬੁੱਧ ਧਰਮ ਨੂੰ ਅਪਣਾਉਣ ਵਿਚ ਉਹਨਾਂ ਨੇ ਕੋਈ ਝਿਜਕ ਨਹੀਂ ਦਿਖਾਈ ਅਤੇ ਉਹ ਲੋਕਾਂ ਨੂੰ ਤਿਆਰ ਕਰਦੇ ਰਹੇ। ਲੋਕਾਂ ਨੂੰ ਵਰਗਲਾਉਣ ਦੇ ਲਈ ਦਿੱਤਾ ਗਿਆ ਅਠਾਵਲੇ ਦਾ ਬਿਆਨ ਉਹਨਾਂ ਦੀ ਅਗਿਆਨਤਾ ਦਾ ਸੂਚਕ ਹੈ।






# ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ 8 ਅਕਤੂਬਰ ਨੂੰ

ਝੰਡਾ ਲਹਿਰਾਏ ਜਾਣ ਦੀ ਰਸਮ ਦੀਆਂ ਦੋ ਯਾਦਗਾਰੀ ਤਸਵੀਰਾਂ



ਫਾਇਲ ਚਿੱਤਰ



**ਸੈਕਰਾਮੈਂਟੋ–** ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਗਦਰੀ ਬਾਬਿਆਂ ਦੀ ਯਾਂਦ ਵਿਚ ਪਿਛਲੇ ਸਾਲਾਂ ਦੀ ਤਰ੍ਹਾਂ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦੀ ਲਈ ਲੜੇ ਹਥਿਆਬੰਦ ਸੰਘਰਸ਼ ਵਿਚ ਹੱਸ-ਹੱਸ ਫਾਂਸੀ ਦੇ ਰੱਸੇ ਗ਼ਲ ਵਿਚ ਪਾਉਣ ਵਾਲੇ ਸੂਰਮਿਆਂ, ਕਾਲੇ ਪਾਣੀ ਦੇ ਕੁੰਭੀ ਨਰਕ ਭੋਗਣ ਵਾਲੇ ਤੇ ਜਾਨਾਂ ਵਾਰਨ ਵਾਲੇ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੋਵੇਗਾ।

ਹਿਹ ਮੇਲਾ ਈਸਟ ਸਟਾਕਟਨ ਬੁਲੇਵਾਰਡ ਸੈਕਰਾਮੈਂਟੋ ਵਿਖੇ ਐਸ. ਈ. ਐਸ. ਹਾਲ ਵਿਖੇ 8 ਅਕਤੂਬਰ ਦਿਨ ਐਤਵਾਰ ਨੂੰ ਹੋਵੇਗਾ। ਮੇਲੇ ਦੇ ਆਰੰਭ ਵਿਚ ਪ੍ਰਸਿੱਧ ਗਦਰੀ ਆਜ਼ਾਦੀ ਘੁਲਾਟੀਏ ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ 'ਤੇ ਫੁੱਲ ਚੜ੍ਹਾਉਣ ਦੀ ਰਸਮ ਹੋਵੇਗੀ। ਬਾਅਦ ਵਿਚ ਝੰਡੇ ਦੀ ਰਸਮ ਹੋਵੇਗੀ ਤੇ ਹਾਲ ਵਿਚ ਪ੍ਰਸਿੱਧ ਕਲਾਕਾਰ ਸ਼ਹੀਦਾਂ ਨੂੰ ਗੀਤਾਂ ਰਾਹੀਂ ਸ਼ਰਧਾਂਜਲੀ ਭੇਂਟ ਕਰਨਗੇ। ਉਪਰੋਕਤ ਜਾਣਕਾਰੀ ਸੁਰਿੰਦਰ ਸਿੰਘ ਬਿੰਦਰਾ ਪ੍ਰਧਾਨ ਅਤੇ ਜਨਰਲ ਸਕੱਤਰ ਗਿਆਨ ਸਿੰਘ ਬਿਲਗਾ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਦਿੱਤੀ ਗਈ।

# ਫਰਿਜ਼ਨੋਂ ਵਿਖੇ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ 13 ਅਗਸਤ ਨੂੰ



**ਫਰਿਜ਼ਨੋਂ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 13 ਅਗਸਤ ਦਿਨ ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਫਰਿਜਨੋਂ ਵਿਖੇ ਕਰਵਾਇਆ ਜਾ ਰਿਹਾ ਹੈ।

ਯਾਦ ਰਹੇ ਕਿ ਪਹਿਲਾਂ ਇਹ ਸਮਾਗਮ 6 ਅਗਸਤ ਨੂੰ ਰੱਖਿਆ ਗਿਆ ਸੀ ਪਰ ਇਸ ਦਿਨ ਹੀ ਇਕ ਹੋਰ ਸਮਾਗਮ ਫਰਿਜ਼ਨੋਂ ਵਿਖੇ ਸੀ ਜਿਸ ਕਾਰਨ ਇਸ ਸਮਾਗਮ ਦੀ ਮਿਤੀ ਬਦਲੀ ਗਈ ਹੈ। ਇਸ ਸਬੰਧੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਕ ਮੀਟਿੰਗ ਹੋਈ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਇਕ ਹਫਤੇ ਵਿਚ ਇਕ ਹੀ ਸਮਾਗਮ ਹੋਣਾ ਚਾਹੀਦਾ ਹੈ। ਇਸ ਸਬੰਧੀ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸਮਾਗਮ ਦੁਪਿਹਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ। ਜਿਸ ਵਿਚ ਚਾਹ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ। ਸ਼ਹੀਦੀ ਸਮਾਗਮ ਵਿਚ ਉਚ ਕੋਟੀ ਦੇ ਬੁਲਾਰੇ ਆਪਣੇ ਵਿਚਾਰ ਰੱਖਣਗੇ ਗੀਤ ਸੰਗੀਤ ਵੀ ਹੋਵੇਗਾ।



# ਦੀਪਕ ਮਿਸ਼ਰਾ ਹੋਣਗੇ ਭਾਰਤ ਦੇ ਨਵੇਂ ਚੀਫ਼ ਜਸਟਿਸ

**ਨਵੀਂ ਦਿੱਲੀ–** ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਦੀਪਕ ਮਿਸ਼ਰਾ ਦੇਸ਼ ਦੇ ਅਗਲੇ ਚੀਫ਼ ਜਸਟਿਸ ਹੋਣਗੇ। ਕਾਨੂੰਨ ਮੰਤਰਾਲੇ ਵੱਲੋਂ 63 ਸਾਲਾ ਮਿਸ਼ਰਾ ਦੀ ਨਿਯੁਕਤੀ ਸਬੰਧੀ ਅੱਜ ਸ਼ਾਮ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ। ਜਸਟਿਸ ਦੀਪਕ ਮਿਸ਼ਰਾ ਜਸਟਿਸ ਜੇ. ਐਸ. ਖੇਹਰ ਦਾ ਸਥਾਨ ਲੈਣਗੇ, ਜੋ 27 ਅਗਸਤ ਨੂੰ ਸੇਵਾ-ਮੁਕਤ ਹੋ ਰਹੇ ਹਨ। ਦੀਪਕ ਮਿਸ਼ਰਾ 28 ਅਗਸਤ ਨੂੰ ਭਾਰਤ ਦੇ 45ਵੇਂ ਚੀਫ਼ ਜਸਟਿਸ ਵਜੋਂ ਅਹੁਦੇ ਦੀ ਸਹੁੰ ਚੁੱਕਣਗੇ । ਉਨ੍ਹਾਂ ਦਾ ਕਾਰਜਕਾਲ 2 ਅਕਤੂਬਰ 2018 ਤੱਕ ਰਹੇਗਾ। ਓਡੀਸ਼ਾ ਦੇ ਰਹਿਣ ਵਾਲੇ ਜਸਟਿਸ ਦੀਪਕ ਮਿਸ਼ਰਾ ਦਾ ਜਨਮ 3 ਅਕਤੂਬਰ 1953 ਨੂੰ ਹੋਇਆ ਸੀ । ਜਸਟਿਸ ਦੀਪਕ ਮਿਸ਼ਰਾ ਦੇ ਚਾਚਾ ਜਸਟਿਸ ਰੰਗਨਾਥ ਮਿਸ਼ਰਾ ਵੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਰਹਿ ਚੁੱਕੇ ਹਨ । ਜਸਟਿਸ ਦੀਪਕ ਮਿਸ਼ਰਾ ਨੇ 1977 'ਚ ਓਡੀਸ਼ਾ ਹਾਈਕੋਰਟ ਤੋਂ ਬਤੌਰ ਵਕੀਲ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ । ਇਸ ਤੋਂ ਬਾਅਦ ਉਹ 1996 'ਚ ਓਡੀਸ਼ਾ ਹਾਈਕੋਰਟ ਦੇ ਜੱਜ ਬਣੇ । 2009 'ਚ ਜਸਟਿਸ ਦੀਪਕ ਮਿਸ਼ਰਾ ਨੇ ਪਟਨਾ ਹਾਈਕੋਰਟ ਦੇ ਚੀਫ਼ ਜਸਟਿਸ ਦਾ ਅਹੁਦਾ ਸੰਭਾਲਿਆ। ਜਸਟਿਸ ਦੀਪਕ ਮਿਸ਼ਰਾ ਦੇ ਨਾਂਅ ਕਈ ਇਤਿਹਾਸਕ ਫ਼ੈਸਲੇ ਹਨ । ਜਿਨ੍ਹਾਂ 'ਚ ਯਾਕੂਬ ਮੇਮਨ ਮਾਮਲੇ ਦੀ ਰਾਤ ਭਰ ਚੱਲੀ ਸੁਣਵਾਈ ਦੇ ਬਾਅਦ ਫਾਂਸੀ ਦੀ ਸਜ਼ਾ ਬਰਕਰਾਰ ਰੱਖਣ, ਨਿਰਭੈਆ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਦੇ ਇਲਾਵਾ ਕਈ ਵੱਡੇ ਫ਼ੈਸਲੇ ਹਨ। ਉਨ੍ਹਾਂ ਨੇ ਦੇਸ਼ ਭਰ ਦੇ ਸਿਨੇਮਾ ਘਰਾਂ 'ਚ ਰਾਸ਼ਟਰੀ ਗੀਤ ਦੇ ਆਦੇਸ਼ ਵੀ ਜਾਰੀ ਕੀਤੇ ਸੀ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**


ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਦੇਸ਼ ਦੁਆਬਾ

# ਵਹਿਮਾਂ-ਭਰਮਾਂ ਦੀ ਸਮੱਸਿਆ

ਦੁਨੀਆਂ ਵਿਚ ਆਈਨਸਟਾਈਨ ਤੋਂ ਲੈ ਕੇ ਸਟੀਫਨ ਹਾਕਿੰਗ ਤੱਕ ਮਹਾਨ ਵਿਗਿਆਨੀ ਅੱਜ ਤੱਕ ਲੋਕਾਂ ਲਈ ਮਾਰਗ ਦਰਸ਼ਨ ਕਰਦੇ ਹਨ। ਹੁਣ 21ਵੀਂ ਸਦੀ ਚੱਲ ਰਹੀ ਹੈ, ਜਿਸ ਨੂੰ ਵਿਗਿਆਨ ਤੇ ਸੂਚਨਾ ਕ੍ਰਾਂਤੀ ਦਾ ਯੁੱਗ ਵੀ ਕਿਹਾ ਜਾਂਦਾ ਹੈ। ਦੁਨੀਆਂ ਦੂਜੇ ਗ੍ਰਹਿਆਂ ਤੇ ਪਹੁੰਚਣ ਵਾਲੀ ਹੈ ਅਤੇ ਹੋਰ ਧਰਤੀਆਂ ਤੇ ਵੱਸਣ ਦੀ ਕਲਪਨਾ ਕੀਤੀ ਜਾ ਰਹੀ ਹੈ। ਦੁਨੀਆਂ ਦੇ ਵਿਕਸਤ ਸਮਾਜਾਂ 'ਚ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਤੋਂ ਬਾਅਦ ਵਧੀਆ ਜੀਵਨ ਜਿਊਣ, ਤਰੱਕੀ, ਵਿਕਾਸ, ਖੋਜਾਂ, ਕਾਢਾਂ ਆਦਿ 'ਤੇ ਕੰਮ ਹੋ ਰਿਹਾ ਹੈ ਪਰ ਭਾਰਤ ਵਰਗੇ ਵਿਕਾਸਸ਼ੀਲ ਮੁਲਕ ਦਾ ਸਮਾਜ ਅੱਜ ਵੀ ਬੁਨਿਆਦੀ ਲੋੜਾਂ ਨਾਲ ਲੜ ਰਿਹਾ ਹੈ। ਹੋਰ ਵੀ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਦਿੱਲੀ, ਹਰਿਆਦਾ ਸਮੇਤ ਭਾਰਤ ਦੇ ਪੰਜ ਸੂਬਿਆਂ ਵਿਚ ਔਰਤਾਂ ਦੇ ਵਾਲ ਕੱਟੇ ਜਾਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਹੁਣ ਤੱਕ ਇਹਨਾਂ ਦਾ ਕੋਈ ਭੇਦ ਨਹੀਂ ਲੱਗ ਸਕਿਆ। ਕਈ ਕਿਸਮ ਦੀਆਂ ਕਹਾਣੀਆਂ ਫੈਲ ਰਹੀਆਂ ਹਨ। ਕੁਝ ਲੋਕਾਂ ਨੇ ਤਾਂ ਇਸ ਦੀ ਪੁਲਿਸ ਕੋਲ ਸ਼ਿਕਾਇਤ ਵੀ ਕੀਤੀ ਹੈ ਪਰ ਜ਼ਿਆਦਾਤਰ ਲੋਕਾਂ ਨੇ ਇਸ ਬਾਰੇ ਕੁਝ ਨਹੀਂ ਕੀਤਾ। ਸੋਸ਼ਲ ਮੀਡੀਆ 'ਤੇ ਵੀ ਚਰਚਾ ਦਾ ਦੌਰ ਚੱਲ ਰਿਹਾ ਹੈ। ਕੋਈ ਇਸ ਪਿੱਛੇ ਗੈਬੀ ਸ਼ਕਤੀਆਂ ਦਾ ਹੱਥ ਹੋਣ ਦੀ ਗੱਲ ਕਰਦਾ ਹੈ ਅਤੇ ਕੋਈ ਸਿਰਫਿਰੇ ਲੋਕਾਂ ਦਾ ਹੱਥ ਮੰਨਦਾ ਹੈ। ਪੰਜਾਬ ਵਿਚ ਤਾਂ ਇਹੀ ਕਿਹਾ ਜਾ ਰਿਹਾ ਹੈ ਕਿ ਇਹ ਘਟਨਾਵਾਂ ਜ਼ਿਆਦਾਤਰ ਮਾਲਵਾ ਖਿੱਤੇ ਦੇ ਪਿੰਡਾਂ ਵਿਚ ਹੀ ਵਾਪਰ ਰਹੀਆਂ ਹਨ। ਇਸ ਦੇ ਕਈ ਕਾਰਨ ਦੱਸੇ ਜਾ ਰਹੇ ਹਨ। ਕਈ ਲੋਕ ਇਸ ਬਾਰੇ ਇਹ ਵੀ ਤਰਕ ਦੰਦਿ ਹਨ ਕਿ ਜਿਸ ਸਮਾਜ ਵਿਚ ਔਰਤਾਂ ਨੂੰ ਖਾਣ ਤੇ ਪਹਿਨਣ ਦੀ ਪੂਰੀ ਆਜ਼ਾਦੀ ਹੈ, ਉਥੇ ਅਜਿਹੀ ਕੋਈ ਘਟਨਾ ਨਹੀਂ ਹੁੰਦੀ। ਇਸ ਨੂੰ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ 'ਤੇ ਰੋਅਬ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਹਰ ਵਿਅਕਤੀ ਆਪਣੇ ਤਰੀਕੇ ਨਾਲ ਆਪਣਾ ਵਿਸ਼ਵਾਸ ਪ੍ਰਗਟ ਵੀ ਕਰ ਸਕਦਾ ਹੈ ਅਤੇ ਰੱਖ ਵੀ ਸਕਦਾ ਹੈ ਪਰ ਸਾਡੇ ਸਮਾਜ ਦੀ ਸਮੱਸਿਆ ਇਹ ਹੈ ਕਿ ਅਸੀਂ ਹਾਲੇ ਵੀ ਮੱਧ ਯੁੱਗ ਦੀਆਂ ਬਿਮਾਰੀਆਂ ਵਿਚ ਫਸੇ ਪਏ ਹਾਂ। ਇਸ ਦੇ ਬਹੁਤ ਸਾਰੇ ਕਾਰਨ ਹਨ। 80 ਦੇ ਦਹਾਕੇ ਵਿਚ ਪੰਜਾਬ ਵਿਚ ਤਰਕਸ਼ੀਲ ਸੁਸਾਇਟੀ ਹੋਂਦ ਵਿਚ ਆਈ। ਤਰਕਸ਼ੀਲ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਵਿਚ ਵਿਗਿਆਨਕ ਚੇਤਨਾ ਦਾ ਪਸਾਰ ਕਰ ਰਹੇ ਹਨ। ਉਹਨਾਂ ਨੇ ਵਹਿਮਾਂ-ਪਰਮਾਂ, ਅੰਧ-ਵਿਸ਼ਵਾਸਾਂ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਲਈ ਕਈ ਉਪਰਾਲੇ ਕੀਤੇ ਹਨ। ਉਹਨਾਂ ਨੇ ਗੈਬੀ ਸ਼ਕਤੀਆਂ ਦਾ ਦਾਅਵਾ ਕਰਨ ਵਾਲੇ ਲੋਕਾਂ, ਜੋਤਸ਼ੀਆਂ ਆਦਿ ਲਈ ਇਨਾਮ ਦੀ ਰਾਸ਼ੀ ਵੀ ਰੱਖੀ ਹੈ ਕਿ ਉਹ ਤਰਕਸ਼ੀਲਾਂ ਮੂਹਰੇ ਅਜਿਹਾ ਕਰਕੇ ਦਿਖਾਉਣ। ਸਾਡੇ ਸਮਾਜ ਦੀ ਸਮੱਸਿਆ ਇਹ ਹੈ ਕਿ ਇਹ ਬਹੁਤ ਜਲਦੀ ਅਜਿਹੀਆਂ ਘਟਨਾਵਾਂ ਤੇ ਯਕੀਨ ਕਰਦਾ ਹੈ ਅਤੇ ਤਰਕ ਦੀ ਕਸੌਟੀ ਤੇ ਅਜਿਹੀਆਂ ਘਟਨਾਵਾਂ ਬਾਰੇ ਨਹੀਂ ਸੋਚਦਾ। ਮਨੁੱਖ ਇਸ ਧਰਤੀ ਤੇ ਸਭ ਤੋਂ ਵੱਧ ਦਿਮਾਗ ਵਾਲਾ ਜੀਵ ਹੈ ਪਰ ਸਭ ਤੋਂ ਵੱਧ ਸ਼ੈਤਾਨ ਵੀ ਹੈ। ਇਹ ਆਪਣਾ ਮਤਲਬ ਹੱਲ ਕਰਨ ਲਈ ਗਲਤ ਕੰਮ ਵੀ ਕਰਦਾ ਹੈ ਅਤੇ ਚੰਗੇ ਵੀ ਇਹੀ ਕਰਦਾ ਹੈ। ਇਸ ਕਰਕੇ ਅਜਿਹੀਆਂ ਘਟਨਾਵਾਂ ਤੋਂ ਡਰਨ ਵਾਲਿਆਂ ਨੂੰ ਚੌਕਸ ਹੋ ਜਾਣਾ ਚਾਹੀਦਾ ਹੈ ਕਿ ਕੀ ਅਜਿਹਾ ਹੋ ਸਕਦਾ ਹੈ ਕਿ ਕੋਈ ਅਦ੍ਰਿਸ਼ ਵਿਅਕਤੀ ਤੁਹਾਡੇ ਸਰੀਰ ਤੋਂ ਵਾਲ ਕੱਟ ਲਵੇ? ਇਹ ਸ਼ੈਤਾਨ ਬਿਰਤੀ ਵਾਲੇ ਲੋਕਾਂ ਵੱਲੋਂ ਫੈਲਾਈਆਂ ਅਫਵਾਹਾਂ ਹਨ ਅਤੇ ਅਜਿਹੀਆਂ ਘਟਨਾਵਾਂ ਦੀ ਤਹਿ ਤੱਕ ਜਾਣ ਦੀ ਲੋੜ ਹੁੰਦੀ ਹੈ। ਵਿਗਿਆਨਕ ਨਜ਼ਰੀਏ ਨਾਲ ਇਹਨਾਂ ਨੂੰ ਪਰਖਣਾ-ਦੇਖਣਾ ਜ਼ਰੂਰੀ ਹੁੰਦਾ ਹੈ ਅਤੇ ਲੋਕਾਂ ਨੂੰ ਅਜਿਹੀਆਂ ਅਫਵਾਹਾਂ ਦੇ ਜਾਲ ਵਿਚ ਨਹੀਂ ਫਸਣਾ ਚਾਹੀਦਾ। ਸਭ ਤੋਂ ਅਹਿਮ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ ਕਿ ਉਹ ਲੋਕਾਂ ਵਿਚ ਜਾਗਰੂਕਤਾ ਫੈਲਾਵੇ ਅਤੇ ਇਹ ਪ੍ਰਚਾਰ ਕਰੇ ਕਿ ਕਿਸੇ ਅਫਵਾਹ ਦੇ ਚੱਕਰ ਵਿਚ ਫਸਣ ਦੀ ਬਜਾਏ ਤੁਸੀਂ ਆਪਣੇ ਆਲੇ-ਦੁਆਲੇ ਦੇਖੋ, ਵਿਗਿਆਨਕ ਨਜ਼ਰੀਏ ਨਾਲ ਸੋਚੋ ਕਿ ਕੀ ਅਜਿਹਾ ਸੰਭਵ ਹੋ ਸਕਦਾ ਹੈ?

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-37

## ਗੁਰਮਤਿ ਵਿੱਚ ਉਦਾਸ ਅਤੇ ਉਦਾਸੀ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਉਦਾਸ ਸੰਸਕ੍ਰਿਤ ਦਾ ਸ਼ਬਦ ਅਤੇ ਮਹਾਨ ਕੋਸ਼ ਅਨੁਸਾਰ ਉਦਾਸੀ ਦੇ ਅਰਥ ਹਨ-ਕਿਨਾਰੇ ਬੈਠਨਾ, ਪਾਸਦੀਂ ਗੁਜਰਨਾ, ਵਿਰੱਕਤ, ਉਪਰਾਮ, ਮੋਹ ਰਹਿਤ,ਵੈਰਾਗਵਾਨ (ਘਰ ਹੀ ਮਾਹਿ ਉਦਾਸ) ਇਸ ਦੀ ਸੰਗਿਆ ਉਦਾਸੀਪਨ, ਸੰਨਿਆਸ, ਅਤੇ ਤਿਆਗ ਹੈ। ਉਦਾਸੀ ਦੇ ਅਰਥ ਹਨ-ਉਦਾਸੀਨਤਾ, ਉਪਰਾਮਤਾ, ਵਿਰੱਕਤਤਾ। ਦੂਜਾ ਅਰਥ ਨਿਰਾਸਤਾ ਹੈ। ਉਦਾਹਣ-ਉਸ ਦੇ ਮੂੰਹ ਤੇ ਉਦਾਸੀ ਛਾਈ ਹੋਈ ਹੈ। ਉਦਾਸੀਨ-ਉਪਰਾਮ, ਵਿਰੱਕਤ-ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥(੯੯੨) ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ-ਉਦਾਸੀ ਦਾ ਭਾਵ ਹੈ ਨਿਰਾਸ਼ਾ, ਮਾਯੂਸੀ ਤੇ ਦਿਲਗੀਰੀ। ਉਦਾਸ, ਦਿਲਗੀਰ ਭਾਵ ਸਿੱਖ ਨੂੰ ਸੰਸਾਰ ਤੋਂ ਨਿਰਲੇਪ ਰਹਿ ਕੇ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਦੀਆਂ ਚਾਰ ਯਾਤਰਾਵਾਂ ਜਿੰਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ, ਇਨ੍ਹਾਂ ਅਰਥਾਂ ਵਿੱਚ ਹੀ ਹਨ। ਗੁਰਮਤਿ ਦਰਸਾਉਂਦੀ ਹੈ ਕਿ ਕਿਸੇ ਨੂੰ ਨਿਰਾਸ਼ਾ ਜਾਂ ਉਦਾਸੀ ਦੇ ਆਲਮ ਵਿੱਚ ਨਹੀਂ ਰਹਿਣਾ ਚਾਹੀਦਾ ਪਰ ਸੰਸਾਰ 'ਚ ਨਿਰਲੇਪ ਰਹਿਣਾ ਚਾਹੀਦਾ ਅਤੇ ਗੁਰਮਤਿ ਅਨੁਸਾਰ ਇਹ ਦੁਨੀਆਂ ਝੂਠ ਨਹੀਂ ਸਗੋਂ ਸੱਚ ਹੈ। ਮਨੁੱਖ ਇੱਕ ਯਾਤਰੀ ਹੈ ਅਤੇ ਉਸ ਨੂੰ ਦੁਨੀਆਂ ਦੇ ਪਦਾਰਥਾਂ ਜਾਂ ਇੱਕ ਜਗਾ ਨਾਲ ਮੋਹ ਨਹੀਂ ਹੋਣਾ ਚਾਹੀਦਾ। ਦੂਜੇ ਪਾਸੇ ਇਸ ਦਾ ਮਤਲਵ ਇਹ ਵੀ ਹੈ ਕਿ ਸੰਸਾਰ ਨੂੰ ਤਿਆਗਣਾ ਨਹੀਂ ਸਗੋਂ ਕੰਵਲ ਫੁੱਲ ਵਾਂਗ ਨਿਰਲੇਪ ਰਹਿਣਾ ਚਾਹੀਦਾ ਹੈ ਜਿਵੇਂ ਕੰਵਲ ਚਿੱਕੜ ਵਿੱਚ ਨਿਰਲੇਪ ਰਹਿੰਦਾ ਹੈ।

ਸਿੱਖ, ਉਦਾਸੀ ਲਫਜ਼ ਗੁਰੂ ਨਾਨਕ ਸਾਹਿਬ ਵੱਲੋਂ ੧੫੧੭-੧੫੨੧ ਈਸਵੀ ਤੱਕ ਕੀਤੀ ਪ੍ਰਚਾਰ ਯਾਤਰਾ ਵਾਸਤੇ ਵਰਤਦੇ ਹਨ। ਇਸ ਸਮੇਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੌਰਾਨ ਗੁਰੂ ਨਾਨਕ ਸਾਹਿਬ ਕਈ ਦੇਸ਼ਾਂ ਵਿੱਚ ਗਏ, ਜਿਵੇਂ ਸਉਦੀ ਅਰਬ,ਇਰਾਕ, ਅਫਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼, ਤਿੱਬਤ, ਅਸਾਮ ਅਤੇ ਸ੍ਰੀਲੰਕਾ ਆਦਿਕ। ਇਸ ਸਮੇਂ ਦੌਰਾਨ ਗੁਰੂ ਜੀ ਨੇ ਵੱਖ ਵੱਖ ਮਤਾਂ ਦੇ ਵਿਦਵਾਨਾਂ, ਧਰਮ ਤੇ ਰਾਜਨੀਤ ਆਗੂਆਂ ਨਾਲ ਵਿਚਾਰ ਵਿਟਾਂਦਰਾ ਕੀਤਾ। ਸੰਨ ੧੫੦੭-੧੫, ੧੫੧੭-੧੯, ੧੫੧੯-੨੧ ਅਤੇ ੧੫੩੦ ਦੀ ਇੱਕ ਛੋਟੀ ਉਦਾਸੀ ਆਦਿਕ ਹਨ। ਉਦਾਸੀ ਇੱਕ ਫਿਰਕਾ ਵੀ ਹੈ ਜਿਸ ਨੂੰ ਸ੍ਰੀ ਚੰਦ ਨੇ ਚਲਾਇਆ ਤੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ (੧੬੨੪) ਵਿੱਚ ਉਦਾਸੀ ਲਹਿਰ ਦਾ ਮੁਖੀ ਬਾਬਾ ਗੁਰਦਿੱਤਾ ਜੀ ਨੂੰ ਬਣਾਇਆ। ਬਾਬਾ ਗੁਰਦਿੱਤਾ ਨੇ ਬਾਅਦ ਵਿੱਚ ਉਦਾਸੀ ਮਿਸ਼ਨ ਨੂੰ ਸਿੱਖ ਧਰਮ ਵਿੱਚ ਮਿਲਾ ਕੇ ਸਾਰੇ ਉਦਾਸੀਆਂ ਨੂੰ ਗੁਰਮਤਿ ਦੀ ਸਿਧਾਂਤਕ ਮਰਯਾਦਾ ਅਤੇ ਅਸੂਲਾਂ ਵਾਸਤੇ ਵਫਾਦਾਰ ਰਹਿਣ ਲਈ ਆਖਿਆ। ਸਿੱਖਾਂ ਤੇ ਔਖੇ ਸਮੇਂ ਦੌਰਾਨ ਕੁਝ ਹਿੰਦੂ ਸਾਧੂ ਜੋ ਇਨ੍ਹਾਂ ਉਦਾਸੀਆਂ ਹੇਠਲੇ ਅਦਾਰਿਆਂ ਦੀ ਦੇਖਭਾਲ ਕਰਨ ਲੱਗ ਪਏ ਸਨ। ਉਨ੍ਹਾਂ ਨੇ ਮੁਗਲਾਂ ਦੇ ਜ਼ੁਲਮਾਂ ਤੋਂ ਬਚਨ ਵਾਸਤੇ ਆਪਣੇ ਆਪ ਨੂੰ ਹਿੰਦੂ ਸਾਧੂ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਇਸ ਤੋਂ ਬਾਅਦ ਕਾਸੀ ਬਨਾਰਸ ਦੀ ਸੰਸਕ੍ਰਿਤ ਅਤੇ ਹਿੰਦੂ ਗ੍ਰੰਥਾਂ ਦਾ ਪ੍ਰਭਾਵ ਹੋਣ ਕਾਰਨ ਇਹ ਬ੍ਰਾਹਮਣੀ ਕਰਮਕਾਂਡੀ ਚਿੱਟੇ, ਭਗਵੇ ਤੇ ਗੇਰੂਏ ਸਾਧੂ ਬਣ ਗਏ।

ਅੱਜ ਹਰੇਕ ਜਾਗਰੂਕ ਸਿੱਖ ਜਾਣਦਾ ਤੇ ਮੰਨਦਾ ਹੈ ਕਿ ਬ੍ਰਾਹਮਣਵਾਦੀ ਤਾਕਤਾਂ ਵਲੋਂ ਸਿੱਖ ਇਤਿਹਾਸ ਅਤੇ ਫਲਸਫੇ ਵਿੱਚ ਬਹੁਤ ਮਿਲਾਵਟ ਕੀਤੀ ਗਈ ਤਾਂ ਕਿ ਕੌਮ ਨੂੰ ਗੁਰਮਤਿ ਦੇ ਰਾਹ ਤੋਂ ਭਟਕਾਇਆ ਜਾ ਸਕੇ। ਸੋ ਲੋੜ ਹੈ ਐਸੇ ਮਿਲਾਵਟੀ ਅੰਸ਼ਾਂ ਬਾਰੇ ਜਾਗ੍ਰਿਤੀ ਲਿਆਂਦੀ ਜਾਵੇ। ਜੇ ਪੂਰਾ ਸੱਚ ਬੋਲਣ ਜਾਂ ਲਿਖਣ ਵਿੱਚ ਕਿਸੇ ਨੂੰ ਦਿੱਕਤ ਮਹਿਸੂਸ ਹੁੰਦੀ ਹੋਵੇ ਤਾਂ ਘੱਟੋ-ਘੱਟ ਇਹ ਤਾਂ ਕੀਤਾ ਹੀ ਜਾ ਸਕਦਾ ਹੈ ਕਿ ਗੁਰਮਤਿ ਸਿਧਾਂਤਾਂ 'ਤੇ ਪੂਰੇ ਉਤਰਦੇ ਇਤਿਹਾਸਕ ਤੱਥ ਹੀ ਪਾਠਕਾਂ ਸਾਹਮਣੇ ਰੱਖੇ ਜਾਣ। ਇਹ ਗੱਲ ਤਾਂ ੧੦੦% ਸੱਚ ਹੈ ਕਿ ਨਾਨਕ ਜਾਮੇ (ਸੰਨ ੧੪੬੯ ਤੋਂ ੧੭੦੮ ਤੱਕ) ਕੋਈ ਵੀ ਗੁਰਮਤਿ ਸਿਧਾਂਤ ਵਿਰੋਧੀ ਕਰਮ ਨਹੀਂ ਕਰ ਸਕਦੇ ਸਨ। ਉਸ ਤੋਂ ਬਾਅਦ ਸਿੱਖਾਂ ਵਿੱਚ ਭਾਂਵੇ ਕੁੱਝ ਆ ਚੁਕੀਆਂ ਕਮਜ਼ੋਰੀਆਂ ਕਾਰਣ ਪ੍ਰਚਲਿਤ ਇਤਿਹਾਸਕ ਸਾਖੀਆਂ, ਨਾਨਕ ਜਾਮਿਆਂ ਨੂੰ ਗੁਰਮਤਿ ਵਿਰੁਧ ਕਰਮ ਕਰਦੇ ਦਰਸਾਉਂਦੀਆਂ ਨੇ, ਉਹ ਬਿਨਾ ਸ਼ੱਕ ਮਿਲਾਵਟ ਹੈ। ਉਦਾਹਰਣ ਵਾਸਤੇ ਨਾਨਕ ਜਾਮਿਆਂ ਵਲੋਂ ਕਰਾਮਾਤਾਂ ਵਿਖਾਉਣਾ, ਇੱਕ ਤੋਂ ਵੱਧ ਵਿਆਹ ਕਰਨਾ ਆਦਿ। ਇਨ੍ਹਾਂ ਇਤਿਹਾਸਕ ਤੱਥਾਂ ਤੋਂ ਵੀ ਹਰ ਜਾਗਰੂਕ ਸਿੱਖ ਜਾਣੂੰ ਹੈ ਕਿ ਬਾਬਾ ਨਾਨਕ ਜੀ ਦੇ ਬਿੰਦੀ ਪੁੱਤਰ ਸ੍ਰੀ ਚੰਦ ਹੀ ਉਹਨਾਂ ਦੇ ਦੱਸੇ ਰਾਹ ਤੋਂ ਬਾਗੀ ਹੋ ਗਏ ਸਨ। ਇਸ ਬਾਰੇ ਜਾਣਕਾਰੀ ਦਿੰਦਾ ਗੁਰਵਾਕ ਹੈ-ਸਚੁ ਜੇ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥ ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥ ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥(੯੬੭) ਗੁਰੂ ਨਾਨਕ ਵਿਚਾਰਧਾਰਾ ਤੋਂ ਬਾਗੀ ਹੋ ਕੇ ਸ੍ਰੀ ਚੰਦ ਜੀ ਨੇ ਉਦਾਸੀ ਮੱਤ ਅਪਣਾ ਲਿਆ। ਇਸ ਮੱਤ ਦੇ ਜ਼ਿਆਦਾਤਰ ਸਿਧਾਂਤ ਗੁਰਮਤਿ ਸਿਧਾਂਤਾਂ ਦੇ ਵਿਪਰੀਤ ਹਨ। ਇਸ ਮੱਤ ਨੂੰ ਗੁਰਮਤਿ ਵਲੋਂ ਕਦੇ ਵੀ ਪ੍ਰਵਾਨਗੀ ਨਹੀਂ ਸੀ ਮਿਲ ਸਕਦੀ ਪਰ ਵਿਰੋਧੀ ਤਾਕਤਾਂ ਨੇ ਇਤਿਹਾਸ ਵਿੱਚ ਮਿਲਾਵਟ ਕਰਦੇ ਹੋਏ ਕਈ ਐਸੀਆਂ ਸਾਖੀਆਂ ਪ੍ਰਚਲਿਤ ਕਰ ਦਿਤੀਆਂ ਜਿਸ ਰਾਹੀਂ ਕੌਮ ਨੂੰ (ਉਦਾਸੀ ਮੱਤ) ਦੇ ਬ੍ਰਾਹਮਣਵਾਦੀ ਸਾਗਰ ਵਿੱਚ ਡੁਬੋਇਆ ਜਾ ਸੱਕੇ। ਐਸੀ ਹੀ ਇੱਕ ਸਾਖੀ ਗੁਰੂ ਰਾਮਦਾਸ ਪਾਤਸ਼ਾਹ ਨਾਲ ਵੀ ਜੋੜੀ ਗਈ, ਜਿਸ ਦਾ ਸੰਬੰਧ ਸ੍ਰੀ ਚੰਦ ਨਾਲ ਹੈ। ਪ੍ਰਚਾਰੀ ਗਈ ਸਾਖੀ ਅਨੁਸਾਰ ਸ੍ਰੀ ਚੰਦ ਜੀ ਨੇ ਰਾਮਦਾਸ ਪਾਤਸ਼ਾਹ ਜੀ ਦਾ ਲੰਮਾ ਦਾਹੜਾ ਵੇਖ ਕੇ ਪੁੱਛਿਆ ਕਿ ਇਹ ਕਿਸ ਲਈ ਵਧਾਇਆ ਤਾਂ ਉਨ੍ਹਾਂ ਜਾਵਾਬ ਦਿਤਾ ਕਿ ਆਪ ਜੀ ਵਰਗੇ ਮਹਾਪੁਰਖਾਂ ਦੇ ਚਰਨ ਝਾੜਣ ਲਈ। ਜੇਕਰ ਕੋਈ ਵੀ ਜਾਗਰੂਕ ਸਿੱਖ ਇਸ ਸਾਖੀ ਦੀ ਪੜਚੋਲ ਕਰੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਾਖੀ ਕੇਵਲ ਇਹ ਗੱਲ ਪ੍ਰਚਾਰਨ ਵਾਸਤੇ ਰਚੀ ਗਈ ਸੀ ਕਿ ਸ੍ਰੀ ਚੰਦ ਵਾਲਾ 'ਉਦਾਸੀ ਮੱਤ' ਗੁਰਮਤਿ ਵਿੱਚ ਪ੍ਰਵਾਨ ਸੀ। ਨਾਲ ਹੀ ਅਸਿੱਧੇ ਤੌਰ ਤੇ ਇਹ ਸਾਖੀ ਅਖੌਤੀ ਸੰਤ-ਬਾਬਿਆਂ ਨੂੰ ਮਾਨਤਾ ਦੇਣ ਵਾਲੀ ਹੈ। ਤਾਂ ਹੀ ਸੰਪ੍ਰਦਾਈ ਸੋਚ ਵਾਲੇ ਅਖੌਤੀ ਸੰਤ ਬਾਬੇ ਐਸੀਆਂ ਗੁਰਮਤਿ ਵਿਰੋਧੀ ਸਾਖੀਆਂ ਹੀ ਸੁਣਾਉਂਦੇ ਹਨ। ਪਰ ਅਸਲ ਸੱਚਾਈ ਇਹ ਹੈ ਕਿ ਉਦਾਸੀ ਮੱਤ ਪੂਰੀ ਤਰਾਂ ਗੁਰਮਤਿ ਸਿਧਾਂਤਾਂ 'ਤੇ ਖਰਾ ਨਾ ਉਤਰਨ ਕਰਕੇ ਗੁਰਮਤਿ ਵਿੱਚ ਪ੍ਰਵਾਨ ਨਹੀਂ ਸੀ।

ਹੁਣ ਧੂਣਿਆਂ ਬਾਰੇ ਵਿਚਾਰ ਕਰਦੇ ਹਾਂ ਕਿ ਕਿਹਾ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ, ਧਰਮ ਪ੍ਰਚਾਰ ਲਈ ਚਾਰ ਧੂਣੇ ਕਾਇਮ ਕੀਤੇ ਸਨ। 'ਧੂਣੇ' ਦਾ ਕੀ ਅਰਥ ਹੈ? ਇਨ੍ਹਾਂ ਨੇ ਕਿਵੇਂ ਪ੍ਰਚਾਰ ਕੀਤਾ? ਦੱਸਿਆ ਜਾਂਦਾ ਹੈ ਕਿ 6ਵੇਂ ਗੁਰੂ ਵਲੋਂ ਹੁਕਮ ਮਿਲਣ ਤੇ ਬਾਬਾ ਗੁਰਦਿਤਾ ਜੀ ਨੇ 'ਉਦਾਸੀ ਮਹਾਪੁਰਖਾਂ' ਨੂੰ ਸਿੱਖ ਧਰਮ ਦੇ ਪ੍ਰਚਾਰ ਵਿੱਚ ਲਾ ਦਿਤਾ। ਬਾਬਾ ਗੁਰਦਿੱਤਾ ਜੀ ਨੇ ਇਨ੍ਹਾਂ ਉਦਾਸੀ ਮਹਾਤਮਾਵਾਂ ਦੀ ਦੇਖ ਰੇਖ ਵਿੱਚ ਚਾਰ ਮੁੱਖ ਕੇਂਦਰ (ਧੂਣੇ) ਕਾਇਮ ਕੀਤੇ। ਪਹਿਲੇ ਧੂਣੇ ਦੇ ਪ੍ਰਚਾਰਕ ਭਾਈ ਅਲਮਸਤ ਜੀ ਬਾਰੇ ਦਿਤੀ ਜਾਣਕਾਰੀ ਵਿੱਚ ਲਿਖਿਆ ਹੈ, ਕਿ ਅਲਮਸਤ ਜੀ ਦਾ ਜਨਮ ਭਾਈ ਹਰੀਦੱਤ (ਬ੍ਰਾਹਮਣ) ਦੇ ਘਰ ਸ੍ਰੀਨਗਰ (ਕਸ਼ਮੀਰ) ਵਿੱਚ ਹੋਇਆ। ਸੰਨ ੧੫੭੪ ਵਿੱਚ ਆਪ ਡੇਰਾ ਬਾਬਾ ਨਾਨਕ ਗਏ ਅਤੇ ਉੱਥੇ ਬਾਬਾ ਸ੍ਰੀ ਚੰਦ ਜੀ ਦੇ ਸੇਵਕ ਬਣ ਗਏ। ਇਸ ਤੋਂ ਸਪੱਸ਼ਟ ਹੈ ਕਿ ਇਹ ਉਦਾਸੀ 'ਮਹਾਤਮਾ' ਸ੍ਰੀ ਚੰਦ ਜੀ ਦੇ ਚੇਲੇ ਸਨ। ਇਨ੍ਹਾਂ ਦਾ ਅਪਣਾ ਜੀਵਨ ਗੁਰਮਤਿ ਸਿਧਾਂਤਾਂ ਤੋਂ ਉਲਟ ਸੀ। ਫੇਰ ਇਨ੍ਹਾਂ ਨੂੰ ਗੁਰਮਤਿ ਪ੍ਰਚਾਰਕ ਕਿਵੇਂ ਥਾਪਿਆ ਜਾ ਸਕਦਾ ਸੀ? ਤੇ ਜੇ ਕਰ ਥਾਪਣਾਂ ਹੀ ਸੀ ਤਾਂ ਸ੍ਰੀ ਚੰਦ ਜੀ ਵਿੱਚ ਕੀ ਬੁਰਾਈ ਸੀ? ਆਖਰ ਬਾਬਾ ਨਾਨਕ ਜੀ ਦੇ ਪੁੱਤ੍ਰ ਸਨ ਅਤੇ ਜੇਕਰ ਗੁਰੂ ਪਾਤਸ਼ਾਹ ਜੀ ਦੇ ਪੁੱਤ੍ਰ ਹੁੰਦਿਆਂ ਵੀ ਨਹੀਂ ਥਾਪਿਆ ਗਿਆ ਤਾਂ ਕੇਵਲ ਇਹ ਕਾਰਨ ਕਿ ਇਨ੍ਹਾਂ ਦਾ ਪ੍ਰਚਾਰ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਸੀ ਕਿ-ਅਵਰ ਉਪਦੇਸੈ ਆਪਿ ਨ ਕਰੈ, ਆਵਤ ਜਾਵਤ ਜਨਮੈ ਮਰੈ॥(੨੬੯)

"ਧੂਣੇ" ਦੇ ਅਰਥ ਮਹਾਨ ਕੋਸ਼ ਦੇ ਹਵਾਲੇ ਨਾਲ ਕਰਦੇ ਲਿਖਿਆ ਹੈ ਕਿ ਤਪੱਸਵੀ ਸਾਧੂ ਦੀ ਗੱਦੀ ਦਾ ਅਸਥਾਨ। ਕੀ ਗੁਰਮਤਿ ਵਿੱਚ ਐਸੀ ਤਪੱਸਿਆ ਪ੍ਰਵਾਨ ਹੈ? ਬਲਕਿ ਗੁਰਮਤਿ ਵਿੱਚ ਥਾਂ ਥਾਂ ਖੰਡਨ ਕੀਤਾ ਜ਼ਰੂਰ ਮਿਲਦਾ ਹੈ। ਹਰ ਜਾਗਰੂਕ ਸਿੱਖ ਇਹ ਜਾਣਦਾ ਹੈ ਕਿ ਕੌਮ ਦੇ ਬਿਖੜੇ ਸਮੇਂ ਦੌਰਾਨ ੧੭੨੦ ਈ. ਤੋਂ ਬਾਅਦ, ਹਾਲਾਤ ਦਾ ਫਾਇਦਾ ਚੁੱਕਦੇ ਹੋਏ, ਬ੍ਰਾਹਮਣਵਾਦੀ ਸੋਚ ਵਾਲੇ (ਉਦਾਸੀ ਅਤੇ ਨਿ-ਰਮਲੇ) ਸਿੱਖ ਅਸਥਾਨਾਂ 'ਤੇ ਹਮਦਰਦ ਬਣਕੇ ਕਾਬਜ਼ ਹੋ ਗਏ। ਇਨ੍ਹਾਂ ਨੇ ਹੀ ਸਿੱਖ ਇਤਿਹਾਸ ਅਤੇ ਫਲਸਫੇ ਨੂੰ ਬ੍ਰਾਹਮਣਵਾਦੀ ਰੰਗਤ ਦੇ ਕੇ ਸਿੱਖ ਸਮਾਜ ਨੂੰ ਨਿਰੋਲ ਗੁਰਮਤਿ ਫਲਸਫੇ ਦੇ ਰਾਹ ਤੋਂ ਭਟਕਾ ਦਿਤਾ ਕਿ-ਮਜ਼ਬੂਰਨ ਸਿੱਖ ਗੁਰਧਾਮਾਂ ਦਾ ਪ੍ਰਬੰਧ ਸਿੱਖਾਂ ਦੇ ਹੱਥਾਂ ਵਿਚੋਂ ਨਿਕਲ ਕੇ ਹੁਕੂਮਤ ਦੇ ਕਰਿੰਦਿਆਂ, ਉਦਾਸੀ ਮਹੰਤਾਂ ਅਤੇ ਨਿਰਮਲਿਆਂ ਦੇ ਹੱਥ ਆ ਗਿਆ ਤੇ ਗੁਰਦੁਆਰਿਆਂ ਵਿੱਚ ਮਨਮਰਜ਼ੀ ਦੀਆਂ ਮਰਯਾਦਾਵਾਂ ਚੱਲਣ ਲੱਗੀਆਂ।

ਮਹਾਨ ਕੋਸ਼ ਦੇ ਪੰਨਾ ੨੦੦ ਅਤੇ ੨੫੧ ਤੇ ਸ੍ਰੀ ਚੰਦ ਜੀ ਦਾ ਦਿਹਾਂਤ ੧੫ ਅਸੂ ਸੰਮਤ ੧੬੬੯ ਨੂੰ ਲਿਖਿਆ ਮਿਲਦਾ ਹੈ। ਇਸੇ ਮਹਾਨ ਕੋਸ਼ ਦੇ ਪੰਨਾ ੪੧੬ ਤੇ ਬਾਬਾ ਗੁਰਦਿਤਾ ਜੀ ਦਾ ਜਨਮ ਕੱਤਕ ਸੁਦੀ ੧੫ ਸੰਮਤ ੧੬੭੦ ਵਿੱਚ ਹੋਇਆ ਲਿਖਿਆ ਹੈ। ਭਾਵ ਬਾਬਾ ਗੁਰਦਿਤਾ ਜੀ ਦਾ ਜਨਮ ਸ੍ਰੀ ਚੰਦ ਦੇ ਦੇਹਾਂਤ ਤੋਂ ਪੂਰੇ ੧੩ ਮਹੀਨੇ ਬਾਅਦ ਹੋਇਆ। ਸੋ ਸਪਸ਼ਟ ਹੈ ਕਿ ਸ੍ਰੀ ਚੰਦ ਜੀ ਬਾਬਾ ਗੁਰਦਿੱਤਾ ਜੀ ਨੂੰ ਕਦੇ ਵੀ ਨਹੀਂ ਮਿਲੇ। ਸੋ ਇਹ ਪੂਰੀ ਸਾਖੀ ਹੀ ਝੂਠ ਦਾ ਪੁਲੰਦਾ ਸਾਬਿਤ ਹੋ ਜਾਂਦੀ ਹੈ ਕਿ ਬਾਬਾ ਗੁਰਦਿੱਤਾ ਸ੍ਰੀ ਚੰਦ ਦੇ ਚੇਲੇ ਸਨ।

ਉਦਾਸੀ ਮੱਤ ਦੇ ਸਿਧਾਂਤ ਕਿੰਨੇਂ ਗੁਰਮਤਿ ਅਨੁਸਾਰੀ ਹਨ ਜੇ ਇਸ ਦੇ ਦਰਸ਼ਨ ਕਰਨੇ ਹੋਣ ਤਾਂ ਕਿਸੇ ਵੀ ਉਦਾਸੀ ਮੱਤ ਨਾਲ ਸੰਬੰਧਤ ਸਥਾਨ 'ਤੇ ਦੇਖੇ ਜਾ ਸਕਦੇ ਹਨ। ਇਨ੍ਹਾਂ ਦੇ ਡੇਰਿਆਂ ਤੇ ਬੇਸ਼ਕ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਮਿਲ ਜਾਵੇਗਾ ਪਰ ਨਾਲ ਹੀ ਦੇਵੀ ਦੇਵਤਿਆਂ ਦੀ ਕੀਤੀ ਜਾਂਦੀ ਮੂਰਤੀ ਪੂਜਾ ਦਾ ਨਜ਼ਾਰਾ ਵੀ ਵੇਖਣ ਨੂੰ ਮਿਲੇਗਾ। ਸ੍ਰੀ ਚੰਦ ਅਤੇ ਉਨ੍ਹਾਂ ਦੇ ਉਦਾਸੀ ਮੱਤ ਦੇ ਗੁਰਮਤਿ ਵਿਰੋਧੀ ਸਰੂਪ ਦੀ ਜ਼ਿਆਦਾ ਜਾਣਕਾਰੀ ਲਈ ਗੁਰਮਤਿ ਦੇ ਉਘੇ ਵਿਦਵਾਨ ਸ੍ਰ. ਗੁਰ-ਬਖਸ਼ ਸਿੰਘ ਜੀ ਕਾਲਾ ਅਫਗਾਨਾ ਦੀ ਪੁਸਤਕ "ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ਭਾਗ-੪" ਪੜਿਆ ਜਾ ਸਕਦਾ ਹੈ। ਇਸ ਪੁਸਤਕ ਦੇ ਪੰਨਾ ੨੫੫ ਤੋਂ ਲੈ ਕੇ ਪੰਨਾ ੨੯੪ ਤੱਕ ਵਿਦਵਾਨ ਅਫਗਾਨਾ ਜੀ ਨੇ ਇਸ ਦੀ ਗੁਰਮਤਿ ਆਧਾਰਿਤ ਖੁੱਲ੍ਹੀ ਪੜਚੋਲ ਕੀਤੀ ਹੈ।

ਇਸ ਬਾਰੇ ਗੁਰਬਾਣੀ ਦੇ ਫੁਰਮਾਨ-ਸਭ ਕੈ ਮਧਿ ਸਗਲ ਤੇ ਉਦਾਸ॥(੨੯੬) ਪ੍ਰੇਮ ਭਗਤਿ ਨਹੀ ਊਪਜੈ ਤਾਂ ਤੇ ਰਵਿਦਾਸ ਉਦਾਸ॥੮॥(੩੪੬) ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ॥(੪੯੬) ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ॥(੧੨੪੯) ਭਾਈ ਗੁਰਦਾਸ ਜੀ-ਗੁਰਮਤਿ ਸਤਿ ਕਰਿ ਜੀਵਨ ਮੁਕਤ ਭਏ, ਮਾਇਆ ਮਹਿ ਉਦਾਸ ਬਾਸ ਬੰਧ ਨਿਰਬੰਧ ਹੈ॥ (ਕਬਿਤ-੨੭) ਉਦਾਸੀ ਸ਼ਬਦ ਬਾਰੇ-ਕਈ ਕੋਟਿ ਬਨ ਭ੍ਰਮਹਿ ਉਦਾਸੀ॥ (੨੭੬) ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥ (੩੭੦) ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥ (੫੨੬) ਕੋਈ ਅੰਨੁ ਤਜਿ ਭਇਆ ਉਦਾਸੀ॥(੯੧੩) ਭਾਂਵੇਂ ਘਰ ਬਾਰ ਸੰਸਾਰ ਤੋਂ ਉਪਰਾਮ ਹੋ ਕੇ ਜੰਗਲਾਂ ਬੀਆ ਬਾਨਾਂ ਵਿੱਚ ਚਲਾ ਗਿਆ ਪਰ ਮਨ ਦੀ ਨੱਠ-ਭੱਜ ਛੱਡੀ ਨਹੀਂ-ਹੋਇ ਉਦਾਸੀ ਗ੍ਰਿਹੁ ਤਜਿ ਚਲਿਓ, ਛੁਟਕੈ ਨਾਹੀ ਨਾਠਾ॥(੧੦੦੩) ਹਉਂ ਸਦਕੇ ਤਿਨ੍ਹਾਂ ਗੁਰਸਿੱਖਾਂ ਕਰਨ ਉਦਾਸੀ ਅੰਦਰਿ ਮਾਇਆ॥ (ਵਾਰ-੧੨, ਪਉੜੀ-੬) ਭਾਈ ਗੁਰਦਾਸ।

ਉਪ੍ਰੋਕਤ ਹਵਾਲਿਆਂ ਤੋਂ ਉਦਾਸ, ਉਦਾਸੀ ਅਤੇ ਉਦਾਸੀ ਮਤ ਬਾਰੇ ਪਤਾ ਚਲ ਜਾਂਦਾ ਹੈ ਕਿ ਇਹ ਇੱਕ ਵੱਖਰਾ ਮਤ ਸੀ ਜੋ ਗੁਰੂ ਨਾਨਕ ਦੀ ਗੁਰਮਤਿ ਤੋਂ ਬਾਗੀ ਹੋ, ਸ੍ਰੀ ਚੰਦ ਨੇ ਚਲਾਇਆ ਸੀ ਪਰ ਅਜੋਕੇ ਪੁਜਾਰੀਨੁਮਾ ਜਥੇਦਾਰ ਅਤੇ ਸੰਪ੍ਰਦਾਈ ਆਗੂ ਕਹਿੰਦੇ ਹਨ ਕਿ ਸਾਨੂੰ ਸ੍ਰੀ ਚੰਦ ਦੇ ਜੀਵਨ ਤੋਂ ਸਿਖਿਆ ਲੈਣੀ ਚਾਹੀਦੀ ਹੈ। ਦੇਖੋ! ਕਿਰਤ ਕਰਨੀ ਛੱਡ ਕੇ ਸ੍ਰੀ ਚੰਦ ਤਾਂ ਗ੍ਰਿਹਸਤ ਤੋਂ ਭਗੌੜਾ ਉਦਾਸ ਹੋ ਗਿਆ। ਕਪੜੇ ਛੱਡ ਕੇ ਲੰਗੋਟੀ ਧਾਰਨ ਕਰ ਲਈ। ਸਿਰ ਦੇ ਵਾਲ ਧੋਣ ਤੇ ਵਾਹੁਣ ਦੀ ਥਾਂ ਜਟਾਂ ਵਧਾ ਲਈਆਂ। ਸਾਰੇ ਸਰੀਰ ਅਤੇ ਸਿਰ ਵਿੱਚ ਸਵਾਹ ਮਲਣ ਲੱਗਾ ਅਤੇ ਬ੍ਰਾਹਮਣੀ ਮਤ ਦੇ ਮਨੋ ਕਲਪਿਤ ਦੇਵੀ ਦੇਵਤਿਆਂ ਤੇ ਅਵਤਾਰਾਂ ਦੀ ਪੂਜਾ ਕਰਨ ਲੱਗ ਪਿਆ। ਕੀ ਅੱਜ ਅਕਾਲ ਪੁਰਖ ਦੇ ਅਨੁਯਾਈ ਸਿੱਖਾਂ ਨੂੰ ਸ੍ਰੀ ਚੰਦ ਦੀ ਉਪ੍ਰੋਕਤ ਬ੍ਰਾਹਮਣੀ ਸਿਖਿਆ ਲੈਣੀ ਚਾਹੀਦੀ ਹੈ? ਜੇ ਨਹੀਂ ਤਾਂ ਸਾਰੇ ਗੁਰਮਤਿ ਵਿਰੋਧੀ ਜਥੇਦਾਰ, ਸੰਪ੍ਰਦਾਈ, ਡੇਰੇਦਾਰ ਅਤੇ ਸੰਤ-ਗ੍ਰੰਥ ਤੇ ਬਾਬੇ ਰੱਦ ਕਰਨੇ ਚਾਹੀਦੇ ਹਨ। ਸਿੱਖ ਨੇ ਗ੍ਰਿਹਸਤ ਵਿੱਚ ਰਹਿੰਦੇ ਹੀ ਉਦਾਸ ਭਾਵ ਮੋਹ ਮਾਇਆ ਤੋਂ ਨਿਰਲੇਪ ਰਹਿਣਾ ਹੈ ਜਿਵੇਂ ਕੰਵਲ ਚਿੱਕੜ ਨਿਰਲੇਪ ਰਹੇ ਸਦਾ ਪਾਣੀ ਦੇ ਉਪਰ ਤੈਰਦਾ ਹੈ ਨਾ ਕਿ ਗੁਰਮਤਿ ਸਿਧਾਂਤ ਛੱਡ ਕੇ, ਜਾਂ ਨਾਲ ਨਾਲ ਗੁਰਮਤਿ ਵਿਰਧੀ ਉਦਾਸੀ ਸਾਧਾਂ ਨੂੰ ਵੀ ਮਾਣਤਾ ਦੇਣੀ ਚਾਹੀਦੀ ਹੈ।

**Matrimonial**

"Looking for a well-educated and professionally sound Groom for a Ravidassia family's pretty handsome girl 5', 11/1988, USA citizen, B.S Degree in Aerospace Engineering. The girl is working in a reputed company as engineer. Interested parties may contact on cell phone 1209 817 5127 with biodata and latest photo."



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

**BUFFET LUNCH 11:00 AM To 3:00 PM**

Contact Us:

We are open seven days 11 AM to 10 PM

**Ph. 510-885-1212**
**Fax. 510-885-1532**

# L.A. MERCHANDISE
## Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call: **530-824-5134**

Call: **650-642-0697**

**3525 Highway 99, West Corning, CA 96021**
Across the Street from TA Truck Stop

# ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਲੋਕ-ਅਰਪਣ ਤੇ ਗੋਸ਼ਟੀ





**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਗ੍ਰਾਮ ਪੰਚਾਇਤ ਗਗਨੌਲੀ ਦੀ ਸਹਾਇਤਾ ਨਾਲ ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ ਦੀ ਪੁਸਤਕ 'ਮੇਰਾ ਪਿੰਡ ਮੇਰੇ ਲੋਕ' ਤੇ ਲੋਕ ਅਰਪਣ ਉਪਰੰਤ ਗੋਸ਼ਟੀ ਕਰਵਾਈ ਗਈ ਜਿਸਦੀ ਪ੍ਰਧਾਨਗੀ ਮੰਡਲ ਵਿਚ ਡਾ. ਕਰਮਜੀਤ ਸਿੰਘ, ਪ੍ਰੋ. ਬਲਦੇਵ ਸਿੰਘ ਬੱਲੀ, ਮਦਨ ਵੀਰਾ, ਸਰਪੰਚ ਬਲਵਿੰਦਰ ਸਿੰਘ ਟੂਰਾ ਅਤੇ ਕੈਪਟਨ ਲਾਲ ਸਿੰਘ ਸ਼ਾਮਿਲ ਹੋਏ।

ਸਭਾ ਦੇ ਮੀਤ ਪ੍ਰਧਾਨ ਸੁਰਿੰਦਰ ਕੰਗਵੀ ਨੇ ਜੀ ਆਇਆਂ ਸ਼ਬਦ ਆਖਦਿਆਂ ਸਾਹਿਤ ਸਭਾ ਦਾ ਸੰਖੇਪ ਇਤਿਹਾਸ ਪੇਸ਼ ਕੀਤਾ।

ਪੁਸਤਕ ਬਾਰੇ ਪਰਚਾ ਪੇਸ਼ ਕਰਦਿਆਂ ਪ੍ਰੋ. ਬੱਲੀ ਨੇ ਇਸਨੂੰ ਪਿੰਡ ਦੀ ਸਾਹਿਤਕ ਅਤੇ ਸਭਿਆਚਾਰਕ ਗਤੀਵਿਧੀਆਂ ਦਾ ਮੁਜੱਸਮਾ ਕਿਹਾ। ਪੁਸਤਕ ਵਿਚ ਲੇਖਕ ਨੇ ਧੂੜ 'ਚ ਗੁਆਚੇ ਨਕਸ਼ਾਂ ਨੂੰ ਅੱਖਰਾਂ ਦੀ ਜੂਨੇ ਪਾ ਕੇ ਨਵਾਂ ਜੀਵਨ ਦਾਨ ਦਿੱਤਾ ਹੈ। ਡਾ. ਕਰਮਜੀਤ ਸਿੰਘ ਅਤੇ ਮਦਨ ਵੀਰਾ ਨੇ ਕਿਹਾ ਕਿ ਲੇਖਕ ਨੇ ਪੁਸਤਕ ਵਿਚ ਪਿੰਡ ਦੇ ਮੌਖਿਕ ਇਤਿਹਾਸ ਨੂੰ ਅੱਖਰਾਂ ਦੀ ਜੂਨੇ ਪਾ ਕੇ ਮੁੜ ਜਿਉਣ ਜੋਗਾ ਕਰ ਦਿੱਤਾ ਹੈ।ਇਸ ਵਿਚ ਦੁਆਬੇ ਦੇ ਆਮ ਪਿੰਡਾਂ ਦੇ ਮੂੰਹ ਮੁਹਾਂਦਰੇ ਦੀ ਝਲਕ ਦੇਖੀ ਜਾ ਸਕਦੀ ਹੈ। ਚਰਚਾ ਵਿਚ ਤ੍ਰਿਪਤਾ ਕੇ. ਸਿੰਘ, ਸਤੀਸ਼ ਕੁਮਾਰ, ਡਾ. ਜਗਤਾਰ, ਲਾਲ ਸਿੰਘ, ਬਲਵਿੰਦਰ ਸਿੰਘ ਟੂਰਾ ਸਰਪੰਚ ਨੇ ਵੀ ਹਿੱਸਾ ਲਿਆ।

ਸਭਾ ਅਤੇ ਪੰਚਾਇਤ ਵਲੋਂ ਪੁਸਤਕ ਲੇਖਕ ਪ੍ਰਿੰਸੀ. ਫੁਲ, ਪ੍ਰੋ. ਬਲਦੇਵ ਸਿੰਘ ਬੱਲੀ ਅਤੇ ਆਏ ਹੋਏ ਵਿਦਵਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਇਲਾਕੇ ਦੇ ਵਿਦਿਆਰਥੀਆਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਧੰਨਵਾਦੀ ਸ਼ਬਦ ਡਾ. ਮਨਮੋਹਨ ਸਿੰਘ ਤੀਰ ਹੁਰਾਂ ਨੇ ਆਖੇ।

ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ। ਸਮਾਗਮ ਵਿਚ ਬਲਜੀਤ ਕੌਰ, ਰਤਨ ਸਿੰਘ, ਅਜੀਤ ਸਿੰਘ, ਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜੋਗਿੰਦਰ ਸਿੰਘ, ਪ੍ਰਤਾਪ ਸਿੰਘ, ਜਗਦੀਪ ਮਾਨ, ਕਮਲਜੀਤ ਸਿੰਘ, ਆਸਵਿੰਦਰ ਸਿੰਘ, ਮੋਨੀਆ ,ਆਯੂਸ਼, ਸ਼ਕੁੰਤਲਾ ਦੇਵੀ, ਮਨਿੰਦਰ ਸਿੰਘ, ਸਰਬਜੀਤ ਸਿੰਘ, ਸੁਰਜੀਤ ਸਿੰਘ, ਨਿਰਮਲ ਸਿੰਘ ਅਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (ਜਨਰਲ ਸਕੱਤਰ, ਪੰਜਾਬੀ ਸਾਹਿਤ ਸਭਾ ਹੁਸ਼ਿਆਰ ਪੁਰ ਮੋਬਾ. 98158-25999)**

# ਗੁਰੂ ਨਾਨਕ ਕਾਲਜ ਦੇ ਵਿਹੜੇ 'ਚ ਸਜੀਆਂ ਤੀਆਂ ਦੀਆਂ ਰੌਣਕਾਂ

## ਪ੍ਰਿੰਸੀਪਲ ਵਲੋਂ ਵਿਦਿਆਰਥਣਾਂ ਨੂੰ ਸਵੈਮਾਣ ਨਾਲ ਅੱਗੇ ਵਧਣ ਦਾ ਹੋਕਾ

**ਮੁਕੰਦਪੁਰ–(ਰੇਸ਼ਮ ਕਰਨਾਣਵੀ)** ਗੁਰੂ ਨਾਨਕ ਕਾਲਜ ਫਾਰ ਵੋਮੈਨ ਬੰਗਾ ਅਤੇ ਚਰਨ ਕੰਵਲ ਕੋਨਵੈਂਟ ਸੈਕੰਡਰੀ ਸਕੂਲ ਬੰਗਾ ਦੇ ਸਾਂਝੇ ਵਿਹੜੇ 'ਚ ਤੀਆਂ ਦਾ ਮੇਲਾ ਸਜਾਇਆ ਗਿਆ। ਮੇਲੇ ਦੌਰਾਨ ਕੁੜੀਆਂ ਵਲੋਂ ਬੰਨ੍ਹਿਆਂ ਗਿੱਧੇ ਦਾ ਪਿੜ ਅਤੇ ਪੀਘਾਂ ਦੇ ਹੁਲਾਰੇ ਮਾਹੌਲ ਨੂੰ ਰੰਗੀਨ ਬਣਾ ਗਏ। ਇਸ ਵਾਰ 'ਮਿਸ ਤੀਜ' ਦਾ ਤਾਜ ਜੂਨੀਅਰ ਵਰਗ 'ਚੋਂ ਨੌਂਵੀ ਜਮਾਤ ਦੀ ਸਿੰਮੀ ਅਤੇ ਸੀਨੀਅਰ ਵਰਗ 'ਚ ਡਿਪਲੋਮਾ ਇੰਨ ਕਾਸਟੋਮੈਟਿਕ ਦੀ ਵਿਦਿਆਰਥਣ ਰਮਨਪ੍ਰੀਤ ਕੌਰ ਸਿਰ ਸਜਿਆ।



ਇਸ ਤਰ੍ਹਾਂ 'ਕਿੱਕਲੀ' ਪਾਉਣ ਦੇ ਮੁਕਾਬਲੇ 'ਚ ਜਮਾਤ ਅੱਠਵੀਂ ਦੀਆਂ ਜਸਲੀਨ ਤੇ ਮੁਸਕਾਨ, ਬੀ.ਕਾਮ ਦੀਆਂ ਪੂਨਮ ਤੇ ਸੰਤੋਸ਼ ਮੈਦਾਨ 'ਚ ਨਿੱਤਰਆਂ ਸਭ ਜੋੜੀਆਂਨੂੰ ਪਛਾੜ ਗਈਆਂ। 'ਨੇਲ ਆਰਟ' ਮੁਕਾਬਲੇ 'ਚ ਐਮਏ ਅੰਗਰੇਜ਼ੀ ਦੀ ਵਿਦਿਆਰਥਣ ਸੰਦੀਪ ਨੇ ਪਹਿਲਾ ਸਥਾਨ ਹਾਸਲ ਕੀਤਾ। ਡਿਪਲੋਮਾ ਇਨ ਕਾਸਮੈਟਿਕ ਦੀ ਵਿਦਿਆਰਥਣ ਪ੍ਰਿਆ ਸਭ ਤੋਂ ਸੋਹਣੀ ਮਹਿੰਦੀ ਸਜਾ ਕੇ ਅੱਵਲ ਰਹੀ। 'ਪਰਾਂਦਾ ਸ਼ਿੰਗਾਰਨ' ਵਜੋਂ ਜੂਨੀਅਰ ਪੱਧਰ 'ਤੇ ਆਂਚਲ ਅਤੇ ਸੀਨੀਅਰ ਪੱਧਰ 'ਤੇ ਜੋਤੀ ਮੋਹਰੀ ਰਹੀਆਂ। ਕਾਲਜ ਦੇ ਪ੍ਰਿੰਸੀਪਲ ਡਾ. ਕੰਵਲਜੀਤ ਕੌਰ ਛੀਨਾ ਨੇ ਤੀਆਂ ਦੇ ਤਿਉਹਰ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕੁੜੀਆਂ ਨੂੰ ਆਪਣੇ ਭਵਿੱਖ ਦੀ ਮਜ਼ਬੂਤੀ ਲਈ ਲਗਨ ਤੇ ਮਿਹਨਤ ਦਾ ਸੁਮੇਲ ਬਣਾ ਕੇ ਆਤਮ ਵਿਸ਼ਵਾਸ਼ ਨਾਲ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ। ਸਟੇਜ ਦਾ ਸੰਚਾਲਨ ਮੈਡਮ ਮੀਨੂੰ ਭੋਲਾ ਨੇ ਢੁਕਵੀਂ ਇਬਾਰਤ ਤੇ ਕਾਵਿਕ ਟੋਟਕਿਆਂ ਦਾ ਸੁਮੇਲ ਬਣਾ ਕੇ ਬਾਖ਼ੂਬੀ ਨਿਭਾਇਆ। ਮੇਲੇ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪ੍ਰਧਾਨ ਬੀਬੀ ਜਸਵੰਤ ਕੌਰ ਦੀ ਅਗਵਾਈ 'ਚ ਉਕਤ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਜੀ ਸਟੇਜ 'ਤੇ ਵੱਖ ਵੱਖ ਗੀਤਾਂ 'ਤੇ ਡਾਂਸ ਆਇਟਮਾਂ ਦੀ ਪੇਸ਼ ਕੀਤੀਆਂ ਗਈਆਂ। ਸਕੂਲ ਮੁੱਖੀ ਦਇਆ ਸਚਦੇਵਾ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਸਮੂਹ ਹਾਜ਼ਰੀਨ ਨੂੰ ਭਾਂਤ ਸੁਭਾਂਤੇ ਪਕਵਾਨ ਵੀ ਵਰਤਾਏ ਗਏ।



ਇਤਿਹਾਸਿਕ ਅਸਥਾਨ ਸਤਿਗੁਰੂ ਰਵਿਦਾਸ ਜੀ ਸੀ ਖੁਰਾਲਗੜ੍ਹ ਸਾਹਿਬ ਵਿਖੇ ਭਾਈ ਰਣਜੀਤ ਸਿੰਘ ਢੱਡਰੀਆ ਵਾਲਿਆ ਦਾ ਦੀਵਾਨ ਨਵੰਬਰ 2017 ਚ ਹੋਣਾ ਨਿਸਚਿਤ ਹੋਇਆ ਹੈ,ਇਹ ਸਮਾਗਮ ਬੇਗਮਪੁਰਾ ਗੁਰਮਤਿ ਚੇਤਨਾ ਲਹਿਰ (ਭਾਰਤ) ਅਤੇ ਪਰਬੰਧਕ ਕਮੇਟੀ ਸੀ ਖੁਰਾਲਗੜ੍ਹ ਸਾਹਿਬ ਸਾਂਝੇ ਤੋਰ ਤੇ ਮਿਲ ਕਿ ਕਰਵਾ ਰਹੇ ਹਨ।

# ਛੁੱਟੀ ਵਾਲੇ ਦਿਨ ਕੋਈ ਵੀ ਸਰਕਾਰੀ ਕਰਮਚਾਰੀ ਆਫਿਸ ਆਇਆ ਤਾਂ ਹੋਵੇਗੀ ਸਖਤ ਕਾਰਵਾਈ

## ਹਰ ਸਨਿਚਰਵਾਰ, ਐਤਵਾਰ ਅਤੇ ਗਜਟਿਡ ਛੁੱਟੀ ਵਾਲੇ ਦਿਨ ਆਫਿਸਾਂ ਵਿਚ ਰੇਡ ਕਰਕੇ ਚੈਕਿੰਗ ਕਰੇਗੀ ਵਿਜੀਲੈਂਸ

**ਚੰਡੀਗੜ੍ਹ–** ਪੰਜਾਬ ਦੇ ਕਿਸੇ ਵੀ ਸਰਕਾਰੀ ਵਿਭਾਗ ਵਿਚ ਹੁਣ ਕੋਈ ਕਰਮਚਾਰੀ ਛੁੱਟੀ ਵਾਲੇ ਦਿਨ ਆਫਿਸ ਜਾ ਕੇ ਕੰਮ ਨਹੀਂ ਕਰੇਗਾ। ਇਸ ਦੇ ਲਈ ਚਾਹੇ ਉਸਦੇ ਅਫਸਰ ਨੇ ਹੀ ਦਬਾਅ ਕਿਉਂ ਨਾ ਪਾਇਆ ਹੋਵੇ। ਛੁੱਟੀ ਵਾਲੇ ਦਿਨ ਆਫਿਸ ਵਿਚ ਕੰਮ ਕਰਦੇ ਪਾਏ ਜਾਣ ਵਾਲੇ ਅਫਸਰਾਂ ਅਤੇ ਕਰਮਚਾਰੀਆਂ ਤੇ ਸਖਤ ਕਾਰਵਾਈ ਕੀਤੀ ਜਾਵੇਗੀ। ਵਿਜੀਲੈਂਸ ਬਿਊਰੀ ਹਰ ਸਨਿਚਰਵਾਰ, ਐਤਵਾਰ ਅਤੇ ਹੋਰ ਗਜਟਡ ਛੁੱਟੀਆਂ 'ਤੇ ਵੱਖ-ਵੱਖ ਸਰਕਾਰੀ ਦਫਤਰਾਂ ਵਿਚ ਰੇਡ ਕਰਕੇ ਚੈਕ ਕਰੇਗੀ ਕਿ ਕਿਤੇ ਕੋਈ ਕਰਮਚਾਰੀ ਆਫਿਸ ਵਿਚ ਕੰਮ ਤਾਂ ਨਹੀਂ ਕਰ ਰਿਹ। ਸੀ. ਏ. ਕੈਪਟਨ ਅਮਰਿੰਦਰ ਸਿੰਘ ਨੂੰ ਅਜਿਹੀਆਂ ਕਈ ਸ਼ਿਕਾਇਤਾਂ ਮਿਲੀਆਂ ਹਨ, ਜਿਹਨਾਂ ਵਿਚ ਦੱਸਿਆ ਗਿਆ ਹੈ ਕਿ ਕਈ ਅਫਸਰ ਅਤੇ ਕਰਮਚਾਰੀ ਛੁੱਟੀ ਵਾਲੇ ਦਿਨ ਕੰਮ ਕਰਨ ਦੇ ਬਹਾਨੇ ਜਾਣ-ਬੁੱਝ ਕੇ ਆਫਿਸ ਆਉ ਹਨ ਅਤੇ ਆਫਿਸ ਵਿਚ ਕਈ ਕੰਮਾਂ ਵਿਚ ਧਾਂਦਲੀਆਂ ਕਰਨ ਤੋਂ ਇਲਾਵਾ ਕਈ ਕੰਮਾਂ ਲਈ ਲੋਕਾਂ ਤੋਂ ਰਿਸ਼ਵਤ ਅਤੇ ਕਮਿਸ਼ਨ ਵੀ ਉਸੇ ਦਿਨ ਲੈਂਦੇ ਹਨ। ਇਹਨਾਂ ਸ਼ਿਕਾਇਤਾਂ ਤੋਂ ਬਾਅਦ ਸੀ. ਐਮ. ਨੇ ਇਸ ਬਾਰੇ ਚੈਕਿੰਗ ਦੇ ਲਈ ਵਿਜੀਲੈਂਸ ਬਿਊਰੋ ਨੂੰ ਜ਼ਿੰਮੇਵਾਰੀ ਸੌਂਪੀ ਹੈ। ਮੁੱਖ ਮੰਤਰੀ ਨੂੰ ਮਿਲੀਆਂ ਸ਼ਿਕਾਇਤਾਂ ਵਿਚ ਦੱਸਿਆ ਗਿਆ ਕਿ ਵੱਖ-ਵੱਖ ਸਰਕਾਰੀ ਦਫਤਰਾਂ ਵਿਚ ਕੰਮ ਕਰਨ ਵਾਲੇ ਬਾਬੂ ਅਤੇ ਅਫਸਰ ਆਮ ਲੋਕਾਂ ਦੇ ਕੰਮ ਵਿਚ ਅੜਿੱਕਾ ਪਾਉਂਦੇ ਹਨ ਅਤੇ ਰਿਸ਼ਵਤ ਅਤੇ ਕਮਿਸ਼ਨ ਮਿਲਣ ਤੇ ਹੀ ਕੰਮ ਕਰਦੇ ਹਨ। ਰਿਸ਼ਵਤ ਅਤੇ ਕਮਿਸ਼ਨ ਲੈਣ ਲਈ ਜ਼ਿਆਦਾਤਰ ਬਾਬੂ ਅਤੇ ਅਫਸਰ ਛੁੱਟੀ ਦੇ ਦਿਨ ਤਹਿ ਕਰਦੇ ਹਨ ਅਤੇ ਛੁੱਟੀ ਵਾਲੇ ਦਿਨ ਕੰਮ ਦੇ ਬਹਾਨੇ ਆਫਿਸ ਆ ਕੇ ਰਿਸ਼ਵਤ ਅਤੇ ਕਮਿਸ਼ਨ ਦੀ ਰਾਸ਼ੀ ਵਸੂਲ ਕਰਦੇ ਹਨ। ਉਸੇ ਦਿਨ ਉਹਨਾਂ ਦੇ ਸਾਹਮਣੇ ਬੈਕ ਡੇਟ ਵਿਚ ਫਾਈਲ ਕੱਢ ਕੇ ਕਲੀਅਰ ਕਰ ਦਿੱਤੀ ਜਾਂਦੀ ਹੈ। ਇਹਨਾਂ ਸ਼ਿਕਾਇਤਾਂ ਦੇ ਆਧਾਰ ਤੇ ਇਸ ਬਾਰੇ ਵਿਜੀਲੈਂਸ ਨੂੰ ਚੈਕਿੰਗ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

**ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਤੇ ਟ੍ਰਾਇਲ ਬੇਸ ਤੇ ਰੇਡ ਦੀ ਸ਼ੁਰੂਆਤ**

ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਤੇ ਛੁੱਟੀ ਵਾਲੇ ਦਿਨ ਵਿਜੀਲੈਂਸ ਬਿਊਰੀ ਵੱਲੋਂ ਟ੍ਰਾਇਲ ਬੇਸ ਤੇ ਕਈ ਸਰਕਾਰੀ ਵਿਭਾਗਾਂ ਦੇ ਦਫਤਰਾਂ ਵਿਚ ਰੇਡ ਕੀਤੀ ਗਈ। ਇਸ ਵਿਚ ਪਨਸਪ, ਲੋਕਲ ਬਾਡੀਜ਼, ਹੈਲਥ ਵਿਭਾਗ ਅਤੇ ਹੋਰ ਸਰਕਾਰੀ ਆਫਿਸ ਸ਼ਾਮਲ ਸਨ। ਇਸ ਦੌਰਾਨ ਕਈ ਕਰਮਚਾਰੀ ਕੰਮ ਕਰਦੇ ਪਾਏ ਗਏ, ਜਦਕਿ ਉਸ ਦਿਨ ਸਰਕਾਰੀ ਛੁੱਟੀ ਸੀ।

# ਪੰਜਾਬ ਸਰਕਾਰ ਕਿਸਾਨੀ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਯਤਨਸ਼ੀਲ - ਵਿਧਾਇਕ ਲਾਡੀ

## ਹਲਕਾ ਸ੍ਰੀ ਹਰਗੋਬਿੰਦਪੁਰ ਨੂੰ ਵਿਕਾਸ ਪੱਖੋ ਮੋਹਰੀ ਹਲਕਾ ਬਣਾਇਆ ਜਾਵੇਗਾ

**ਬਟਾਲਾ (ਨਰਿੰਦਰ ਬਰਨਾਲ) –** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ ਅਤੇ ਕਿਸਾਨੀ ਦੀ ਆਰਥਿਕ ਸਥਿਤੀ ਸੁਧਾਰਨ ਲਈ ਵਿਆਪਕ ਪੱਧਰ 'ਤੇ ਉਪਾਰਾਲੇ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਕਰਦਿਆਂ ਸ. ਬਲਵਿੰਦਰ ਸਿੰਘ ਲਾਡੀ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਨੇ ਕਿਹਾ ਕਿ ਕਿਸਾਨਾਂ ਨੂੰ ਪੈਰਾਂ 'ਤੇ ਖੜਾ ਕਰਨਾ ਪੰਜਾਬ ਸਰਕਾਰ ਦੀ ਮੁੱਖ ਪਹਿਲ ਹੈ ਅਤੇ ਇਸ ਦਿਸ਼ਾ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸੂਬਾ ਸਰਕਾਰ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸੂਬੇ ਦੀ ਕਿਰਸਾਨੀ ਦੀ ਆਰਥਿਕ ਹਾਲਤ ਤੋਂ ਜਾਣੂ ਹਨ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਅਤੇ ਕਰਜ਼ਿਆਂ ਤੋਂ ਨਿਜਾਤ ਦਿਵਾਉਣ ਲਈ ਸੂਬਾ ਸਰਕਾਰ ਇਸ ਦੇ ਪੱਕੇ ਹੱਲ ਲਈ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿਸਾਨਾਂ ਨਾਲ ਕਰਜਾ ਮੁਆਫੀ ਦਾ ਵਾਅਦਾ ਕਾਂਗਰਸ ਸਰਕਾਰ ਵੱਲੋਂ ਹਰ ਹੀਲੇ ਨਿਭਾਇਆ ਜਾਵੇਗਾ।



ਹਲਕਾ ਵਿਧਾਇਕ ਸ. ਲਾਡੀ ਨੇ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਨੂੰ ਵਿਕਾਸ ਪੱਖੋ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ ਤੇ ਪੰਜਾਬ ਸਰਕਾਰ ਵਲੋਂ ਇਸ ਹਲਕੇ ਦੇ ਵਿਕਾਸ ਲਈ ਗ੍ਰਾਂਟਾਂ ਦੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਉਨਾਂ ਦਾ ਸੁਪਨਾ ਹੈ ਕਿ ਹਲਕਾ ਦੇ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਮਿਲਣ ਅਤੇ ਨੌਜਵਾਨ ਉੱਚ ਸਿੱਖਿਆ ਗ੍ਰਹਿਣ ਕਰਕੇ ਦੇਸ਼ ਤੇ ਸੂਬੇ ਦੀ ਤਰੱਕੀ 'ਚ ਯੋਗਦਾਨ ਪਾਉਣ। ਉਹਨਾਂ ਕਿਹਾ ਕਿ ਹਲਕੇ ਨੂੰ ਸੈਰ-ਸਪਾਟੇ ਦੇ ਪੱਖ ਤੋਂ ਵੀ ਦੇਸ਼ ਦੇ ਨਕਸ਼ੇ 'ਤੇ ਉਭਾਰਨ ਦੇ ਯਤਨ ਕੀਤੇ ਜਾਣਗੇ।

# ਵਿਦੇਸ਼ੀ ਦੌਰਿਆਂ 'ਤੇ ਬਿਨਾਂ ਸੁਰੱਖਿਆ ਤੋਂ ਜਾ ਕੇ ਕੀ ਲੁਕੋ ਰਹੇ ਹਨ-ਰਾਜਨਾਥ

**ਨਵੀ ਦਿੱਲੀ–** ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਾਂਗਰਸ ਉਪ-ਪ੍ਰਧਾਨ ਬਾਰੇ ਹੀ ਸਵਾਲ ਕਰਦਿਆਂ ਕਿਹਾ ਕਿ ਬਿਨਾਂ ਸੁਰੱਖਿਆ ਕਵਰ ਤੋਂ ਵਿਦੇਸ਼ੀ ਦੌਰਿਆਂ 'ਤੇ ਜਾਣ ਵੇਲੇ ਰਾਹੁਲ ਗਾਂਧੀ ਆਖ਼ਰ ਕੀ ਛੁਪਾ ਰਹੇ ਹਨ। ਦੱਸਣਯੋਗ ਹੈ ਕਿ ਵਿਰੋਧੀ ਧਿਰ ਦੇ ਹੀ ਕੁਝ ਆਗੂਆਂ ਨੇ ਸਰਕਾਰ 'ਤੇ ਸੁਰੱਖਿਆ ਲਈ ਨਿਯੁਕਤ ਕੀਤੇ ਅਧਿ-ਕਾਰੀਆਂ ਤੋਂ ਜਾਸੂਸੀ ਕਰਵਾਉਣ ਦਾ ਇਲਜ਼ਾਮ ਲਾਇਆ ਸੀ । ਗ੍ਰਹਿ ਮੰਤਰੀ ਨੇ ਕੁਝ ਅੰਕੜੇ ਸਦਨ 'ਚ ਰੱਖਦਿਆਂ ਕਿਹਾ ਕਿ ਪਿਛਲੇ ਦੋ ਸਾਲਾਂ 'ਚ ਰਾਹੁਲ ਗਾਂਧੀ ਬਿਨਾਂ ਸੁਰੱਖਿਆ ਕਵਰ ਤੋਂ 72 ਦਿਨਾਂ ਲਈ 6 ਵਿਦੇਸ਼ੀ ਦੌਰਿਆਂ 'ਤੇ ਗਏ । ਰਾਜਨਾਥ ਸਿੰਘ ਨੇ ਕਿਹਾ ਕਿ ਆਖ਼ਰ ਵਿਦੇਸ਼ੀ ਦੌਰਿਆਂ 'ਤੇ ਸੁਰੱਖਿਆ ਕਵਰ ਨਾ ਲੈ ਕੇ ਰਾਹੁਲ ਕੀ ਛੁਪਾਉਣਾ ਚਾਹੁੰਦੇ ਹਨ? ਗ੍ਰਹਿ ਮੰਤਰੀ ਨੇ ਰਾਹੁਲ ਗਾਂਧੀ 'ਤੇ ਸੁਰੱਖਿਆ ਮਸ਼ਕਾਂ ਦੀ ਅਣਗਹਿਲੀ ਕਰਨ ਦਾ ਵੀ ਇਲਜ਼ਾਮ ਲਾਇਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਧੇਨੇਰਾ ਤੋਂ ਦੋ ਬੂਲੇਟ ਪਰੂਫ ਕਾਰਾਂ ਮੁਹੱਈਆ ਕਰਵਾਈਆਂ ਗਈਆਂ, ਪਰ ਉਹ ਐਸ. ਪੀ. ਜੀ. ਅਧਿਕਾਰੀਆਂ ਦੇ ਮਸ਼ਵਰੇ ਦੀ ਅਣਦੇਖੀ ਕਰਦਿਆਂ ਬਿਨਾਂ ਬੂਲੇਟ ਪਰੂਫ ਗੱਡੀ 'ਚ ਜਾ ਬੈਠੇ । ਰਾਜਨਾਥ ਸਿੰਘ ਨੇ ਇਕ ਵਾਰ ਫਿਰ ਅੰਕੜਿਆਂ ਦਾ ਸਹਾਰਾ ਲੈਂਦਿਆਂ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ 121 ਨਿਰਧਾਰਤ ਅਤੇ ਗ਼ੈਰ-ਨਿਰਧਾਰਤ ਦੌਰਿਆਂ 'ਚ ਰਾਹੁਲ ਨੇ ਬੂਲੇਟ ਪਰੂਫ ਕਾਰ ਦਾ ਇਸਤੇਮਾਲ ਨਾ ਕਰਕੇ ਸੁਰੱਖਿਆ ਘੇਰਾ ਤੋੜਿਆ ਹੈ । ਗ੍ਰਹਿ ਮੰਤਰੀ ਨੇ ਰਾਹੁਲ ਗਾਂਧੀ ਦੇ ਦੌਰਾ ਛੇਤੀ ਕਰਨ 'ਤੇ ਵੀ ਟਿੱਪਣੀ ਕਰਦਿਆਂ ਕਿਹਾ ਕਿ ਰਾਹੁਲ ਗੁਜਰਾਤ 'ਚ ਆਫਤਾਂ ਬਾਰੇ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਨਹੀਂ, ਸਗੋਂ ਸੈਰਸਪਾਟੇ ਲਈ ਗਏ ਸੀ । ਗ੍ਰਹਿ ਮੰਤਰੀ ਦੇ ਬਿਆਨਾਂ 'ਤੇ ਇਤਰਾਜ਼ ਕਰਦਿਆਂ ਕਾਂਗਰਸ ਸੰਸਦ ਮੈਂਬਰ ਮੁੜ ਸਭਾ ਦੇ ਵਿਚਕਾਰ ਆ ਗਏ, ਜਦਕਿ ਤ੍ਰਿਣਮੂਲ ਕਾਂਗਰਸ ਅਤੇ ਸੀ. ਪੀ. ਆਈ. (ਐਮ) ਦੇ ਨੇਤਾਵਾਂ ਨੇ ਵੀ ਕਾਂਗਰਸ ਦੀ ਹਮਾਇਤ 'ਚ ਆਉਂਦਿਆਂ ਹਾਦਸੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਸਦਨ 'ਚ ਇਸ ਦੀ ਨਿਖੇਧੀ ਕਰਨ ਦੀ ਮੰਗ ਕੀਤੀ। ਸਪੀਕਰ ਵੱਲੋਂ ਮੰਗ ਖਾਰਜ ਕਰਨ ਅਤੇ ਹੰਗਾਮਾ ਵਧਣ 'ਤੇ ਸੁਮਿੱਤਰਾ ਮਹਾਜਨ ਨੇ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ।

# ਬੱਚਿਆਂ ਨੂੰ ਸਿਰਫ ਸਿੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ- ਦੂਲੋਂ












**ਜਲੰਧਰ–** ਮਾਨਵ ਕਲਿਆਣ ਐਜੂਕੇਸ਼ਨਲ ਸੁਸਾਇਟੀ ਵੱਲੋਂ ਪਹਿਲਾ ਸਿੱਖਿਆ ਸਬੰਧੀ ਸੈਮੀਨਾਰ ਰੈਡ ਕਰਾਸ ਭਵਨ ਜਲੰਧਰ ਵਿਖੇ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਸ਼ਮਸ਼ੇਰ ਸਿੰਘ ਦੂਲੋਂ, ਮੈਂਬਰ ਰਾਜ ਸਭਾ ਸ਼ਾਮਲ ਹੋਏ। ਉਹਨਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਬੱਚਿਆਂ ਨੂੰ ਸਿਰਫ ਤੇ ਸਿਰਫ ਸਿੱਖਿਆ ਵੱਲ ਹੀ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਸਿੱਖਿਆ ਦੇ ਖੇਤਰ ਵਿਚ ਮਾਨਵ ਕਲਿਆਣ ਐਜੂਕੇਸ਼ਨਲ ਸੁਸਾਇਟੀ ਦੁਆਰਾ ਗਰੀਬ ਵਰਗ ਦੇ ਬੱਚਿਆਂ ਵਿਚ ਵਿੱਦਿਆ ਦੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਐਸ. ਸੀ. ਕਮਿਸ਼ਨ ਦੇ ਸਾਬਕਾ ਚੇਅਰਮੈਨ ਡਾ. ਰਾਜ ਕੁਮਾਰ ਵੇਰਕਾ ਨੇ ਇਕ ਕਿਤਾਬ 'ਪਰਮਵੀਰ' ਰਿਲੀਜ਼ ਕਰਦਿਆਂ ਕਿਹਾ ਕਿ ਅੱਜਕਲ੍ਹ ਇਸ ਮੁਸ਼ਕਿਲ ਦੌਰ ਵਿਚ ਗਰੀਬ ਮਾਪਿਆਂ ਲਈ ਆਪਣੇ ਬੱਚਿਆਂ ਨੂੰ ਐਜੂਕੇਸ਼ਨ ਦਿਵਾਉਣਾ ਬੇਹੱਦ ਮੁਸ਼ਕਿਲ ਹੋ ਗਿਆ ਹੈ। ਸਿੱਖਿਆ ਬਿਨਾਂ ਆਦਮੀ ਜਾਨਵਰ ਦੇ ਬਰਾਬਰ ਹੁੰਦਾ ਹੈ। ਇਸ ਲਈ ਗਰੀਬ ਬੱਚਿਆਂ ਦੀ ਸਿੱਖਿਆ ਲਈ ਸਾਨੂੰ ਪਹਿਲ ਦੇ ਆਧਾਰ 'ਤੇ ਉਪਰਾਲੇ ਕਰਨੇ ਹੋਣਗੇ। ਇਸ ਮੌਕੇ ਮਾਨਵ ਕਲਿਆਣ ਸਸਾਇਟੀ ਦੇ ਪ੍ਰਧਾਨ ਸੁਖਦੇਵ ਬਤਰਾ, ਵਿਧਾਇਕ ਸੁਸ਼ੀਲ ਰਿੰਕੂ, ਗੁਰਮੇਲ ਸਿੰਘ ਮੱਟੂ, ਨਿਰਮਲ ਮੌਜੀ, ਵਿਸ਼ਾਲ ਵਧਵਾ, ਗਣੇਸ਼ ਲਾਲ (ਸੀਨੀਅਰ ਮੈਨੇਜਰ ਐਲ. ਆਈ. ਸੀ., ਜਲੰਧਰ), ਮੈਨੇਜਰ ਵਿਨੋਦ ਕੌਲ, ਗੋਪਾਲ ਕ੍ਰਿਸ਼ਨ ਸੰਭਰਵਾਲ, ਵਰਿੰਦਰ ਖੰਨਾ, ਐਮ. ਆਰ. ਪਵਾਰ (ਜੈਤੇਵਾਲੀ), ਗੁਰਚਰਨ ਲਾਡੀ, ਅਸ਼ੋਕ ਗਰੇਵਾਲ, ਦਵਿੰਦਰ ਗੋਲਾ, ਬੇਲੀ ਰਾਮ ਸਹੋਤਾ, ਸ਼ਿਵ ਦਿਆਲ ਸਹੋਤਾ, ਜੋਗਿੰਦਰ ਪਾਲ ਥਾਪਾ, ਡਾ. ਰਾਮ ਲਾਲ ਜੱਸੀ, ਮੁਕੇਸ਼ ਆਨੰਦ, ਪਰਮਿੰਦਰ ਸਿੰਘ ਤੇ ਮਨੋਜ ਅਰੋੜਾ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਆਖਿਰ ਵਿਚ ਮਾਨਵ ਕਲਿਆਣ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸੁਖਦੇਵ ਬੱਤਰਾ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਐਸਸੀ ਕਮਿਸ਼ਨ ਵਲੋਂ ਧੰਦੀਵਾਲ ਵਿੱਚ ਦਲਿਤਾਂ ਦਾ ਬਾਈਕਾਟ ਮਾਮਲੇ ਵਿੱਚ ਕਮਿਸ਼ਨਰ ਸੰਗਰੂਰ ਅਤੇ ਐਸਐਸਪੀ ਤਲਬ

**ਚੰਡੀਗੜ੍ਹ–** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਧੰਦੀਵਾਲ ਦੇ ਜਿੰਮੀਦਾਰਾਂ ਵਲੋਂ ਦਲਿਤਾਂ ਦਾ ਬਾਈਕਾਟ ਕਰਨ ਦੇ ਮਾਮਲੇ ਵਿਚ ਡਿਪਟੀ ਕਮਿਸ਼ਨਰ, ਸੰਗਰੂਰ ਅਤੇ ਐਸ.ਐਸ.ਪੀ. ਸੰਗਰੂਰ 08 ਅਗਸਤ, 2017 ਨੂੰ ਨਿੱਜੀ ਪੱਧਰ 'ਤੇ ਪੇਸ਼ ਹੋਣ ਲਈ ਨਿਰਦੇਸ਼ ਦਿੱਤੇ ਗਏ ਹਨ।



ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅੱਜ ਇਥੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਨੇ ਦੱਸਿਆ ਕਿ ਅਖਬਾਰਾਂ ਵਿੱਚ ਛਪੀ ਖਬਰ ਕਿ ਧੂਰੀ ਵਿੱਚ ਪੈਂਦੇ ਧੰਦੀਵਾਲ ਵਿੱਚ ਜਿੰਮੀਦਾਰਾਂ ਨੇ ਦਲਿਤਾਂ ਦਾ ਬਾਈਕਾਟ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇਣ ਜਾਂ ਸਮਾਨ ਜਾਂ ਸੋਦਾ ਦੇਣ ਵਾਲਿਆ ਨੂੰ 5,000K– ਰੁਪਏ ਜ਼ੁਰਮਾਨਾ ਕਰਨ ਦਾ ਐਲਾਨ ਵੀ ਕੀਤਾ ਹੈ ਅਤੇ ਦਲਿਤਾਂ ਦੇ ਪਸ਼ੂਆਂ ਲਈ ਚਾਰਾ ਨਾ ਮਿਲਣ ਕਰਕੇ ਗੰਭੀਰ ਸਥਿਤੀ ਨੂੰ ਦੇਖਦਿਆਂ, ਕਮਿਸ਼ਨ ਨੇ ਇਸ ਦਾ ਸੂ-ਮੋਟੋ ਨੋਟਿਸ ਲੈਂ'ਦੇ ਹੋਏ ਪੜਤਾਲ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਸ ਸਬੰਧ ਵਿੱਚ ਡਿਪਟੀ ਕਮਿਸ਼ਨਰ, ਸੰਗਰੂਰ ਅਤੇ ਐਸ.ਐਸ.ਪੀ. ਸੰਗਰੂਰ ਨੂੰ ਇਸ ਮਾਮਲੇ ਸਬੰਧੀ ਮੁਕੰਮਲ ਰਿਪੋਰਟ 08 ਅਗਸਤ, 2017 ਤੱਕ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਦੇਣ ਲਈ ਆਖਿਆ ਹੈ।

# ਵੱਧ ਰਹੀਆਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਚਿੰਤਾ ਦਾ ਵਿਸ਼ਾ- ਘਾਲੀ

**ਮੋਗਾ–** ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਮੋਗਾ ਦੇ ਸਾਬਕਾ ਪ੍ਰਧਾਨ ਦਵਿੰਦਰ ਸਿੰਘ ਘਾਲੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦੋ ਮਹੀਨਿਆਂ ਤੋਂ ਹੋ ਰਹੀਆਂ ਰੋਜ਼ਾਨਾ ਖੁਦਕੁਸ਼ੀਆਂ ਦੀਆਂ ਘਟਨਾਵਾਂ ਵਿਚ ਦਿਨ-ਬ-ਦਿਨ ਵਾਧਾ ਚਿੰਤਾ ਦਾ ਵਿਸ਼ਾ ਹੈ। ਘਾਲੀ ਨੇ ਦੱਸਿਆ ਕਿ ਇਸ ਦਾ ਇਕ ਕਾਰਨ ਕੈਪਟਨ ਦਾ ਕਿਸਾਨਾਂ ਨਾਲ ਵਾਅਦਾ ਕਰਕੇ ਮੁੱਕਰਨਾ ਹੈ। ਕੁਰਸੀ ਦੇ ਮੋਹ ਵਿਚ ਆ ਕੇ ਕੈਪਟਨ ਨੇ ਕਿਸਾਨੀ ਦਾ ਸਮੁੱਚਾ ਕਰਜਾ ਬੈਂਕਾਂ, ਆੜ੍ਹਤੀਆਂ, ਸੂਦਖੋਰਾਂ ਦਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ ਜੋ ਕਿ ਉਹ ਸ਼ਰੇਆਮ ਮੁੱਕਰ ਗਏ। ਸਭ ਨੂੰ ਲੈਪਟਾਪ ਤੇ ਹਰੇਕ ਘਰ ਦੇ ਇਕ ਵਿਅਕਤੀ ਨੂੰ ਨੌਕਰੀ ਤੇ ਖੁਦਕੁਸ਼ੀ ਪੀੜਤ ਨੂੰ 10 ਲੱਖ ਰੁਪਏ ਤਾਂ ਕਾਂਗਰਸ ਸਰਕਾਰ ਇਹਨਾਂ ਵਾਅਦਿਆਂ ਤੋਂ ਭੱਜ ਚੁੱਕੀ ਹੈ। ਵਾਅਦਾ ਕਰਨਾ ਤੇ ਮੁੱਕਰ ਜਾਣਾ ਇਹਨਾਂ ਸਰਕਾਰਾਂ ਦਾ ਦਸਤੂਰ ਬਣ ਚੁੱਕਿਆ ਹੈ। ਸਰਕਾਰਾਂ ਨੇ ਕਿਸਾਨਾਂ ਨੂੰ ਫੁਟਬਾਲ ਬਣਾਇਆ ਹੋਇਆ ਹੈ। ਇਕ ਵਾਰ ਇਹ ਕੇਂਦਰ ਦੇ ਪਾਲੇ ਵਿਚ ਹੁੰਦਾ ਹੈ ਤੇ ਦੂਜੀ ਵਾਰ ਸੂਬੇ ਦੇ ਪਾਲੇ ਵਿਚ ਹੁੰਦਾ ਹੈ। ਇਕ ਦੂਜੇ ਦੇ ਪਾਲੇ ਵਿਚ ਭੇਜ ਕੇ ਕਿਸਾਨਾਂ ਨੂੰ ਜਲੀਲ ਕੀਤਾ ਜਾ ਰਿਹਾ ਹੈ, ਜਿਵੇਂ ਕਿ ਕਿਹਾ ਜਾਂਦਾ ਹੈ 'ਚਿੜੀਆਂ ਦਾ ਮਰਨਾ ਤੇ ਗਵਾਰਾਂ ਦਾ ਹਾਸਾ'।



ਉਹਨਾਂ ਕਿਹਾ ਕਿ ਇਕ ਪਾਸੇ ਤਾਂ ਕੈਪਟਨ ਸਰਕਾਰ ਖਜ਼ਾਨਾ ਖਾਲੀ ਹੋਣ ਦੇ ਰੋਣੇ ਰੋ ਰਹੀ ਹੈ ਤੇ ਦੂਜੇ ਪਾਸੇ ਆਪਣੇ ਵਿਧਾਇਕਾਂ ਦੀਆਂ ਤਨਖਾਹਾਂ, ਭੱਤੇ ਤੇ ਹੋਰ ਸਹੂਲਤਾਂ ਲੈਣ ਲਈ ਸਭ ਵਿਧਾਇਕ ਇੱਕਜੁਟ ਹਨ। ਘਾਲੀ ਨੇ ਅੰਤ ਵਿਚ ਕਿਹਾ ਕਿ ਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜੀਵਨ ਲੀਲਾ ਸਮਾਪਤ ਨਾ ਕਰਨ। ਅਸੀਂ ਬੰਦਾ ਸਿੰਘ ਬਹਾਦਰ, ਸ਼ਹੀਦ ਭਗਤ ਸਿੰਘ, ਚਾਚਾ ਅਜੀਤ ਸਿੰਘ ਤੇ ਸਭ ਤੋਂ ਵੱਧ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸ ਹਾਂ, ਜਿਹਨਾਂ ਨੇ ਲੜਦਿਆਂ ਆਪਾ ਤੇ ਆਪਣਾ ਪਰਿਵਾਰ ਵਾਰ ਦਿੱਤਾ। ਕਿਸਾਨਾਂ ਨੂੰ ਪਾਰਟੀ ਪੱਧਰ ਤੋਂ ਉਪਰ ਉੱਠ ਕੇ ਹਾਕਮਾਂ ਦੀਆਂ ਗੰਦੀਆਂ ਤੇ ਲੂੰਬੜ ਚਾਲਾਂ ਸਮਝ ਕੇ ਪਿੰਡਾਂ ਵਿਚ ਘਿਰਾਓ ਕੀਤਾ ਜਾਵੇ ਤੇ ਖਰੀਆਂ-ਖਰੀਆਂ ਸੁਣਾਈਆਂ ਜਾਣ।

**–ਡਾ. ਬਲਕਾਰ ਸਿੰਘ ਘੱਲ ਕਲਾਂ**
**(98150-65177)**

# ਬਵਾਨਾ ਉਪ ਚੋਣ ਵਿਚ ਅਣਦੇਖੀ ਕਾਰਨ ਦਲਿਤ ਨੇਤਾ ਅਤੇ ਸਥਾਨਕ ਸਾਂਸਦ ਉਦਿਤਰਾਜ ਭਾਜਪਾ ਤੋਂ ਨਰਾਜ਼

**ਨਵੀਂ ਦਿੱਲੀ–** ਬਵਾਨਾ ਵਿਧਾਨ ਸਭਾ ਦੀ ਉਪ-ਚੋਣ ਵਿਚ ਪਾਰਟੀ ਲੀਡਰਸ਼ਿਪ ਵੱਲੋਂ ਲਗਾਤਾਰ ਅਣਦੇਖਿਆ ਕੀਤੇ ਜਾਣ ਕਾਰਨ ਦਲਿਤ ਨੇਤਾ ਅਤੇ ਸਥਾਨਕ ਸਾਂਸਦ ਉਦਿਤ ਰਾਜ ਭਾਰਤੀ ਜਨਤਾ ਪਾਰਟੀ ਤੋਂ ਨਰਾਜ਼ ਚੱਲ ਰਹੇ ਹਨ। ਭਾਰਤੀ ਜਨਤਾ ਪਾਰਟੀ ਨੇ ਆਗਾਮੀ ਬਵਾਨਾ ਵਿਧਾਨ ਸਭਾ ਉਪ ਚੋਣ ਲਈ ਪੱਛਮੀ ਦਿੱਲੀ ਤੋਂ ਸਾਂਸਦ ਪ੍ਰਵੇਸ਼ ਵਰਮਾ ਨੂੰ ਇੰਚਾਰਜ ਬਣਾਇਆ ਹੈ, ਜਿਸ ਕਾਰਨ ਸਥਾਨਕ ਸਾਂਸਦ ਉਦਿਤ ਰਾਜ ਭੜਕੇ ਹੋਏ ਹਨ। ਵਰਣਨਯੋਗ ਹੈ ਕਿ ਭਾਜਪਾ ਦੀ ਅਹਿਮ ਲੀਡਰਸ਼ਿਪ ਨੇ ਚੋਣ ਟਿਕਟ ਨੂੰ ਲੈ ਕੇ ਸਥਾਨਕ ਸਾਂਸਦ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ ਅਤੇ ਉਹਨਾਂ ਦੀ ਨਹੀਂ ਸੁਣੀ ਗਈ।

ਆਪਣੀ ਨਰਾਜ਼ਗੀ ਜਾਹਿਰ ਕਰਦਿਆਂ ਦਿੱਲੀ ਦੇ ਉਤਰ ਪੱਛਮੀ ਲੋਕ ਸਭਾ ਖੇਤਰ ਤੋਂ ਸਾਂਸਦ ਉਦਿਤ ਰਾਜ ਨੇ ਕਿਹਾ ਕਿ ਚਾਹੇ ਸਾਲ 2015 ਦੀਆਂ ਵਿਧਾਨ ਸਭਾ ਚੋਣਾਂ ਹੋਣ ਜਾਂ ਫਿਰ ਹਾਲ ਹੀ ਵਿਚ ਹੋਣ ਜਾ ਰਹੀ ਬਵਾਨਾ ਦੀ ਉਪ ਚੋਣ, ਹਰ ਵਾਰ ਭਾਜਪਾ ਦੀ ਅਹਿਮ ਲੀਡਰਸ਼ਿਪ ਨੇ ਉਹਨਾਂ ਨੂੰ ਨਜ਼ਰਅੰਦਾਜ਼ ਕੀਤਾ ਹੈ ਅਤੇ ਅੱਜ ਸਾਂਸਦ ਹੁੰਦਿਆਂ ਵੀ ਉਹਨਾਂ ਦੀ ਹੈਸੀਅਤ ਇਕ ਬੇਹੱਦ ਹੀ ਦੱਬੇ-ਕੁਚਲੇ ਦਲਿਤ ਵਰਗੀ ਹੋ ਗਈ ਹੈ।

ਵਰਣਨਯੋਗ ਹੈ ਕਿ ਭਾਜਪਾ ਦੀ ਅਹਿਮ ਲੀਡਰਸ਼ਿਪ ਵਿਚ ਪ੍ਰਵੇਸ਼ ਵਰਮਾ ਨੂੰ ਬਵਾਨਾ ਉਪ ਚੋਣ ਦਾ ਇੰ-ਚਾਰਜ ਬਣਾਇਆ ਗਿਆ ਹੈ, ਜਦਕਿ ਉਦਿਤ ਰਾਜ ਦਾ ਕਹਿਣਾ ਹੈ ਕਿ ਇਹ ਉਹਨਾਂ ਦੇ ਲੋਕ ਸਭਾ ਖੇਤਰ ਦੀ ਸੀਟ ਹੈ ਇਸ ਕਰਕੇ ਨਾ ਕੇਵਲ ਉਹਨਾਂ ਨੂੰ ਅਹਿਮੀਅਤ ਮਿਲਣੀ ਚਾਹੀਦੀ ਹੈ ਬਲਕਿ ਉਹਨਾਂ ਦੇ ਕਹੇ ਮੁਤਾਬਕ ਹੀ ਚੋਣ ਰਣਨੀਤੀ ਬਣਨੀ ਚਾਹੀਦੀ ਸੀ। ਇਹ ਦਲਿਤ ਰਿਜ਼ਰਵ ਸੀਟ ਹੈ ਅਤੇ ਇਸ ਲਿਹਾਜ ਨਾਲ ਵੀ ਉਹਨਾਂ ਨੂੰ ਇਸਦੀ ਕਮਾਨ ਸੌਂਪਣੀ ਚਾਹੀਦੀ ਸੀ ਪਰ ਭਾਜਪਾ ਲੀਡਰਸ਼ਿਪ ਨੇ ਇੱਥੇ ਇਕ ਦਲਿਤ ਨੇਤਾ ਨੂੰ ਹੀ ਨਜ਼ਰਅੰਦਾਜ਼ ਕੀਤਾ ਹੈ।

# ਕੇਂਦਰ ਸਰਕਾਰ ਦੀਆਂ ਸਿੱਧੀਆਂ ਭਰਤੀਆਂ ਵਿਚ ਕਮੀ

**ਨਵੀਂ ਦਿੱਲੀ–** ਕੇਂਦਰੀ ਰੁਜ਼ਗਾਰ ਮੰਤਰੀ ਜਤਿੰਦਰ ਸਿੰਘ ਨੇ ਸਦਨ ਵਿਚ ਲਿਖਤੀ ਰੂਪ ਵਿਚ ਕਿਹਾ ਹੈ ਕਿ 2013 ਦੀ ਤੁਲਨਾ ਵਿਚ 2015 ਵਿਚ ਕੇਂਦਰ ਸਰਕਾਰ ਦੀਆਂ ਸਿੱਧੀਆਂ ਭਰਤੀਆਂ ਵਿਚ 89 ਫੀਸਦੀ ਦੀ ਕਮੀ ਆਈ ਹੈ। ਅਨੁਸੂਚਿਤ ਜਾਤੀ, ਜਨਜਾਤੀ ਅਤੇ ਹੋਰ ਪੱਛੜੀਆਂ ਜਾਤੀਆਂ ਦੀ ਭਰਤੀ ਵਿਚ 90 ਫੀਸਦੀ ਦੀ ਕਮੀ ਆਈ ਹੈ। 2013 ਵਿਚ ਕੇਂਦਰ ਸਰਕਾਰ ਵਿਚ 1,54,841 ਭਰਤੀਆਂ ਹੋਈਆਂ ਸਨ, ਜੋ 2014 ਵਿਚ ਘੱਟ ਹੋ ਕੇ 1,26,261 ਹੋ ਗਈਆਂ ਪਰ 2015 ਵਿਚ ਭਰਤੀਆਂ ਦੀ ਗਿਣਤੀ ਬਹੁਤ ਹੇਠਾਂ ਆ ਗਈ। ਕਿੰਨੀ ਹੋ ਜਾਂਦੀ ਹੈ? ਸਵਾਲ ਲੱਖ ਤੋਂ ਘੱਟ ਹੋ ਕੇ ਕਰੀਬ 16 ਹਜ਼ਾਰ। ਇੰਨੀ ਕਮੀ ਤਾਂ ਉਦੋਂ ਹੀ ਆ ਸਕਦੀ ਹੈ ਜਦੋਂ ਕਿਸੇ ਨੇ ਸਪੀਡ ਬ੍ਰੇਕ ਲਗਾਈ ਹੋਵੇ। 2015 ਵਿਚ ਕੇਂਦਰ ਸਰਕਾਰ ਵਿਚ 15,877 ਲੋਕਾਂ ਨੂੰ ਸਿੱਧੀਆਂ ਨੌਕਰੀਆਂ ਤੇ ਰੱਖਿਆ ਗਿਆ। 74 ਮੰਤਰਾਲਿਆਂ ਅਤੇ ਵਿਭਾਗਾਂ ਨੇ ਸਰਕਾਰ ਨੂੰ ਦੱਸਿਆ ਕਿ ਅਨੁਸੂਚਿਤ ਜਾਤੀ, ਜਨਜਾਤੀ ਅਤੇ ਹੋਰ ਪੱਛੜੇ ਵਰਗਾਂ ਦੀਆਂ 2013 ਵਿਚ 92,928 ਭਰਤੀਆਂ ਹੋਈਆਂ ਸਨ। 2014 ਵਿਚ 72,077 ਭਰਤੀਆਂ ਹੋਈਆਂ ਪਰ 2015 ਵਿਚ ਘੱਟ ਕੇ 8436 ਰਹਿ ਗਈਆਂ। ਇਸ ਵਿਚ 90 ਫੀਸਦੀ ਗਿਰਾਵਟ ਆਈ ਹੈ।

# ਕੇਂਦਰ ਸਰਕਾਰ ਦੀਆਂ ਸਿੱਧੀਆਂ ਭਰਤੀਆਂ ਵਿਚ ਕਮੀ

**ਨਵੀਂ ਦਿੱਲੀ–** ਕੇਂਦਰੀ ਰੁਜ਼ਗਾਰ ਮੰਤਰੀ ਜਤਿੰਦਰ ਸਿੰਘ ਨੇ ਸਦਨ ਵਿਚ ਲਿਖਤੀ ਰੂਪ ਵਿਚ ਕਿਹਾ ਹੈ ਕਿ 2013 ਦੀ ਤੁਲਨਾ ਵਿਚ 2015 ਵਿਚ ਕੇਂਦਰ ਸਰਕਾਰ ਦੀਆਂ ਸਿੱਧੀਆਂ ਭਰਤੀਆਂ ਵਿਚ 89 ਫੀਸਦੀ ਦੀ ਕਮੀ ਆਈ ਹੈ।

ਅਨੁਸੂਚਿਤ ਜਾਤੀ, ਜਨਜਾਤੀ ਅਤੇ ਹੋਰ ਪੱਛੜੀਆਂ ਜਾਤੀਆਂ ਦੀ ਭਰਤੀ ਵਿਚ 90 ਫੀਸਦੀ ਦੀ ਕਮੀ ਆਈ ਹੈ। 2013 ਵਿਚ ਕੇਂਦਰ ਸਰਕਾਰ ਵਿਚ 1,54,841 ਭਰਤੀਆਂ ਹੋਈਆਂ ਸਨ, ਜੋ 2014 ਵਿਚ ਘੱਟ ਹੋ ਕੇ 1,26,261 ਹੋ ਗਈਆਂ ਪਰ 2015 ਵਿਚ ਭਰਤੀਆਂ ਦੀ ਗਿਣਤੀ ਬਹੁਤ ਹੇਠਾਂ ਆ ਗਈ। ਕਿੰਨੀ ਹੋ ਜਾਂਦੀ ਹੈ? ਸਵਾਲ ਲੱਖ ਤੋਂ ਘੱਟ ਹੋ ਕੇ ਕਰੀਬ 16 ਹਜ਼ਾਰ। ਇੰਨੀ ਕਮੀ ਤਾਂ ਉਦੋਂ ਹੀ ਆ ਸਕਦੀ ਹੈ ਜਦੋਂ ਕਿਸੇ ਨੇ ਸਪੀਡ ਬ੍ਰੇਕ ਲਗਾਈ ਹੋਵੇ। 2015 ਵਿਚ ਕੇਂਦਰ ਸਰਕਾਰ ਵਿਚ 15,877 ਲੋਕਾਂ ਨੂੰ ਸਿੱਧੀਆਂ ਨੌਕਰੀਆਂ ਤੇ ਰੱਖਿਆ ਗਿਆ। 74 ਮੰਤਰਾਲਿਆਂ ਅਤੇ ਵਿਭਾਗਾਂ ਨੇ ਸਰਕਾਰ ਨੂੰ ਦੱਸਿਆ ਕਿ ਅਨੁਸੂਚਿਤ ਜਾਤੀ, ਜਨਜਾਤੀ ਅਤੇ ਹੋਰ ਪੱਛੜੇ ਵਰਗਾਂ ਦੀਆਂ 2013 ਵਿਚ 92,928 ਭਰਤੀਆਂ ਹੋਈਆਂ ਸਨ। 2014 ਵਿਚ 72,077 ਭਰਤੀਆਂ ਹੋਈਆਂ ਪਰ 2015 ਵਿਚ ਘੱਟ ਕੇ 8436 ਰਹਿ ਗਈਆਂ।

ਇਸ ਵਿਚ 90 ਫੀਸਦੀ ਗਿਰਾਵਟ ਆਈ ਹੈ।



Manav Kalyan Educational Society Regd. (MAKES) donated books to Ayush Bhatti, Jahnvi Bhagat both student of Nursary Class of Nehru Children School Basti Sheikh. Books presented by Sukhdev Batra, President, alongwith school staff.

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਜਨਮ ਦਿਨ ਮੁਬਾਰਕ



**ਮੁਸਕਾਨ ਕੌਰ**
ਪਿਤਾ: ਜਗਦੀਪ ਸਿੰਘ, ਮਾਤਾ: ਗੁਰਪ੍ਰੀਤ ਕੌਰ, ਵਾਸੀ: ਦਿਆਲਪੁਰਾ, ਜ਼ਿਲ੍ਹਾ ਮਾਨਸਾ



**ਬੱਚੀ ਇਰਲੀਨ ਨੂੰ ਜਨਮ ਦਿਨ ਦੀਆਂ ਮੁਬਾਰਕਾਂ**

# ਸਿਰਫ਼ ਅਮੀਰਾਂ ਲਈ ਕਿਉਂ ਕੰਮ ਕਰਦੀ ਹੈ ਸਰਕਾਰ?



ਗੁਰਮੀਤ ਸਿੰਘ ਪਲਾਹੀ
91-98158-02070

**ਐਡੇ ਵੱਡੇ ਕਰਜ਼ੇ ਨੂੰ ਨੁਕਰੇ ਲਾਉਣ ਲਈ ਸਰਕਾਰ ਅਤੇ ਸਰਕਾਰ ਦੇ ਕਰਿੰਦੇ ਹਰ ਹਰਬਾ ਵਰਤਣ ਲਈ ਯਤਨਸ਼ੀਲ ਹਨ, ਪਰ ਲੋਕ ਹਿੱਤਾਂ ਖਾਤਰ ਰੱਖੇ ਹੋਏ ਕਰਜ਼ੇ ਦੀ ਵਸੂਲੀ ਕਰਨ ਲਈ ਬੈਂਕਾਂ ਪੱਬਾਂ ਭਾਰ ਹੋਈਆਂ ਰਹਿੰਦੀਆਂ ਹਨ। ਉਦਾਹਰਨ ਦੇ ਤੌਰ ਤੇ ਬੈਂਕਾਂ ਵਲੋਂ ਸਰਕਾਰੀ ਨੀਤੀ ਅਨੁਸਾਰ ਸਰਕਾਰੀ ਅਤੇ ਸਰਵਜਨਕ ਖੇਤਰ ਦੀਆਂ ਬੈਂਕਾਂ ਨੇ ਸਿੱਖਿਆ ਲਈ ਵਿਦਿਆਰਥੀਆਂ ਨੂੰ ਕਰਜ਼ਾ ਦੇਣਾ ਹੁੰਦਾ ਹੈ। ਕਰਜ਼ਾ ਦੇਣ ਸਮੇਂ ਵਿਦਿਆਰਥੀ ਤੋਂ ਇਵਜ਼ ਵਿਚ ਬੈਂਕ, ਗਰੰਟੀ ਮੰਗਦੇ ਹਨ। ਉਹ ਵਿਦਿਆਰਥੀ ਜਿਹੜੇ ਆਰਥਿਕ ਰੂਪ ਵਿਚ ਠੀਕ- ਠਾਕ ਘਰਾਂ ਦੇ ਹੁੰਦੇ ਹਨ, ਉਹ ਤਾਂ ਇਹ ਗਰੰਟੀ ਦੇ ਦਿੰਦੇ ਹਨ, ਪਰ ਗਰੀਬ ਘਰਾਂ ਦੇ ਵਿਦਿਆਰਥੀ ਇਸ ਕਰਜ਼ੇ ਤੋਂ ਵਿਰਵੇ ਰਹਿ ਜਾਂਦੇ ਹਨ।**

ਦੇਸ਼ ਦੀਆਂ 12 ਵੱਡੀਆਂ ਕੰਪਨੀਆਂ ਜਾਂ ਅਦਾਰੇ ਵੱਡੇ ਕਰਜ਼ੇ ਵਿੱਚ ਡੁੱਬੇ ਹੋਏ ਹਨ। ਦੇਸ਼ ਦੀ ਸਭ ਤੋਂ ਵੱਡੀ ਬੈਂਕ ਰਿਜ਼ਰਵ ਬੈਂਕ ਆਫ ਇੰਡੀਆ ਨੇ ਕਰਜ਼ੇ 'ਚ ਡੁੱਬੇ ਇਹਨਾ ਅਦਾਰਿਆਂ ਦੀ ਲਿਸਟ ਤਿਆਰ ਕੀਤੀ ਹੈ। ਇਹ ਕਰਜ਼ੇ ਜਿਹਨਾ ਬੈਂਕਾਂ ਤੋਂ ਕੰਪਨੀਆਂ ਨੇ ਲਏ ਹੋਏ ਹਨ, ਉਹਨਾ ਦੀਆਂ ਲੈਣਦਾਰੀਆਂ-ਦੇਣਦਾਰੀਆਂ ਦੇ ਖਾਤੇ ਜਦੋਂ ਰਿਜ਼ਰਵ ਬੈਂਕ ਨੇ ਤਿਆਰ ਕਰਵਾਏ ਹਨ ਤਾਂ ਇਹ ਖਦਸ਼ਾ ਪੈਦਾ ਹੋ ਗਿਆ ਹੈ ਕਿ ਜੇਕਰ ਇਹ ਲਗਭਗ ਮਰਿਆ ਹੋਇਆ ਜਾਂ ਜਾਣ ਬੁੱਝਕੇ ਮਾਰਿਆ ਜਾ ਰਿਹਾ ਕਰਜ਼ਾ ਬੈਂਕਾਂ ਨੂੰ ਕੰਪਨੀਆਂ ਤੋਂ ਵਾਪਿਸ ਨਹੀਂ ਮਿਲਦਾ ਤਾਂ ਕੀ ਦੇਸ਼ ਦੀਆਂ ਕੁਲ 9 ਬੈਂਕਾਂ ਦੀ ਹੋਂਦ ਖਤਰੇ ਵਿਚ ਤਾਂ ਨਹੀਂ ਪੈ ਜਾਵੇਗੀ। ਬੈਂਕਾਂ ਦੇ ਦੀਵਾਲੀਆ ਖਾਤੇ ਵਿੱਚ ਰੱਖੀ ਜਾ ਰਹੀ ਇਹ ਕੁਲ ਰਕਮ ਢਾਈ ਲੱਖ (2,50,000) ਕਰੋੜ ਰੁਪਏ ਹੈ ਅਤੇ ਇਸ ਵਿਚ 60 ਫੀਸਦੀ ਤੋਂ ਜ਼ਿਆਦਾ (ਐਨ ਪੀ ਏ) ਨਾਨ ਪ੍ਰਾਫਰਮਿੰਗ ਐਸਟ ਹੈ। ਜੇਕਰ ਇਹ ਮੰਨ ਲਿਆ ਜਾਵੇ ਕਿ ਐਨ ਪੀ ਏ ਡੁੱਬਦੇ ਹੋਏ ਖਾਤੇ ਹਨ ਅਤੇ ਸਰਕਾਰ ਬੈਂਕਾਂ ਨੂੰ ਬਚਾਉਣ ਦੇ ਨਾਮ ਉਤੇ ਇਸ ਰਕਮ ਨੂੰ ਆਈ ਬੀ ਸੀ (ਕਰਜ਼ਾ ਸ਼ੋਧਨ ਅਤੇ ਦੀਵਾਲੀਆ ਖਾਤੇ) ਵਿੱਚ ਰੱਖਦੀ ਹੈ (ਜਿਸ ਦੀ ਵੱਡੀ ਸੰਭਾਵਨਾ ਹੈ) ਤਾਂ ਬੈਂਕਾਂ ਨੂੰ ਇਹ ਵੱਡੇ ਕਰਜ਼ਦਾਰ 75,000 ਕਰੋੜ ਤੋਂ 1,25,000 ਕਰੋੜ ਦਾ ਚੂਨਾ ਲਗਾਉਣਗੇ। ਸਰਕਾਰ ਇਸਨੂੰ ਵਿੱਤੀ ਸਮਾਧਾਨ ਦਾ ਨਾਮ ਦੇਵੇਗੀ। ਪਰ ਦੇਸ਼ ਦੇ ਕਿਸਾਨਾਂ ਜੁੰਮੇ ਸਰਕਾਰੀ ਨੀਤੀਆਂ ਦੀ ਬਦੌਲਤ ਜੋ 12.6 ਲੱਖ ਕਰੋੜ ਕਰਜ਼ਾ ਖੜ੍ਹਾ ਹੈ, ਉਸ ਵਲੋਂ ਵੱਡੇ ਵਾਅਦਿਆ ਦੇ ਬਾਵਜੂਦ ਵੀ ਸਰਕਾਰ ਪਿੱਠ ਮੋੜੀ ਖੜੀ ਹੈ ਸਾਰਾ ਤਾਂ ਕੀ ਅੱਧਾ-ਅਧੂਰਾ ਕਰਜ਼ਾ ਵੀ ਮੁਆਫ ਕਰਨ ਲਈ ਕੇਂਦਰ ਸਰਕਾਰ ਵਲੋਂ ਹਾਮੀ ਨਹੀਂ ਭਰੀ ਜਾ ਰਹੀ। ਇਸ ਸਮੇਂ ਦੇਸ਼ ਦੀਆਂ 12 ਕੰਪਨੀਆਂ ਜਿਹਨਾ ਜੁੰਮੇ ਇਹ ਕਰਜ਼ਾ ਖੜ੍ਹਾ ਹੈ, ਉਹਨਾ ਵਿੱਚ ਇਸਾਰ ਸਟੀਲ 45000 ਕਰੋੜ, ਲੈਨਕੋ ਇਨਫਰਾਟੈਕ 43,052 ਕਰੋੜ, ਭੂਸ਼ਨ ਸਟੀਲ 42,356 ਕਰੋੜ, ਭੂਸ਼ਨ ਪਾਵਰ ਐਂਡ ਸਟੀਲ 37248 ਕਰੋੜ, ਅਲੋਕ ਇੰਡਸਟਰੀ 24620 ਕਰੋੜ, ਮੋਨੇਟ ਇਸਪਾਤ 3307 ਕਰੋੜ, ਇਰਾ ਇਨਫਰਾ ਇੰਜੀਨੀਰਿੰਗ 4717 ਕਰੋੜ, ਏ ਬੀ ਜੀ ਸ਼ਿਪਯਾਰਡ 8742 ਕਰੋੜ, ਜੇ ਪੀ ਇਨਫਰਾਟੈਕ 8606 ਕਰੋੜ, ਇਲੈਕਟਰੋਸਟੀਲ 6946 ਕਰੋੜ, ਐਮਟੇਕ ਆਟੋ 12591 ਕਰੋੜ, ਜੋਤੀ ਸਟਰਕਚਰ 3387 ਕਰੋੜ ਕੰਪਨੀਆਂ ਦੇ ਨਾਮ ਸ਼ਾਮਲ ਹਨ। ਇਹ ਕੰਪਨੀਆਂ ਉਹਨਾ ਵੱਡੇ ਲੋਕਾਂ ਦੀਆਂ ਕਹੀਆਂ, ਸਮਝੀਆਂ ਜਾਂਦੀਆਂ ਹਨ, ਜਿਹਨਾ ਦੇ ਅਸਲੀ ਮਾਲਕ ਚੋਣਾਂ ਸਮੇਂ ਸਿਆਸੀ ਪਾਰਟੀਆਂ ਨੂੰ ਭਾਰੀ-ਭਰਕਮ ਦਿਖਦੇ, ਅਣਦਿਖਦੇ ਚੰਦੇ ਦਿੰਦੇ ਹਨ, ਅਤੇ ਜਿਹਨਾ ਦੀ ਬਦੌਲਤ ਬਹੁਤੀਆਂ ਸਿਆਸੀ ਪਾਰਟੀਆਂ ਚੋਣ ਪ੍ਰਚਾਰ ਸਮੇਂ ਧੰਨ ਦੀ ਵਰਤੋਂ ਨਾਲ ਵੋਟਾਂ ਦੀ ਖਰੀਦ ਕਰਨ ਅਤੇ ਮੀਡੀਆ ਉਤੇ ਚੰਗਾ-ਮੰਦਾ ਪ੍ਰਚਾਰ ਕਰਨ ਦੀ ਖੁਲ ਖੇਡਦੀਆਂ ਹਨ।

ਐਡੇ ਵੱਡੇ ਕਰਜ਼ੇ ਨੂੰ ਨੁਕਰੇ ਲਾਉਣ ਲਈ ਸਰਕਾਰ ਅਤੇ ਸਰਕਾਰ ਦੇ ਕਰਿੰਦੇ ਹਰ ਹਰਬਾ ਵਰਤਣ ਲਈ ਯਤਨਸ਼ੀਲ ਹਨ, ਪਰ ਲੋਕ ਹਿੱਤਾਂ ਖਾਤਰ ਰੱਖੇ ਹੋਏ ਕਰਜ਼ੇ ਦੀ ਵਸੂਲੀ ਕਰਨ ਲਈ ਬੈਂਕਾਂ ਪੱਬਾਂ ਭਾਰ ਹੋਈਆਂ ਰਹਿੰਦੀਆਂ ਹਨ। ਉਦਾਹਰਨ ਦੇ ਤੌਰ ਤੇ ਬੈਂਕਾਂ ਵਲੋਂ ਸਰਕਾਰੀ ਨੀਤੀ ਅਨੁਸਾਰ ਸਰਕਾਰੀ ਅਤੇ ਸਰਵਜਨਕ ਖੇਤਰ ਦੀਆਂ ਬੈਂਕਾਂ ਨੇ ਸਿੱਖਿਆ ਲਈ ਵਿਦਿਆਰਥੀਆਂ ਨੂੰ ਕਰਜ਼ਾ ਦੇਣਾ ਹੁੰਦਾ ਹੈ। ਕਰਜ਼ਾ ਦੇਣ ਸਮੇਂ ਵਿਦਿਆਰਥੀ ਤੋਂ ਇਵਜ਼ ਵਿਚ ਬੈਂਕ, ਗਰੰਟੀ ਮੰਗਦੇ ਹਨ। ਉਹ ਵਿਦਿਆਰਥੀ ਜਿਹੜੇ ਆਰਥਿਕ ਰੂਪ ਵਿਚ ਠੀਕ- ਠਾਕ ਘਰਾਂ ਦੇ ਹੁੰਦੇ ਹਨ, ਉਹ ਤਾਂ ਇਹ ਗਰੰਟੀ ਦੇ ਦਿੰਦੇ ਹਨ, ਪਰ ਗਰੀਬ ਘਰਾਂ ਦੇ ਵਿਦਿਆਰਥੀ ਇਸ ਕਰਜ਼ੇ ਤੋਂ ਵਿਰਵੇ ਰਹਿ ਜਾਂਦੇ ਹਨ। ਸਿੱਟਾ ਉਹ ਉਚ-ਸਿੱਖਿਆ ਪ੍ਰਾਪਤ ਕਰਨ ਤੋਂ ਬਾਂਝੇ ਕਰ ਦਿੱਤੇ ਜਾਂਦੇ ਹਨ। ਬੈਂਕਾਂ ਤੋਂ ਪ੍ਰਾਪਤ ਹੋਏ ਅੰਕੜੇ ਇਹ ਦੱਸਦੇ ਹਨ ਕਿ ਹਰ ਵਰ੍ਹੇ ਵਿਦਿਆਰਥੀਆਂ ਨੂੰ ਦਿਤੇ ਜਾ ਰਹੇ ਕਰਜ਼ੇ ਵਿਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ। 31 ਮਾਰਚ 2014 ਨੂੰ ਮੌਜੂਦਾ ਸਰਕਾਰ ਤੋਂ ਪਹਿਲਾਂ ਸਿੱਖਿਆ ਲਈ 7,66,314 ਵਿਦਿਆਰਥੀਆਂ ਨੇ 58,551 ਕਰੋੜ ਰੁਪਏ ਦੀ ਰਾਸ਼ੀ ਕਰਜ਼ੇ ਵਜੋਂ ਬੈਂਕਾਂ ਤੋਂ ਲਈ ਪਰ 31-3-2016 ਤੱਕ ਇਹ ਰਾਸ਼ੀ ਘਟਕੇ 5,98,187 ਕਰੋੜ ਰਹਿ ਗਈ ਹੈ। ਵਿਦਿਆਰਥੀਆਂ ਤੋਂ ਇਸ ਸਮੇਂ ਦੌਰਾਨ ਲੈਣ ਵਾਲੀ ਬਕਾਇਆ ਰਕਮ 68,615 ਕਰੋੜ ਹੈ ਜਦਕਿ 31-12-2016 ਤੱਕ ਐਨ ਪੀ ਏ ਰਾਸ਼ੀ ਸਿਰਫ਼ 6336 ਕਰੋੜ ਹੈ। ਇਹ ਉਹ ਰਾਸ਼ੀ ਹੈ ਜਿਹੜੀ ਸ਼ਾਇਦ ਬੈਂਕਾਂ ਵਾਲੇ ਵਿਦਿਆਰਥੀਆਂ ਤੋਂ ਪ੍ਰਾਪਤ ਨਹੀਂ ਕਰ ਸਕਣਗੇ। ਜੇਕਰ ਇਹ ਮੰਨ ਲਈਏ ਕਿ ਵਿਦਿਆਰਥੀਆਂ ਦੇ ਸਾਰੇ ਐਨ ਪੀ ਏ ਖਾਤੇ ਡੁੱਬ ਜਾਣਗੇ ਪਰ 12 ਕਾਰਪੋਰੇਟ ਘਰਾਣਿਆਂ ਦੇ ਢਾਈ ਲੱਖ ਕਰੋੜ ਵਿਚੋਂ ਐਨ ਪੀ ਏ ਖਾਤਿਆਂ 'ਚ ਰੱਖੀ ਰਕਮ ਬਾਰੇ ਸਰਕਾਰ ਦਾ ਕੀ ਕਹਿਣਾ ਹੈ, ਜੋ ਲੋਕਾਂ ਦੇ ਟੈਕਸਾਂ ਦੀ ਰਾਸ਼ੀ ਵਿਚੋਂ ਬੈਂਕਾਂ ਨੂੰ ਅਦਾ ਕੀਤੀ ਜਾਵੇਗੀ? ਸਰਕਾਰ ਵਲੋਂ ਕਾਰਪੋਰੇਟ ਕਰਜ਼ਦਾਰਾਂ ਨੂੰ ਤਾਂ ਰਾਹਤ ਦੇਣ ਦੀ ਯੋਜਨਾ ਬਣਾਈ ਜਾ ਰਹੀ ਹੈ, ਪਰ ਸਿੱਖਿਆ ਦੇ ਖੇਤਰ 'ਚ ਲੋੜ ਵੇਲੇ ਲਏ ਜਾਣ ਵਾਲੇ ਸਿੱਖਿਆ ਕਰਜ਼ੇ ਵਰਤਣ ਵੱਲ ਸਰਕਾਰ ਦਾ ਧਿਆਨ ਹੀ ਨਹੀਂ ਹੈ। ਫਿਰ ਗਰੀਬ ਲੋਕ ਅੱਗੇ ਵੱਧਣ ਦੇ ਸੁਫਨੇ ਕਿਵੇਂ ਦੇਖਣਗੇ? ਕੀ ਸਰਕਾਰ ਦੀ ਨੀਤੀ ਸਿਰਫ਼ ਆਮ ਲੋਕਾਂ ਨੂੰ ਢਿੱਡ ਭਰਨ ਲਈ ਇੱਕ ਰੁਪਏ ਕਿਲੋ ਕਣਕ, ਦੋ ਰੁਪਏ ਕਿਲੋ ਚਾਵਲ ਦੀ ਰਾਹਤ ਦੇਕੇ ਵੋਟ ਬੈਂਕ ਪ੍ਰਾਪਤੀ ਤੱਕ ਹੀ ਸੀਮਤ ਨਹੀਂ ਕਰਕੇ ਰੱਖ ਦਿਤੀ ਗਈ? ਜੇਕਰ ਬੈਂਕ ਜਾਂ ਸਰਕਾਰ ਵਿਦਿਆਰਥੀਆਂ ਨੂੰ ਕਰਜ਼ਾ ਦਿੰਦਾ ਹੈ ਤਾਂ ਵਿਦਿਆਰਥੀਆਂ ਦੇ ਜੀਵਨ ਵਿਚ ਸਮਾਜਿਕ ਅਤੇ ਆਰਥਿਕ ਸਥਿਤੀ ਵਿਚ ਸਪੱਸ਼ਟ ਬਦਲਾਅ ਦਿਖਾਈ ਦਿੰਦਾ ਹੈ। ਛੋਟੇ ਕਿਸਾਨਾਂ, ਖੇਤੀ ਮਜ਼ਦੂਰਾਂ, ਚੌਥੀ ਸ਼੍ਰੇਣੀ ਦੇ ਕਰਮਚਾਰੀ, ਰੋਜ਼ਾਨਾ ਮਜ਼ਦੂਰੀ ਕਮਾਉਣ ਵਾਲੇ, ਫੁਟਪਾਥ ਉਤੇ ਬੈਠਕੇ ਦੁਕਾਨਾਂ ਚਲਾਉਣ ਵਾਲਿਆਂ ਦੇ ਬੱਚੇ ਜੇਕਰ ਕਰਜ਼ਾ ਲੈ ਕੇ ਪੜ੍ਹਾਈ ਕਰਦੇ ਹਨ ਤਾਂ ਉਹਨਾ ਪਰਿਵਾਰਾਂ ਦੀ ਆਰਥਿਕ ਹਾਲਤ ਬਦਲਣ ਦੀ ਸੰਭਾਵਨਾ ਬਣਦੀ ਹੈ। ਪਰ ਕੀ ਉਸ ਸਰਕਾਰ ਨੂੰ ਵਿਕਾਸ ਕਰਨ ਵਾਲੀ ਕਲਿਆਣਕਾਰੀ ਸਰਕਾਰ ਦਾ ਦਰਜਾ ਦੇਣਾ ਬਣਦਾ ਹੈ ਜਿਹੜੀ ਕਾਰਪੋਰੇਟ ਕੰਪਨੀਆਂ ਦੀਆਂ ਝੋਲੀਆਂ ਭਰਦੀ ਹੈ, ਪਰ ਗਰੀਬ ਲੋਕਾਂ ਦੇ ਪੱਲੇ 'ਚ ਛੇਕ ਕਰਨੋਂ ਨਹੀਂ ਝਿਜਕਦੀ?

ਅੱਜ ਦੇਸ਼ ਵਿੱਚ ਸਿੱਖਿਆ ਦਾ ਮੰਦਾ ਹਾਲ ਹੈ। ਦੇਸ਼ ਦੇ ਇਸ ਵਰ੍ਹੇ ਦੇ ਬਜ਼ਟ ਵਿੱਚ ਕਟੌਤੀ ਕਰ ਦਿੱਤੀ ਗਈ ਹੈ। 2013-14 ਵਿਚ ਸਿੱਖਿਆ ਕਈ ਬਜ਼ਟ ਦਾ 4.57 ਫੀਸਦੀ ਖਰਚੇ ਦਾ ਹਿੱਸਾ ਰੱਖਿਆ ਗਿਆ ਸੀ ਜੋ ਸਾਲ 2016-17 ਵਿਚ ਘਟਾਕੇ 3.65 ਫੀਸਦੀ ਕਰ ਦਿੱਤਾ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ 6 ਤੋਂ 13 ਸਾਲ ਦੇ ਸਾਰੇ ਬੱਚੇ ਸਕੂਲਾਂ ਵਿਚ ਪੜ੍ਹਨ ਲਈ ਜਾਂਦੇ ਹਨ, ਪਰ ਅਸਲ ਸਥਿਤੀ ਇਹ ਨਹੀਂ ਹੈ। ਪ੍ਰਾਇਮਰੀ ਸਕੂਲ ਤੋਂ ਸੈਕੰਡਰੀ ਸਕੂਲ ਤੱਕ ਪਹੁੰਚਣ ਵਾਲੇ ਸਿਰਫ 54 ਫੀਸਦੀ (ਲਗਭਗ ਅੱਧੇ) ਬੱਚੇ ਹੀ ਹਨ। ਜਾਣੀ ਕੁਲ ਮਿਲਾਕੇ ਸਾਢੇ ਤਿੰਨ ਕਰੋੜ ਬੱਚੇ ਸਕੂਲਾਂ ਤੋਂ ਬਾਹਰ ਹੋ ਜਾਂਦੇ ਹਨ। ਉੱਚ ਸਿੱਖਿਆ ਤੱਕ ਪਹੁੰਚਣ ਵਾਲੇ 18 ਤੋਂ 23 ਉਮਰ ਵਰਗ ਦੇ ਬੱਚਿਆਂ ਦੀ ਗਿਣਤੀ ਤਾਂ ਮਸਾਂ 24 ਫੀਸਦੀ ਹੈ, ਜਿਸ ਵਿੱਚ ਡਿਸਟੈਂਸ ਐਜੂਕੇਸ਼ਨ (ਦੂਰ ਵਰਤੀ ਸਿੱਖਿਆ) ਲੈਣ ਵਾਲੇ ਬੱਚੇ ਵੀ ਸ਼ਾਮਲ ਹਨ। ਅੱਜ ਵੀ ਸੱਤ ਕਰੋੜ ਦੱਸ ਲੱਖ ਨੌਜਵਾਨ ਉੱਚ ਸਿੱਖਿਆ ਤੋਂ ਸੱਖਣੇ ਹਨ। ਸਕੂਲਾਂ ਦੇ ਬੁਨਿਆਦੀ ਢਾਂਚੇ ਸਹੂਲਤਾਂ ਅਤੇ ਅਧਿਆਪਕਾਂ ਦੀ ਸਰਕਾਰੀ ਸਕੂਲਾਂ 'ਚ ਗਿਣਤੀ ਆਦਿ ਦੇ ਪ੍ਰਾਪਤ ਅੰਕੜੇ ਤਾਂ ਹੋਰ ਵੀ ਨਿਰਾਸ਼ਾ ਜਨਕ ਹਨ। ਵਿਦਿਆਰਥੀਆਂ ਲਈ ਸਕੂਲ 'ਚ ਪੀਣ ਵਾਲਾ ਪਾਣੀ, ਟਾਇਲਟ ਅਤੇ ਸਕੂਲਾਂ 'ਚ ਬੈਠਣ ਦੀਆਂ ਸੁਵਿਧਾਵਾਂ ਤਾਂ ਅਸਲੋਂ ਬਹੁਤ ਊਣੀਆਂ ਹਨ। ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਭੈੜੇ ਦੁਪਹਿਰ ਦੇ ਭੋਜਨ ਦੀ ਚਰਚਾ ਤਾਂ ਹਰ ਆਏ ਦਿਨ ਹੀ ਹੁੰਦੀ ਰਹਿੰਦੀ ਹੈ।

ਦੇਸ਼ ਵਿੱਚ ਇਹੋ ਹਾਲ ਸਿਹਤ ਸਹੂਲਤਾਂ ਅਤੇ ਵਾਤਾਵਰਨ ਦਾ ਹੈ। ਜਿਹਨਾ ਵੱਲ ਸਰਕਾਰ ਦਾ ਧਿਆਨ ਦਿਨੋ ਦਿਨ ਘਟਦਾ ਜਾ ਰਿਹਾ ਹੈ। ਲੋਕਾਂ ਦੀ ਆਰਥਿਕ ਹਾਲਤ ਨਿਤ-ਦਿਨ ਪਤਲੀ ਹੁੰਦੀ ਜਾ ਰਹੀ ਹੈ ਅਤੇ ਸਰਕਾਰ ਵਲੋਂ ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਦੀ ਥਾਂ, ਉਹਨਾ ਦਾ ਰੁਜ਼ਗਾਰ ਨੋਟ ਬੰਦੀ, ਜੀ ਐਸ ਟੀ ਜਿਹੀਆਂ ਸਕੀਮਾਂ ਚਾਲੂ ਕਰਕੇ ਖੋਹਿਆ ਜਾ ਰਿਹਾ ਹੈ ਅਤੇ ਕਾਰਪੋਰੇਟ ਜਗਤ ਦੇ ਵਧਣ ਫੂਲਣ ਲਈ ਹਰ ਉਹ ਕਦਮ ਚੁੱਕੇ ਜਾ ਰਹੇ ਹਨ, ਜਿਹਨਾ ਨਾਲ ਉਹਨਾ ਦਾ ਮੁਨਾਫਾ ਵਧੇ ਅਤੇ ਉਹਨਾ ਦੇ ਹਿੱਤਾਂ ਦੀ ਰਾਖੀ ਹੋਵੇ।

2014 ਵਿੱਚ ਲੋਕਾਂ ਨੇ ਭਾਜਪਾ ਗਠਜੋੜ ਸਰਕਾਰ ਤੋਂ ਇਕ ਚੰਗੇ ਬਦਲ, ਸਾਫ ਸੁਥਰੇ ਪ੍ਰਾਸ਼ਾਸ਼ਨ ਦੀ ਆਸ ਕੀਤੀ ਸੀ। 2017 ਤੱਕ ਲੋਕਾਂ ਦਾ ਸੁਫਨਾ ਸਰਕਾਰ ਦੀਆਂ ਗਰੀਬ ਮਾਰੂ ਨੀਤੀਆਂ ਕਾਰਨ ਟੁੱਟ ਚੁੱਕਾ ਹੈ। ਹੁਣ ਸਾਫ ਤੌਰ 'ਤੇ ਦਿਖਣ ਲੱਗ ਪਿਆ ਹੈ ਕਿ ਸਰਕਾਰ ਦੇਸ਼ ਦੇ ਅਮੀਰਾਂ ਲਈ ਹੀ ਕੰਮ ਕਰ ਰਹੀ ਹੈ, ਗਰੀਬਾਂ ਦੀ ਗੁਰਬਤ, ਨੌਜਵਾਨਾਂ ਦੇ ਰੁਜ਼ਗਾਰ ਅਤੇ ਆਮ ਲੋਕਾਂ ਦੀਆਂ ਤਕਲੀਫਾਂ ਨਾਲ ਉਸਦਾ ਕੋਈ ਲੈਣਾ-ਦੇਣਾ ਹੀ ਨਹੀਂ ਹੈ।

# ਪੰਜਾਬੀ ਸਾਹਿਤ ਸਭਾ ਦੀ ਮਾਸਿਕ ਬੈਠਕ ਹੋਈ














**ਯੂਬਾ ਸਿਟੀ (ਬਿਊਰੋ)-** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਹੀਨਾਵਾਰ ਬੈਠਕ ਯੂਬਾ ਸਿਟੀ ਵਿਖੇ ਬੀਤੀ 30 ਜੁਲਾਈ ਦਿਨ ਐਤਵਾਰ ਨੂੰ ਬਾਅਦ ਦੁਪਹਿਰ 3 ਵਜੇ ਤੋਂ 6 ਵਜੇ ਵਿਚਕਾਰ ਹੋਈ। ਇਸ ਦਾ ਆਰੰਭ ਭੈਣ ਬਲਜੀਤ ਕੌਰ ਤੇ ਅਜਮੇਰ ਸਿੰਘ ਸੰਧੂ ਦੁਆਰਾ ਗੁਰਬਾਣੀ ਦੇ ਸ਼ਬਦ ਗਾਇਨ ਕਰਕੇ ਕੀਤਾ ਗਿਆ। ਜਸਵੰਤ ਸਿੰਘ ਸ਼ੀਮਾਰ, ਸਭਾ ਦੇ ਪ੍ਰਧਾਨ ਨੇ ਸਮਾਜ ਸੇਵੀ ਤੇ ਸਾਹਿਤਕਾਰ, ਮੁਹਿੰਦਰ ਸਿੰਘ ਮਦਾਨ ਦੇ ਅਕਾਲ ਚਲਾਣੇ ਬਾਰੇ ਜਾਣਕਾਰੀ ਦਿੱਤੀ ਅਤੇ 2 ਮਿੰਟ ਦਾ ਮੌਨ ਰੱਖਣ ਦੀ ਬੇਨਤੀ ਕੀਤੀ। ਮੌਨ ਰੱਖਣ ਤੋਂ ਉਪਰੰਤ ਉਹਨਾਂ ਨੇ ਬੀਬੀ ਸੁਰਜੀਤ ਕੌਰ ਦੀ ਪਲੇਠੀ ਪੁਸਤਕ 'ਪੰਜ ਆਬ ਦੀ ਜਾਈ' ਬਾਰੇ ਅਤੇ ਮਾਸਟਰ ਨਿਰਮਲ ਸਿੰਘ ਲਾਲੀ ਦੀਆਂ 20ਵੀਂ ਅਤੇ 21ਵੀਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਮੁਹਿੰਦਰ ਸਿੰਘ ਘੱਗ ਨੇ ਸਾਬਕਾ ਉਪ ਪ੍ਰਧਾਨ ਗੁਰਪਾਲ ਸਿੰਘ ਖਹਿਰਾ ਨੂੰ ਸਭਾ ਲਈ ਦਿੱਤੀਆਂ ਖਾਸ ਸੇਵਾਵਾਂ ਲਈ ਸਨਮਾਨ ਪੱਤਰ ਭੇਂਟ ਕਰਨ ਬਾਰੇ ਜਾਣਕਾਰੀ ਦਿੱਤੀ। ਹਰਬੰਸ ਸਿੰਘ ਜਗਿਆਸੂ ਨੇ ਬੀਬੀ ਸੁਰਜੀਤ ਕੌਰ ਦੀ ਪੁਸਤਕ 'ਪੰਜ ਆਬ ਦੀ ਜਾਈ' ਬਾਰੇ ਪਰਚਾ ਪੜ੍ਹਿਆ। ਬੀਬੀ ਸੁਰਜੀਤ ਕੌਰ ਨੇ ਆਪ ਵੀ ਆਪਣੀ ਪੁਸਤਕ ਬਾਰੇ ਖੁੱਲ੍ਹ ਕੇ ਜਾਣਕਾਰੀ ਦਿੱਤੀ। ਮਨਜੀਤ ਕੌਰ ਸੇਖੋਂ ਨੇ ਮਾਸਟਰ ਨਿਰਮਲ ਸਿੰਘ ਦੀਆਂ ਦੋਵੇਂ ਪੁਸਤਕਾਂ; ਵਿਅਕਤੀ, ਸਮਾਜ ਤੇ ਕੁਦਰਤ ਬਾਰੇ ਜਾਣਕਾਰੀ ਦਿੱਤੀ। ਗਿਆਨੀ ਕੇਵਲ ਸਿੰਘ 'ਨਿਰਦੋਸ਼' ਕੈਨੇਡਾ ਦੀ ਵੀ ਪੁਸਤਕ ਲੋਕ ਅਰਪਿਤ ਕੀਤੀ ਗਈ।

ਨਿਰਮਲ ਸਿੰਘ ਲਾਲੀ ਹੋਣਾਂ ਵੀ ਆਪਣੀਆਂ ਪੁਸਤਕਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਤਿੰਨ ਪੁਸਤਕਾਂ ਨੂੰ ਸਭਾ ਦੇ ਅਹੁਦੇਦਾਰਾਂ, ਮੈਂਬਰਾਂ ਤੇ ਮਹਿਮਾਨਾਂ ਨੇ ਰਲ ਕੇ ਲੋਕ ਅਰਪਿਤ ਕੀਤਾ ਅਤੇ ਗੁਰਪਾਲ ਸਿੰਘ ਖਹਿਰਾ ਨੂੰ ਪਲੈਕ ਭੇਂਟ ਕਰਕੇ ਸਨਮਾਨਿਤ ਕੀਤਾ। ਦੋ ਸਾਹਿਤਕਾਰਾਂ, ਲਵਜੀਤ ਕੌਰ ਅਤੇ ਤਰਦੀਪ ਸਿੰਘ ਨੇ ਸਭਾ ਦੀ ਮੈਂਬਰਸ਼ਿਪ ਪ੍ਰਾਪਤ ਕੀਤੀ। ਪਹਿਲੇ ਸੈਸ਼ਨ ਵਿਚ ਪ੍ਰਧਾਨ ਮੰਡਲ ਵਿਚ ਹਰਭਜਨ ਸਿੰਘ ਢੇਰੀ, ਉਪ ਪ੍ਰਧਾਨ ਸਭਾ, ਬੀਬੀ ਸੁਰਜੀਤ ਕੌਰ, ਮਾਸਟਰ ਨਿਰਮਲ ਸਿੰਘ, ਡਾ. ਗਿਆਨ ਸਿੰਘ, ਸਤਨਾਮ ਸਿੰਘ ਤਾਤਲਾ ਨੂੰ ਸੁਸ਼ੋਭਿਤ ਕੀਤਾ ਗਿਆ। ਦੂਜੇ ਸੈਸ਼ਨ ਵਿਚ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ, ਸਥਾਈ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ, ਸਭਾ ਦੇ ਜਨਰਲ ਸਕੱਤਰ ਮਨਜੀਤ ਕੌਰ ਸੇਖੋਂ ਤੇ ਸਾਬਕਾ ਪ੍ਰਧਾਨ ਦਲਵੀਰ ਦਿਲ ਨਿਜਰ ਨੂੰ ਸਜਾਇਆ ਗਿਆ। ਸਟੇਜ ਦੀ ਸੇਵਾ ਸਭਾ ਦੇ ਸਕੱਤਰ ਗੋਗੀ ਸੰਧੂ ਨੇ ਬਾਖੂਬੀ ਨਿਭਾਈ।

ਕਵੀ ਦਰਬਾਰ ਵਿਚ ਬੀਬੀ ਸੁਰਜੀਤ ਕੌਰ, ਮਾਸਟਰ ਨਿਰਮਲ ਸਿੰਘ ਲਾਲੀ, ਜਸਵੰਤ ਸਿੰਘ ਸ਼ੀਮਾਰ, ਮਨਜੀਤ ਕੌਰ ਸੇਖੋਂ, ਗਗਨ ਫਰੀਮਾਂਟ, ਗੋਗੀ ਸੰਧੂ, ਮੁਹਿੰਦਰ ਸਿੰਘ ਘੱਗ, ਗੁਰਪਾਲ ਸਿੰਘ ਖਹਿਰਾ, ਲਵਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਜਪਸੁਲੀਨ ਕੌਰ, ਸਹਿਜਦੀਪ ਕੌਰ, ਤਰਦੀਪ ਸਿੰਘ, ਹਰਬੰਸ ਸਿੰਘ ਜਗਿਆਸੂ, ਜਸਪ੍ਰੀਤ ਨੀਨਾ ਜੌਹਲ, ਸੁਖਦੇਵ ਸਿੰਘ ਢਿੱਲੋਂ, ਡਾ. ਗਿਆਨ ਸਿੰਘ, ਸਤਨਾਮ ਸਿੰਘ ਤਾਤਲਾ, ਹਰਭਜਨ ਸਿੰਘ ਢੇਰੀ, ਦਲਵੀਰ ਦਿਲ ਨਿਜਰ, ਇੰਦਰਜੀਤ ਗਰੇਵਾਲ, ਜੀਵਨ ਰਤਨ ਰੱਤੂ, ਪਰਮਿੰਦਰ ਸਿੰਘ ਰਾਏ, ਸ਼ਬਦ ਗੌਣਵਾਲੀ ਬੀਬੀ ਬੀਬ ਸੁਜੀਤ ਕੌਰ ਦੇ ਪਤੀ ਸਮਿੱਤਰ ਉਪਲ, ਅਜੈਬ ਚੀਮਾ, ਕਸ਼ਮੀਰ ਸਿੰਘ ਲੇਲਲ, ਗਗਨਦੀਪ ਮਾਹਲ, ਕਾਹਨ ਸਿੰਘ, ਜਸਵੀਰ ਬਨਵੈਤ, ਪ੍ਰੀਤਮ ਕੌਰ, ਅਮਰਜੀਤ ਔਜਲਾ, ਮਲਕੀਅਤ ਸਿੰਘ, ਅਜੀਤ ਸਿੰਘ, ਗੁਰਦੀਪ ਸਿੰਘ, ਨੀਨਾ ਜੌਹਲ, ਡੇਜ਼ੀ, ਜਗਮੋਹਨ ਸਿੰਘ ਆਦਿ ਸ਼ਾਮਲ ਹੋਏ।

ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ, ਜਿਹਨਾਂ ਨੇ ਸਭਾ ਦੀ ਇਕੱਤਰਤਾ ਲਈ ਫਰਨਿਸ਼ਡ ਮੀਟਿੰਗ ਰੂਮ ਪ੍ਰਦਾਨ ਕੀਤਾ ਅਤੇ ਭਾਗ ਲੈਣ ਵਾਲਿਆਂ ਦੀ ਲੰਗਰ ਪਾਣੀ, ਚਾਹ ਪਕੌੜਿਆਂ ਨਾਲ ਸੇਵਾ ਕੀਤੀ।

# ਮਹਾਨ ਦਲਿਤ ਕਰਾਂਤੀਕਾਰੀ ਪੰਡਿਤ ਈਓਥੀ ਥਾਸ



ਹਰਦੀਪ ਸਿੰਘ ਚੁੰਬਰ
91-94636-01616

ਭਾਰਤ ਦੇ ਮੂਲਨਿਵਾਸੀਆਂ ਦਾ ਇਤਿਹਾਸ ਬਹੁਤ ਮਹਾਨ ਹੈ। ਇੱਥੋਂ ਦੇ ਰਹਿਣ ਵਾਲੇ ਮੂਲਨਿਵਾਸੀ ਮਹਾਨ ਯੋਧੇ, ਸੂਰਬੀਰ, ਕਲਾਕਾਰ, ਵਿਦਵਾਨ, ਗਣਤੰਤਰ ਵਾਦੀ ਸੋਚ ਵਾਲੇ ਅਤੇ ਇਨਸਾਫ ਪਸੰਦ ਲੋਕਾਂ ਨੇ ਹਰ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ। ਇਤਿਹਾਸਕਾਰਾਂ ਨੇ ਬੇਸ਼ੱਕ ਇਹਨਾਂ ਲੋਕਾਂ ਨਾਲ ਸਰਦਾ ਬਣਦਾ ਇਨਸਾਫ ਨਹੀਂ ਕੀਤਾ, ਸਗੋਂ ਮੂਲ ਨਿਵਾਸੀ ਇਤਿਹਾਸ ਨੂੰ ਖ਼ਤਮ ਕਰਨ ਦੀਆਂ ਹਰ ਸੰਭਵ ਕੋਸ਼ਿਸ਼ਾਂ ਕੀਤੀਆਂ। ਪਰ ਫਿਰ ਵੀ ਸਮੇਂ ਸਮੇਂ ਤੇ ਭਾਰਤ ਹੀ ਨਹੀਂ ਪੂਰੀ ਦੁਨੀਆ ਵਿੱਚ ਇੱਕ ਸੂਰਜ ਦੀ ਤਰਾਂ ਆਪਣੀ ਰੌਸ਼ਨੀ ਵਖੇਰਦੇ ਰਹੇ ਹਨ।


ਉਨ੍ਹੀਵੀਂ ਸਦੀ ਦੇ ਇਕ ਮਹਾਨ ਕ੍ਰਾਂਤੀਕਾਰੀ, ਮੂਲ ਨਿਵਾਸੀ, ਤਾਲਿਮ ਵਿਦਵਾਨ ਪੰਡਿਤ ਈਓਥੀ ਥਾਸ ਦਾ ਨਾਂ ਦੱਖਣ ਭਾਰਤ ਵਿੱਚ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ, ਬੇਸ਼ਕ ਉਤਰ ਭਾਰਤ ਵਿਚ ਬਹੁਤ ਲੋਕੀ ਨਹੀਂ ਜਾਣਦੇ। ਉਹਨਾਂ ਦਾ ਜਨਮ 20 ਮਈ 1845 ਨੂੰ ਰੋਆਪਟਾਹ, ਕੋਇੰਮਬਟੂਰ ਦੇ ਤਾਮਿਲਨਾਡੂ ਰਾਜ ਵਿੱਚ ਭਾਰਤ ਦੇ ਮੂਲ ਨਿਵਾਸੀ ਪਰਿਵਾਰ ਵਿੱਚ ਹੋਇਆ। ਉਹਨਾਂ ਦੇ ਬਚਪਨ ਦਾ ਨਾਂ ਕਾਥਵਰਾਇਨ ਸੀ। ਉਹਨਾਂ ਦਾ ਬਚਪਨ ਤਾਮਿਲਨਾਡੂ ਦੀਆਂ ਸੁਹਾਵਣੀਆਂ ਨੀਲਗਿਰੀ ਦੀਆਂ ਪਹਾੜੀਆਂ ਵਿੱਚ ਖੇਡਦੇ ਹੋਏ ਬੀਤਿਆ। ਬਚਪਨ ਤੋਂ ਹੀ ਉਹ ਬਹੁਤ ਹੁਸ਼ਿਆਰ ਅਤੇ ਬੁੱਧੀਮਾਨ ਸ਼ਖਸੀਅਤ ਦੇ ਮਾਲਿਕ ਸਨ। ਈਓਥੀ ਥਾਸ ਉਹਨਾਂ ਦੇ ਬਹੁਤ ਹੀ ਅੱਛੇ ਅਧਿਆਪਕ ਦਾ ਨਾਂ ਸੀ। ਉਹਨਾਂ ਦਾ ਈਓਥੀ ਥਾਸ ਦੀ ਜਿੰਦਗੀ ਤੇ ਬਹੁਤ ਹੀ ਗਹਿਰਾ ਪ੍ਰਭਾਵ ਸੀ। ਇਸੇ ਕਾਰਨ ਉਹਨਾਂ ਨੇ ਬਾਅਦ ਵਿੱਚ ਇਹ ਨਾਂ ਅਪਣਾ ਲਿਆ ਸੀ ਅਤੇ ਇਸੇ ਹੀ ਨਾਂ ਨਾਲ ਮਸ਼ਹੂਰ ਹੋਏ।ਈਓਥੀ ਥਾਸ ਦਾ ਵਿਆਹ ਰਤਨਮਾਈ ਸ੍ਰੀਨਿਵਾਸਨ ਦੀ ਭੈਣ ਧਨ ਲਕਸ਼ਮੀ ਨਾਲ ਹੋਇਆ। ਉਹਨਾਂ ਦੇ ਘਰ ਛੇ ਬੇਟੇ ਅਤੇ ਦੋ ਬੇਟੀਆਂ ਪੈਦਾ ਹੋਈਆਂ।

ਉਸ ਦਾ ਪਰਿਵਾਰ ਵੈਸ਼ਨਵ ਪਰਿਵਾਰ ਹੋਣ ਕਾਰਨ ਬੱਚਿਆ ਦੇ ਨਾਂ ਮਾਧਵੁਰਮ, ਪਟਬੀਰਾਮਨ, ਜਾਨਕੀਰਾਮਨ ਅਤੇ ਰਾਸਰਾਮ ਰੱਖੇ। ਉਹਨਾਂ ਦੇ ਦਾਦਾ ਜੀ ਨੇ ਊਟੀ ਵਿੱਚ ਜਾਰਜ ਹੈਰਿੰਟਨ ਦੇ ਲਈ ਕੰਮ ਕੀਤਾ। ਕਾਥਾਵਾਰਾਇਨ ਆਪੇ ਬਚਪਨ ਵਿੱਚ ਦਾਦਾ ਜੀ ਦੇ ਕਾਫੀ ਨਜ਼ਦੀਕ ਰਿਹਾ। ਉਹਨਾਂ ਦੇ ਦਾਦਾ ਜੀ ਦੇ ਅੰਗਰੇਜ਼ਾਂ ਦੀ ਨੌਕਰੀ ਕਰਦੇ ਸਮੇਂ ਜੋ ਮਹੌਲ ਦੇਖਿਆ ਉਸ ਦਾ ਗਹਿਰਾ ਪ੍ਰਭਾਵ ਹੋਇਆ। ਉਹ ਜੋਤਿਸ਼ ਵਿਦਿਆ ਦੇ ਮਾਹਰ, ਪਾਮ ਪੱਤਰੀ ਦੇ ਖਰੜੇ ਦੀ ਪੜਾਈ, ਫ਼ਲਸਫ਼ੇ, ਸਿੱਧ ਚਕਿਤਸਕ, ਅੰਗਰੇਜ਼ੀ, ਸੰਸਕ੍ਰਿਤ ਅਤੇ ਪਾਲੀ ਭਾਸ਼ਾ ਦੀ ਚੰਗੀ ਜਾਣਕਾਰੀ ਰੱਖਦੇ ਸਨ। ਹਸਤ ਰੇਖਾ ਰੇਖਾ ਦੇ ਮਾਹਿਰ ਹੋਣ ਕਾਰਨ ਉਹਨਾਂ ਦੇ ਨਾਂ ਦੇ ਨਾਲ ਪੰਡਿਤ ਸੁਭਾਵਕ ਹੀ ਜੁੜ ਗਿਆ ਸੀ। ਪੰਡਿਤ ਈਓਥੀ ਥਾਸ ਦੀ ਮਦਰਾਸ ਦੇ ਰਾਯਾਪੇਟਾਹਾਲ ਏਰੀਆ ਵਿਚ ਆਪਣੀ ਡਿਸਪੈਂਸਰੀ ਸੀ। ਜਿਥੇ ਉਹ ਗਰੀਬ ਲੋੜਵੰਦ ਲੋਕਾਂ ਨੂੰ ਮੁਫ਼ਤ ਦਵਾਈਆਂ ਬਿਨਾ ਕਿਸੇ ਜਾਤੀ ਭੇਦਭਾਵ ਦਿੰਦੇ ਸਨ।

ਉਹ ਜਾਤ ਪਾਤ ਵਿਰੋਧੀ ਇੱਕ ਪ੍ਰਚੰਡ ਸਮਾਜਿਕ ਕ੍ਰਾਂਤੀਕਾਰੀ ਯੋਧੇ ਸਨ। ਉਹ ਦੱਖਣ ਭਾਰਤ ਦੇ ਪਹਿਲੇ ਦਲਿਤ ਅਤੇ ਦ੍ਰਾਵਿੜ ਜਾਤਪਾਤ ਅਤੇ ਵਰਣ ਵਿਰੋਧੀ ਨੇਤਾ ਰਹੇ ਹਨ। ਭਾਰਤ ਵਿੱਚ ਬਹੁਤ ਸਾਰੇ ਸਮਾਜਿਕ ਕੰਮ ਵੱਖ ਵੱਖ ਸਮੇਂ ਬੈਕਵਰਡ ਸਮਾਜ ਵਿੱਚ ਪੈਦਾ ਹੋਏ। ਪ੍ਰਮੁੱਖ ਨਾਂ ਮਹਾਤਮਾ ਯੋਤੀਰਾਵ ਗੋਬਿੰਦਰਾਵ ਫੂਲੇ ਜੀ 1827 ਵਿੱਚ ਪੈਦਾ ਹੋਏ। ਉਹ, ਉਹਨਾਂ ਤੋਂ 28 ਸਾਲ ਵੱਡੇ ਸਨ ਅਤੇ ਪੈਰੀਅਰ ਰਾਮਾ ਸਵਾਮੀ ਜੀ ਵੀ 1879 ਵਿਚ 24 ਸਾਲ ਬਾਅਦ ਪੈਦਾ ਹੋਏ। ਦਲਿਤ ਸਮਾਜ ਵਿਚ ਹੋਏ ਡਾ. ਭੀਮ ਰਾਓ ਅੰਬੇਡਕਰ ਜੀ 1881 ਵਿੱਚ ਪੈਦਾ ਹੋਏ ਜੋ ਉਹਨਾਂ ਤੋਂ 46 ਸਾਲ ਛੋਟੇ ਸਨ। ਦਲਿਤ ਸਮਾਜ ਜੋ ਗੁਲਾਮਾਂ ਨਾਲੋਂ ਵੀ ਮਾੜੀ ਜਿੰਦਗੀ ਜਿਉਣ ਲਈ ਮਜਬੂਰ ਸੀ, ਉਹਨਾਂ ਸਭ ਨੇ ਇਸ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਦੇ ਭਰਪੂਰ ਜਤਨ ਕੀਤੇ ਅਤੇ ਕਾਫੀ ਹੱਦ ਤਕ ਸਫਲ ਵੀ ਹੋਏ ਅਤੇ ਇਨਸਾਨ ਕਹਾਉਣ ਦੇ ਲਾਇਕ ਬਣਾਇਆ। ਮਹਾਨ ਈਓਥੀ ਥਾਸ ਜੀਵਨ ਭਰ ਆਪਣੇ ਦੱਬੇ ਕੁੱਚਲੇ ਦੱਖਣ ਭਾਰਤ ਵਿੱਚ ਮੂਲ ਨਿਵਾਸੀ ਦ੍ਰਾਵਿੜ ਸਮਾਜ ਦੇ ਲੋਕਾਂ ਨੂੰ ਉਪਰ ਚੁੱਕਣ ਦੇ ਬਹੁਤ ਸਾਰੇ ਉਪਰਾਲੇ ਕੀਤੇ। ਸਾਰਾ ਜੀਵਨ ਉਨ੍ਹਾਂ ਸਮਾਜ ਸੁਧਾਰ ਦੇ ਕੰਮਾਂ ਵਿੱਚ ਲਾਇਆ।

1870 ਦੇ ਦਹਾਕੇ ਵਿੱਚ ਉਹਨਾਂ ਨੇ ਟੋਡਾ ਕਬੀਲਾ ਅਤੇ ਹੋਰ ਨੀਲਗਿਰੀ ਦੇ ਕਬੀਲਿਆਂ ਨੂੰ ਇਕੱਠੇ ਕਰ ਇਕ ਸ਼ਕਤੀ ਦੇ ਰੂਪ ਵਿੱਚ ਉਭਾਰਨ ਦਾ ਕੰਮ ਬੜੀ ਸਫਲਤਾ ਪੂਰਵਕ ਕੀਤਾ। (ਟੋਡਾ ਇਕ ਦੱਖਣੀ ਭਾਰਤੀ ਘੁਮਾਂਤਰੂ, ਪਸ਼ੂ ਪਾਲਕ, ਨਾਚ ਕਲਾ ਮਾਹਰ ਕਬੀਲਾ ਹੈ, ਜਿਸ ਦੀ ਜਨ ਸੰਖਿਆ 20ਵੀਂ ਦੀ ਵਿੱਚ 700 ਤੋਂ 900 ਵਿੱਚ ਹੀ ਰਹੀ। ਪੁਰਾਤਨ ਸਮੇਂ ਦੱਖਣ ਭਾਰਤ ਦਾ ਬਹੁਤ ਪ੍ਰਭਾਵਸ਼ਾਲੀ ਕਬੀਲਾ ਰਿਹਾ ਹੈ।

ਸਾਲ 1876 ਵਿੱਚ ਉਹਨਾਂ ਨੇ ਐਡਵਾਇਡਨਾਂਡਾ ਨਾਂ ਦੀ ਸਮਾਜ ਸੁਧਾਰਕ ਸਭਾ ਦੀ ਸਥਾਪਨਾ ਕੀਤੀ। ਰੈਵਰਡ ਜੌਨ ਰਤਨਮ ਨਾਲ ਮਿਲ ਕੇ ਸਮਾਜਿਕ ਜਾਗਰਿਤੀ ਲਈ ਇਕ ਮੈਗਜ਼ੀਨ ਸ਼ੁਰੂ ਕੀਤੀ ਜਿਸ ਦਾ ਨਾਂ ਦ੍ਰਾਵਿੜਾ ਪਾਂਡੀਆਂ ਰੱਖਿਆ। 1882 ਵਿੱਚ ਜੋਹਨ ਰਤਨਮ ਅਤੇ ਈਓਥੈ ਥਾਸ ਨੇ ਮਿਲ ਕੇ "ਦ੍ਰਾਵਿੜ ਕਯਾਗਮ" ਨਾਂ ਦੀ ਮੂਵਮੈਂਟ ਸ਼ੁਰੂ ਕੀਤੀ। ਇਹ ਮਾਨਵਤਾ ਵਾਦੀ ਲਹਿਰ ਸੀ ਅਤੇ ਬ੍ਰਾਹਮਣਵਾਦ ਦੇ ਵਿਰੋਧੀ ਜੋ ਇਨਸਾਨੀਅਤ ਦੀ ਨਾਂ ਬਰਾਬਰੀ ਦਾ ਪ੍ਰਤੀਕ ਸੀ ਦੇ ਵਿਰੋਧੀ ਲਹਿਰ ਸੀ। ਇਤਿਹਾਸ ਵਿੱਚੋਂ ਬਹੁਤ ਸਾਰੇ ਸੱਚ ਨੂੰ ਛੁਪਾਇਆ ਗਿਆ, ਤਾਂ ਕਿ ਈਓਥੀ ਥਾਸ ਨੂੰ ਇਤਿਹਾਸ ਵਿੱਚੋਂ ਭੁਲਾਇਆ ਜਾ ਸਕੇ। "ਦ੍ਰਾਵਿੜ ਕਯਾਗਮ" ਮੂਵਮੈਂਟ ਨੇ ਹੇਠਲੀਆਂ ਜਾਤੀਆਂ ਵਿੱਚ ਜਾਗਰਿਤੀ ਭਰ ਦਿੱਤੀ। ਲੋਕੀ ਸਮਝ ਗਏ ਕਿ ਭਾਰਤ ਦੇ ਮੂਲ ਨਿਵਾਸੀ ਕੇਵਲ ਬੋਧੀ ਹੀ ਨਹੀਂ ਬਲਕਿ ਇਹ ਭਾਰਤ ਦੇ ਅਸਲੀ ਵਾਰਿਸ ਵੀ ਹਨ। ਥਾਸ ਫਿਰ ਵੀ ਸਭ ਵਿੱਚ ਇਸ ਸਮਝਣ ਨੂੰ ਬਣਾਈ ਰੱਖਿਆ ਕਿ ਇਹ ਬੁੱਧਾ ਦੇ ਕਾਰਨ ਹੀ ਸਾਡੇ ਦੇਸ਼ ਦਾ ਨਾਂ (India being the Buddha) ਭਾਰਤਮ ਹੈ ਅਤੇ ਭਾਰਤ ਦਾ ਪੁਰਾਤਨ ਨਾਂ (Inderar Desham) ਭਾਰਤਮ ਦੇਸ਼ਮ ਹੈ।




ਸਾਲ 1881 ਵਿੱਚ ਜਦੋਂ ਬਸਤੀਵਾਦੀ ਸਰਕਾਰ ਨੇ ਦੂਜੀ ਮਰਦ ਮ-ਸ਼ੁਮਾਰੀ ਕਰਨ ਦੀ ਯੋਜਨਾ ਬਣਾਈ, ਰਜਿਸਟ੍ਰੇਸਨ ਅਫਸਰਾਂ ਨੇ ਹਿੰਦੂ ਧਰਮ ਦੇ ਅੰਦਰ ਇੱਕ ਨਵੀਂ ਸ਼੍ਰੇਣੀ ਦੇ ਤੌਰ ਤੇ ਡਰਾਫਟ ਕਲਾਸਾਂ ਦਾ ਵਰਗੀਕਰਨ ਕੀਤਾ। ਉਸ ਸਮੇਂ ਉਹਨਾਂ ਨੇ ਬ੍ਰਿਟਿਸ਼ ਸਰਕਾਰ ਨੂੰ ਇਕ ਮੰਗ ਪੱਤਰ ਦਿੱਤਾ ਜਿਸ ਵਿੱਚ ਬੇਨਤੀ ਕੀਤੀ ਗਈ ਸੀ ਕਿ ਤਾਮਿਲ ਬੋਲਣ ਵਾਲੇ ਜ਼ਿਲਿਆਂ ਵਿੱਚ ਨਿਰਾਸ਼ ਵਰਗਾਂ ਨੂੰ ਹਿੰਦੂ ਨਹੀਂ ਆਦਿ ਤਾਮਿਲ ਮੰਨਿਆ ਜਾਣਾ ਚਾਹੀਦਾ ਹੈ। ਅਗਲੇ ਦਹਾਕਿਆਂ ਵਿੱਚ ਜਨਗਣਨਾ ਵਿਭਾਗ ਦੀ ਸਥਾਪਨਾ ਨੇ ਸਥਾਪਿਤ ਰੀਤੀ ਰਿਵਾਜਾਂ ਅਤੇ ਧਰਮ ਦੇ ਅਧਾਰਤ ਲੋਕਾਂ ਨੂੰ ਸ਼੍ਰੇਣੀ ਵਧ ਕਰਨ ਦੀ ਉਤਸੁਕਤਾ ਦਿਖਾਈ। ਜਿਸ ਦਾ ਅਰਥ ਹੈ ਹਰ ਜਾਤੀ ਨੇ ਆਪਣੀ ਜਾਤੀ ਸੰਸਥਾਵਾਂ ਦੀ ਸਥਾਪਨਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਉਹਨਾਂ ਦੀ ਜਾਤ ਦੀ ਗਿਣਤੀ ਨੂੰ ਵੱਧ ਤੋਂ ਵੱਧ ਦਿਖਾਇਆ ਜਾ ਸਕੇ। ਇਹ ਅਤਿਕਥਨੀ ਨਹੀਂ ਹੈ, ਪਰ ਇਹ ਇੱਕ ਇਤਿਹਾਸਕ ਤੱਥ ਹੈ ਕਿ ਹਰ ਗੈਰ ਬ੍ਰਾਹਮਣ ਜਾਤੀ ਨੇ ਆਪਣੀ ਜਾਤ ਦੀ ਸਥਿਤੀ ਨੂੰ ਖੱਤਰੀ ਜਾਂ ਵੈਸਿਆ ਨਾਲ ਦਰਸਾਇਆ ਹੈ।ਪਰ ਈਓਥੀ ਥਾਸ ਨੇ ਅਛੂਤਾਂ ਨੂੰ ਬੁਲਾ ਕੇ ਦੱਸਿਆ ਕਿ ਉਹ ਆਪਣਾ ਧਰਮ ਬੁੱਧ ਧਰਮ ਵਜ਼ਨ ਹੀ ਦਰਜ ਕਰਵਾਉਣ ਅਤੇ ਆਪਣੇ ਆਪ ਨੂੰ ਜਾਤ ਪ੍ਰਣਾਲੀ ਤੋਂ ਬਾਹਰ ਰੱਖਣ।

ਈਓਥੀ ਥਾਸ ਨੇ ਉਹਨਾਂ ਲੋਕਾਂ ਨੂੰ ਨਾਮਜ਼ਦ ਕੀਤਾ ਜਿਨ੍ਹਾਂ ਨੇ ਬੋਧ ਧਰਮ ਨੂੰ ਤਥਾਗਤ ਬ੍ਰਹਮਾ (ਅਸ਼ਲ ਬ੍ਰਹਮੀਆਂ) ਦੇ ਰੂਪ ਵਿੱਚ ਪਾਲਨ ਕੀਤਾ। ਆਰੀਅਨਾਂ ਦੇ ਹਮਲੇ ਤੋਂ ਪਹਿਲਾਂ ਇਹ ਲੋਕ ਮੂਲ ਬੋਧੀ ਅਤੇ ਬੁੱਧ ਪ੍ਰਚਾਰਕ ਸਨ। ਹਮਲਾਵਰ ਆਰੀਅਨਾਂ ਨੇ ਮੂਲ ਬੁੱਧਸ਼ਾਹੀਆ ਦੇ ਕੁੱਝ ਰੀਤੀ ਰਿਵਾਜ (ਨਾਂ ਕਿ ਸਾਰੇ) ਦੀ ਨਕਲਾਂ ਬਣ ਦਿੱਤੀਆਂ ਅਤੇ ਲੋਕਾਂ ਨੂੰ ਧੋਖਾ ਦੇਣਾ ਸ਼ੁਰੂ ਕਰ ਦਿੱਤਾ। ਇਸ ਤਰਾਂ ਜੋ ਮੂਲ ਨਿਵਾਸੀ ਹਿੰਦੂ ਬਾਦ ਦੇ ਸ਼ਿਕਾਰ ਹੋ ਉਸ ਦੇ ਪਿਛਲੱਗ ਬਣ ਗਏ ਉਹਨਾਂ ਨੂੰ ਈਓਥੀ ਥਾਸ ਨੇ ਸੁਡੋ ਬ੍ਰਾਹਮਣ ਦਾ ਨਾਂ ਦਿੱਤਾ। ਇਹ ਵਰਗ ਗੈਰ ਬ੍ਰਾਹਮਣ ਵਰਗ ਨਾਲੋਂ ਘਾਤਕ ਸਨ।

ਦਲਿਤ ਮੁਕਤੀ ਦੇ ਇਤਿਹਾਸ ਵਿੱਚ ਈਓਥੀ ਥਾਸ ਦੀ ਪ੍ਰਮੁੱਖ ਭੂਮਿਕਾ ਬਹੁਤ ਹੀ ਅਹਿਮ ਹੈ। ਉਸ ਨੇ ਅੰਬੇਡਕਰ ਤੋਂ ਅੱਧੀ ਸਦੀ ਪਹਿਲਾਂ ਕੋਸ਼ਿਸ਼ ਕੀਤੀ ਸੀ। ਉਸ ਨੇ ਬੁੱਧ ਧਰਮ ਦੇ ਇਤਿਹਾਸ, ਧਰਮ, ਸਾਹਿਤ ਦੇ ਨਾਲ ਨਾਲ ਤਾਮਿਲ ਇਤਿਹਾਸ ਦੀ ਵੀ ਵਿਆਖਿਆ ਕੀਤੀ ਜੋ ਦੱਖਣ ਭਾਰਤ ਵਿੱਚ ਪ੍ਰਚਲਤ ਸੀ।

ਸਾਲ 1886 ਵਿੱਚ ਉਹਨਾਂ ਨੇ ਇਕ ਇਨਕਲਾਬੀ ਘੋਸ਼ਣਾ ਕੀਤੀ ਕਿ ਭਾਰਤ ਦੇ ਮੂਲ ਨਿਵਾਸੀ ਲੋਕ ਹਿੰਦੂ ਨਹੀਂ ਹਨ। ਇਸ ਐਲਾਨ ਨਾਮੇ ਤੋਂ ਬਾਅਦ ਸਾਲ 1891 ਵਿੱਚ ਉਹਨਾਂ ਨੇ ਦ੍ਰਾਵਿੜ ਮਹਾਂ ਸਭਾ ਦੀ ਸਥਾਪਨਾ ਕੀਤੀ। ਉਹਨਾਂ ਦੀ ਘੋਸ਼ਣਾ ਸੀ ਕਿ ਅਸੀਂ ਹਿੰਦੂ ਨਹੀਂ ਹਾਂ, ਇਸ ਦਾ ਮੂਲ ਨਿਵਾਸੀ ਸਮਾਜ ਉੱਤੇ ਬਹੁਤ ਪ੍ਰਭਾਵ ਪਿਆ। ਇਸੇ ਕਾਰਨ 1891 ਦੀ ਮਰਦਮ ਸ਼ੁਮਾਰੀ ਵਿੱਚ ਮੂਲ ਨਿਵਾਸੀ ਲੋਕਾਂ ਨੇ ਆਪਣੇ ਆਪ ਨੂੰ "ਜਾਤੀ ਰਹਿਤ ਦ੍ਰਾਵੜ" ਸਮਾਜ ਵਜੋਂ ਦਰਜ ਕਰਾਇਆ। ਉਹਨਾਂ ਦੀ ਇਹ ਗਤੀਵਿਧੀਆਂ ਸ੍ਰੀ ਲੰਕਾ ਦੇ ਬੋਧੀਆਂ ਲਈ ਇਕ ਬਹੁਤ ਪ੍ਰੇਰਣਾ ਸਰੋਤ ਸਾਬਤ ਹੋਈਆਂ।

1 ਦਿਸੰਬਰ 1891 ਵਿੱਚ ਉਹਨਾਂ ਨੇ ਊਟੀ ਵਿੱਚ ਇਕ ਮਹਾਨ ਸਭਾ ਦਾ ਆਯੋਜਨ ਕੀਤਾ। ਇਸ ਸਭਾ ਵਿੱਚ ਦਸ ਮਤੇ ਪਾਸ ਕੀਤੇ ਗਏ। ਜਿਨ੍ਹਾਂ ਵਿੱਚ ਪ੍ਰਮੁੱਖ ਮਤੇ ਸਨ ਫੌਜਦਾਰੀ ਕਾਨੂੰਨ ਬਣਵਾਉਣਾ, ਅਛੂਤਾਂ ਦਾ ਅਪਮਾਨ ਕਰਨ ਵਾਲਿਆਂ ਨੂੰ ਸਜ਼ਾ ਦਵਾਉਣਾ, ਅਛੂਤਾਂ ਲਈ ਵੱਖਰੇ ਸਕੂਲ ਬਣਵਾਉਣਾ, ਪੜੇ ਲਿਖੇ ਅਛੂਤਾਂ ਨੂੰ ਨੌਕਰੀਆਂ ਦਿਵਾਉਣੀਆਂ, ਜਿਲ੍ਹਾ ਬੋਰਡਾਂ ਅਤੇ ਨਗਰ ਪਾਲਿਕਾਵਾਂ ਵਿੱਚ ਅਛੂਤਾਂ ਦੇ ਪ੍ਰਤੀਨਿਧ ਸ਼ਾਮਲ ਕਰਨਾ, ਦਸਵੀਂ ਤਕ ਦੀ ਪੜਾਈ ਲਈ ਅਛੂਤ ਵਿਦਿਆਰਥੀਆਂ ਲਈ ਵਜ਼ੀਫੇ ਦਾ ਪ੍ਰਬੰਧ ਕਰਨਾ। ਇਹ ਮੰਗ ਪੱਤਰ 21 ਦਿਸੰਬਰ 1891 ਨੂੰ ਕਾਂਗਰਸ ਪਾਰਟੀ ਅਤੇ ਮੁਹੰਮਡਨ ਐਸੋਸੀਏਸ਼ਨ ਨੂੰ ਭੇਜਿਆ ਗਿਆ।

ਮਹਾਨ ਕ੍ਰਾਂਤੀਕਾਰੀ ਈਓਥੀ ਥਾਸ ਨੂੰ ਤਕਰੀਬਨ ਭੁੱਲਾ ਹੀ ਦਿੱਤਾ ਗਿਆ ਸੀ। ਦਲਿਤ ਸਾਹਿਤ ਅਕੈਡਮੀ ਦੇ ਉਪਰਾਲਿਆਂ ਦੇ ਸਦਕਾ ਇਹ ਫਿਰ ਤੋਂ "ਦਲਿਤ ਏਜ਼ਾਈਲਮਲਾਈ" ਸਮਾਜਿਕ ਕਾਰਜ ਕਰਤਾ ਅਤੇ ਰਾਜਨੀਤਿਕ ਨੇਤਾ ਦੀ ਇੱਕ ਲਿਖਤ ਪ੍ਰਕਾਸਨ ਹੋਣ ਨਾਲ ਈਓਥੀ ਥਾਸ ਫਿਰ ਤੋਂ ਸਭ ਨਜ਼ਰਾਂ ਵਿੱਚ ਆਏ। ਏਜ਼ਾਈਲਮਲਾਈ 1945 ਵਿੱਚ ਚੇਂਗਾਈ ਜਿਲਾ ਚਿੰਗਲਪੁਟ ਤਾਮਿਲਨਾਡੂ ਵਿੱਚ ਪੈਦਾ ਹੋਏ। ਉਹ ਦੱਖਣੀ ਭਾਰਤੀ ਨੇਤਾ ਸਨ ਜੋ 1998-99 ਵਿੱਚ ਵਾਜਪਾਈ ਸਰਕਾਰ ਦੇ ਰਾਜ ਮੰਤਰੀ ਸਨ ਜਿਨ੍ਹਾਂ ਕੋਲ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਾ (ਅਜ਼ਾਦ ਚਾਰਜ) ਰਿਹਾ। ਉਹ ਚਿਦੰਬਰਮ ਲੋਕ ਸਭਾ ਹਲਕੇ ਤੋਂ 12ਵੀਂ ਲੋਕ ਸਭਾ ਲਈ ਚੁਣੇ ਗਏ ਸਨ। "ਦਲਿਤ ਏਜ਼ਾਈਲਮਲਾਈ" ਨੇ ਪਹਿਲਾਂ ਸੈਨਾ ਦੀ ਨੌਕਰੀ ਵੀ ਕੀਤੀ। ਭਾਰਤ ਦੇ ਰਾਸ਼ਟਰਪਤੀ ਵਲੋਂ 1971 ਦੀ ਜੰਗ ਦੇ ਦੌਰਾਨ ਉਹਨਾਂ ਨੂੰ ਸੈਨਾ ਵਿੱਚ ਬਹਾਦਰੀ ਨਾਲ ਸੇਵਾ ਕਰਨ ਬਦਲੇ ਵਿਸ਼ੇਸ਼ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ। 27 ਮਈ 1999 ਨੂੰ ਚੇਨਈ ਵਿੱਚ ਇੱਕ ਖੋਜ ਕੇਂਦਰ ਦਾ ਨੀਂਹ ਪੱਥਰ ਰਖਿਆ ਗਿਆ। ਇਸ ਖੋਜ ਕੇਂਦਰ ਦਾ ਨਾਂ ਉਸ ਸਮੇਂ ਦੇ ਮੁੱਖ ਮੰਤਰੀ ਐਮ. ਕਰਨਾਨਿਧੀ ਵਲੋਂ ਕੇਂਦਰੀ ਮੰਤਰੀ ਦਲਿਤ ਏਜ਼ਾਈਲਮਲਾਈ ਦੇ ਇਸ਼ਾਰੇ ਤੇ ਪੰਡਿਤ ਈਓਥੀ ਥਾਸ ਦੇ ਨਾਂ ਉੱਤੇ ਰਖਿਆ ਗਿਆ। ਸੱਤ ਸਾਲਾਂ ਬਾਅਦ ਜਦੋਂ ਇਸ ਦਾ ਉਦਘਾਟਨ 3 ਸਤੰਬਰ 2005 ਨੂੰ ਡਾ. ਮਨਮੋਹਨ ਸਿੰਘ ਵਲੋਂ ਕੀਤਾ ਗਿਆ ਤਾਂ ਇਸ ਦਾ ਨਾਂ ਇੱਕ ਰਾਜਨੀਤਿਕ ਧਰਮ ਪਿੱਛੋਂ ਬਦਲ ਕੇ ਸਿਧਾ ਦੇ ਨਾਂ ਉੱਤੇ ਰੱਖ ਦਿੱਤਾ ਗਿਆ। ਖੋਜ ਕੇਂਦਰ ਦਾ ਨਾਂ ਬਦਲਣ ਦੀ ਸਾਜ਼ਿਸ਼ ਦੇ ਸਬੰਧ ਵਿੱਚ ਸਾਨੂੰ ਕੋਈ ਸਮਝਣਾ ਔਖਾ ਨਹੀਂ ਕਿ ਕਿੰਨਾ ਕਾਰਨਾਂ ਕਰਕੇ ਰੱਖੇ ਜਾਂ ਬਦਲੇ ਜਾਂਦੇ ਹਨ।

ਈਓਥੀ ਥਾਸ ਨੇ ਆਪਣੇ ਸਾਥੀਆਂ ਸਮੇਤ ਐਚ. ਐਲ. ਓਲਕੋਟ ਕੋਲ ਬੁੱਧ ਧਰਮ ਅਪਨਾਉਣ ਦੀ ਇਮਾਨਦਾਰ ਇੱਛਾ ਜ਼ਾਹਰ ਕੀਤੀ। ਐਚ. ਐਲ. ਓਲਕੋਟ ਅਮਰੀਕੀ ਫੌਜੀ ਅਫਸਰ, ਵਕੀਲ, ਪੱਤਰਕਾਰ, ਯੂਰਪੀਅਨ ਥਿਓਸੋਫ਼ਿਕਲ ਸੋਸਾਇਟੀ ਦੇ ਸਹਾਇਕ ਸੰ-ਸਥਾਪਕ ਅਤੇ ਪ੍ਰਧਾਨ ਵੀ ਸਨ। ਐਚ. ਐਲ. ਓਲਕੋਟ ਪਹਿਲੇ ਯੂਰਪੀਅਨ ਮੂਲ ਦੇ ਅਤੇ ਅਮਰੀਕਾ ਦੇ ਰਹਿਣ ਵਾਲੇ ਇਨਸਾਨ ਸਨ, ਜਿਨ੍ਹਾਂ ਨੇ ਬੁੱਧ ਧਰਮ, ਪੜ੍ਹਿਆ, ਸਮਝਿਆ ਅਤੇ ਅਪਣਾਇਆ। ਉਹ ਸ੍ਰੀਲੰਕਾ ਦੇ ਬੋਧੀ ਧਰਮ ਦੇ ਇੱਕ ਮੁੱਖ ਸੁਧਾਰਕ ਸਨ ਜਿਨ੍ਹਾਂ ਦਾ ਅੱਜ ਵੀ ਉੱਤੇ ਬੜਾ ਸਨਮਾਨ ਕੀਤਾ ਜਾਂਦਾ ਹੈ। ਐਚ. ਐਲ. ਓਲਕੋਟ ਦੀ ਸਹਾਇਤਾ ਦੇ ਨਾਲ ਈਓਥੀ ਥਾਸ ਨੇ ਡੀਪਰੈਸਡ ਕਲਾਸ ਲਈ ਪੰਜ ਸਕੂਲ ਵੀ ਖੋਲੇ।

ਉਹਨਾਂ ਨੇ ਪੰਚਾਮਾ ਸਕੂਲ ਦੇ ਮੁੱਖੀ ਮਾਸਟਰ ਕ੍ਰਿਸ਼ਨਾਸਮੀ ਨਾਲ ਸ੍ਰੀਲੰਕਾ ਦੀ ਯਾਤਰਾ ਕੀਤੀ। ਸ੍ਰੀਲੰਕਾ ਤੋਂ ਵਾਪਿਸ ਆਉਣ ਤੋਂ ਬਾਅਦ ਉਹਨਾਂ ਨੇ ਬੁੱਧ ਧਰਮ ਅਪਣਾ ਲਿਆ। ਸਾਲ 1898 ਵਿੱਚ ਉਹਨਾਂ ਨੇ "ਸਾਕੀਆ ਬੋਧੀ ਸੁਸਾਇਟੀ" ਦੀ ਸਥਾਪਨਾ ਕੀਤੀ। ਇਸ ਦਾ ਮੁੱਖ ਦਫ਼ਤਰ ਰੋਇਪੇਟਾਹ ਵਿੱਚ ਬਣਾਇਆ।

ਇਸ ਦਫ਼ਤਰ 10 ਰੁਪਏ ਮਹੀਨਾ ਕਿਰਾਏ ਉਪਰ ਲਿਆ ਗਿਆ ਜਿਸ ਦਾ ਵਿਸ਼ੇਸ਼ ਯੋਗਦਾਨ ਹੈਨਰੀ ਸਟੀਲ ਓਲਕਟ ਆਫ਼ ਥਿਓਸੋਫੀਕਲ ਨੇ ਪਾਇਆ ਗਿਆ। ਵਿਦਿਆ ਲਈ ਪਾਈਨੀਰ ਵਲੋਂ ਉੱਪਰਲੀ ਜਮਾਤ ਲਈ ਮੁਫ਼ਤ ਸਕੂਲ ਖੋਲ੍ਹਿਆ ਗਿਆ ਜਿਸ ਵਿੱਚ ਮੁਫ਼ਤ ਖਾਣਾ ਵੀ ਦਿੱਤਾ ਜਾਂਦਾ ਸੀ। ਇਥੇ ਸਮਾਜਿਕ ਮੀਟਿੰਗਾਂ ਕੀਤੀਆਂ ਜਾਂਦੀਆਂ ਜਿਥੇ ਪੀ. ਲਕਸ਼ਮੀ ਨਾਰਸੂ, ਪ੍ਰੋਫ਼ੈਸਰ, ਮਦਰਾਸ ਕ੍ਰਿਸਚਿਅਨ ਕਾਲਜ, ਐਮ ਸੰਗਾਰਵੇਲੂ ਚੇਟੀਅਰ ਜੋ ਬਾਅਦ ਵਿੱਚ ਮਦਰਾਸ ਦੇ ਪਹਿਲੇ ਕਮਿਊਨਿਸਟ ਬਣੇ ਅਤੇ ਏ, ਐਸ ਮੁਥਲੀਅਰ ਦੇ ਭਾਸ਼ਨ ਹੋਏ। ਇਸ ਸੁਸਾਇਟੀ ਦੀਆਂ ਸ਼ਾਖਾਵਾਂ ਅਤੇ ਬਰਾਂਚਾਂ ਰੰਗੂਨ, ਦੱਖਣੀ ਅਫ਼ਰੀਕਾ ਅਤੇ ਸ੍ਰੀਲੰਕਾ ਵਿੱਚ ਸਥਾਪਿਤ ਕੀਤੀਆਂ। ਜਿਥੇ ਦਲਿਤ, ਮਜ਼ਦੂਰ ਪਹਿਲਾਂ ਤੋਂ ਹੀ ਰੋਜੀ ਰੋਟੀ ਲਈ ਅਵਾਸ ਕਰਦੇ ਸਨ। ਇਸੇ ਤਰਾਂ ਸਾਕੀ ਬੋਧੀ ਸੁਸਾਇਟੀ ਦੇ ਦਫ਼ਤਰ ਚੈਂਪੀਅਨ ਰੀਫ਼ਜ, ਮਿਰਕਪੰਮ, ਕੋਲਰ ਗੋਲਡ ਵੀ ਖੋਲੇ ਗਏ ਜਦੋਂ ਇਹ ਮਲੇਸ਼ੀਆ ਰਿਆਸਤ ਦਾ ਹਿਸਾ ਸੀ। ਉਹਨਾਂ ਨੇ ਸਿਰਫ਼ ਸਮਾਜ ਸੁਧਾਰ ਦਾ ਹੀ ਕੰਮ ਨਹੀਂ ਕੀਤਾ ਸਗੋਂ ਹਿੰਦੂ ਧਰਮ ਨੂੰ ਉਖਾੜ ਮੁੜ ਬੁੱਧ ਧਰਮ ਨੂੰ ਸਥਾਪਿਤ ਕਰਨ ਦੇ ਹਰ ਹੀਲੇ ਕੀਤੇ। ਸਾਕੀਆ ਬੋਧੀ ਸੁਸਾਇਟੀ ਨੇ ਲਗਾਤਾਰ ਬੋਧੀ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ। ਇਸ ਦੇ ਭਾਸ਼ਨ ਅੱਧੀ ਰਾਤ ਤੋਂ ਬਾਅਦ ਰੱਖੇ ਜਾਂਦੇ। ਹਰੇਕ ਸ਼ਾਖਾ ਦੇ ਅਹੁਦੇਦਾਰਾਂ ਤੋਂ ਗਤੀ ਵਿਧੀਆਂ ਦੀਆਂ ਰਿਪੋਰਟਾਂ ਲਈਆਂ ਜਾਂਦੀਆਂ ਅਤੇ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ। ਇਸ ਤਰਾਂ ਬੁੱਧ ਧਰਮ ਦਾ ਪ੍ਰਚਾਰ ਪਸਾਰ ਹੋਣ ਲਗਾ।

ਵੱਡੀ ਗਿਣਤੀ ਵਿੱਚ ਲੋਕੀ ਬੁੱਧ ਧਰਮ ਮੁਤਾਬਿਕ ਜਿੰਦਗੀ ਦੇ ਕੰਮ ਕਾਰ ਅਤੇ ਜਸ਼ਨ ਮਨਾਉਣ ਲੱਗੇ। ਬੋਧੀ ਰਸਮੋ ਰਿਵਾਜ ਮੁਤਾਬਿਕ ਵਿਆਹ ਸਾਦੀਆਂ ਅਤੇ ਅੰਤਿਮ ਸੰਸਕਾਰ ਹੋਣ ਲਗੇ। ਮੈਗਜ਼ੀਨ ਵਿੱਚ ਬੁੱਧ ਧਰਮ ਅਪਨਾਉਣ ਵਾਲਿਆਂ ਦੇ ਨਾਂ ਵੀ ਛਾਪੇ ਜਾਣ ਲਗੇ। ਉਹਨਾਂ ਦੀ ਇਸ ਮਿਹਨਤ ਦੀ ਸਫਲਤਾ ਦੀ ਉਦਾਹਰਨ ਦੇਣ ਲਈ, ਦਲਿਤਾਂ ਨੇ 1911 ਵਿੱਚ ਮੈਸੂਰ ਡੈਨਟੈਲਿਅਲ ਜਨਗਣਨਾ ਦੀ ਰਿਪੋਰਟ ਵਿੱਚ ਆਪਣੇ ਆਫ਼ ਨੂੰ ਬੋਧੀਆਂ ਦੀ ਵੱਖਰੀ ਸ਼੍ਰੇਣੀ ਵਜੋਂ ਵੰਡ ਲਿਆ।

ਈਓਥੀ ਥਾਸ ਨੇ 19 ਜੂਨ 1907 ਨੂੰ ਓਰੂ ਪਾਈਸਾਤਾਮਨਾਨੀ (ਇੱਕ ਪੈਸਾ) ਜਰਨਲ ਹਫਤਾਵਾਰੀ ਪੇਪਰ ਦੀ ਸਥਾਪਨਾ ਕੀਤੀ। ਉਹ ਇਸ ਦੇ ਮਾਲਿਕ, ਸੰਪਾਦਕ ਅਤੇ ਪ੍ਰਕਾਸ਼ਕ ਵੀ ਸਨ। ਇਹ ਪੇਪਰ ਤਾਮਿਲ ਭਾਸ਼ਾ ਦਾ ਭਰਪੂਰ ਜਾਣਕਾਰੀ ਅਤੇ ਵਿਚਾਰਧਾਰਾ ਕਰਕੇ ਦਲਿਤ ਪ੍ਰਿੰਟ ਇਤਿਹਾਸ ਦਾ ਸਭ ਤੋਂ ਉੱਚ ਦਰਜੇ ਦਾ ਪੇਪਰ ਰਿਹਾ ਹੈ। ਇਸ ਦਾ ਇਕ ਸਾਲ ਬਾਅਦ ਤਾਮਨਾਨੀ ਦੀ ਥਾਂ ਤੇ ਤਾਮਿਲਨ ਕਰ ਦਿੱਤਾ। ਇਸ ਹਫ਼ਤਾਵਾਰ ਅੰਕ ਦੇ 500 ਪੇਪਰ ਤਾਮਿਲ ਭਾਸ਼ਾ ਵਿੱਚ ਛਪਦੇ ਸਨ। ਇਹ ਚਾਰ ਪੰਨਿਆ ਦਾ ਹਫ਼ਤਾਵਾਰ ਪੇਪਰ ਹਰ ਹਫ਼ਤੇ ਬੁੱਧਵਾਰ ਨੂੰ ਪ੍ਰਕਾਸ਼ਿਤ ਹੁੰਦਾ ਸੀ।

ਇਸ ਪੇਪਰ ਦੇ ਸੰਪਾਦਕ ਦਾ ਕੰਮ ਉਹ ਖ਼ੁਦ ਆਫ਼ ਕਰਦੇ ਸਨ। ਇਸ ਹਫ਼ਤੇਵਾਰ ਵਿੱਚ ਸਮਾਜਿਕ, ਧਾਰਮਿਕ, ਚਿੱਠੀਆਂ, ਮੈਮੋਰੈਂਡਮ, ਸਰਕੂਲਰ ਅਤੇ ਲੇਖ ਲਿਖੇ ਜਾਂਦੇ ਸਨ। ਇਸ ਪੇਪਰ ਦਾ ਸੰਪਾਦਕ ਦਾ ਕੰਮ ਆਪਣੀ ਮੌਤ 5 ਮਈ 1914 ਵਿੱਚ ਹੋਈ, ਅੰਤਿਮ ਸਮੇਂ ਤਕ ਪੰਡਿਤ ਈਓਥੀ ਥਾਸ ਸਮਾਜ ਦੀ ਸੇਵਾ ਵਿੱਚ ਲਗੇ ਰਹੇ।

# ਦੇਸੀ ਸਵੈਗ ਇੰਟਰਨੈਸ਼ਨਲ ਵੱਲੋਂ ਸੈਕਰਾਮੈਂਟੋ 'ਚ ਕਰਵਾਇਆ ਗਿਆ ਸ਼ੈਰੀ ਮਾਨ, ਰੁਪਿੰਦਰ ਹਾਂਡਾ ਤੇ ਜੈਸਮੀਨ ਦਾ ਸ਼ੋਅ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਸਥਾਨਕ ਲੂਥਰ ਬਰਬੈਂਕ ਹਾਈ ਸਕੂਲ ਫਲੋਰਨ ਰੋਡ ਸੈਕਰਾਮੈਂਟੋ ਵਿਚ ਸਥਾਨਕ ਸਭਿਆਚਾਰਕ ਸੰਸਥਾ 'ਦੇਸੀ ਸਵੈਗ ਇੰਟਰਨੈਸ਼ਨਲ' ਵੱਲੋਂ ਸ਼ੈਰੀ ਮਾਨ, ਰੁਪਿੰਦਰ ਹਾਂਡਾ ਤੇ ਜੈਸਮੀਨ ਦਾ ਸ਼ੋਅ ਕਰਵਾਇਆ ਗਿਆ। ਇਸ ਸ਼ੋਅ ਦੌਰਾਨ ਉਪਰੋਕਤ ਕਲਾਕਾਰਾਂ ਨੇ ਭਾਰੀ ਗਿਣਤੀ 'ਚ ਆਏ ਦਰਸ਼ਕਾਂ ਦਾ ਪੂਰਾ ਮਨੋਰੰਜਨ ਕੀਤਾ। ਸ਼ੈਰੀ ਮਾਨ ਨੇ ਪਰਿਵਾਰਕ ਗੀਤਾਂ ਤੋਂ ਇਲਾਵਾ ਅੱਜ ਦੇ ਰੋਮੀਓ ਲਈ ਵੀ ਗੀਤ ਸੁਣਾਏ। ਸ਼ੈਰੀ ਮਾਨ ਵੱਲੋਂ ਗਾਏ ਕੁਝ ਗੀਤਾਂ 'ਓ 'ਬੇਬੇ ਤੇਰੀ ਆਟੇ ਦੀ ਚਿੜੀ', 'ਦਿਨ ਢਲਦੇ ਨੂੰ ਜਦ ਕੰਮ ਤੋਂ ਆਵਾਂ ਮੈਂ", 'ਵੱਜਦੇ ਟਰਾਂਸਪੋਰਟੀਏ' ਆਦਿ ਕੁਝ ਗੀਤਾਂ ਨੂੰ ਆਏ ਦਰਸ਼ਕਾਂ ਨੇ ਪਸੰਦ ਕੀਤਾ। ਇਵੇਂ ਹੀ ਕੁਝ ਰੁਪਿੰਦਰ ਹਾਂਡਾ ਨੇ ਵੀ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ, ਜਿਹਨਾਂ 'ਚ ਉਸਨੇ ਆਪਣੇ ਗੀਤ 'ਤਰਤਪੋਸ਼', 'ਸੂਟ ਦਰਜੀ ਮੈਂ ਸਵਾਲਿਆ ਚੰਨਾ ਵੇ ਤੇਰੀ ਪੱਗ ਨਾਲ ਦਾ', 'ਮਿਰਜਾ' ਆਦਿ ਆਪਣੇ ਚਰਚਿਤ ਗੀਤ ਗਾਏ। ਇਸ ਮੌਕੇ ਜਸਮੀਨ ਸੈਂਡਲਸ ਜੋ ਕਿ ਸਟਾਕਟਨ ਕੈਲੀਫੋਰਨੀਆ ਦੀ ਹੀ ਗਾਇਕਾ ਹੈ, ਨੇ ਆਪਣੇ ਹੀ ਹਿਸਾਬ ਨਾਲ ਗਾਇਆ ਪਰ ਹੋਰ ਪੰਜਾਬੀ ਗਾਇਕਾਂ ਦੇ ਗੀਤਾਂ ਦੀ ਖਿਚੜੀ ਬਣਾ ਕੇ ਗੱਲਾਂ ਬਾਤਾਂ ਨਾਲ ਤੇ ਸੀ. ਡੀ. ਲਾ ਕੇ ਲੋਕਾਂ ਨੂੰ ਪਰੋਸਿਆ। ਇਸ



ਮੌਕੇ ਸਥਾਨਕ ਗਾਇਕ ਜੀਤਾ ਗਿੱਲ ਨੇ ਵੀ ਆਪਣੇ ਗੀਤਾਂ ਰਾਹੀਂ ਭਰਵੀਂ ਹਾਜਰੀ ਲੁਆਈ। ਇਸ ਮੌਕੇ ਸੈਕਰਾਮੈਂਟੋ ਦੀ ਨਵੀਂ ਗਾਇਕਾ ਮਨਿੰਦਰ ਸੰਧੂ ਨੇ 'ਤੇਰੀਆਂ ਮੁਹੱਬਤਾਂ" ਨਾਲ ਗਾਇਕੀ 'ਚ ਦਸਤਕ ਦਿੱਤੀ। ਇਸ ਸਮਾਗਮ ਦੀ ਸਟੇਜ ਤੇ ਇਕ ਰਾਤ ਪਹਿਲਾਂ ਰੱਖੇ ਗਏ ਡਿਨਰ ਦੀ ਸੰਚਾਲਨਾ ਆਸ਼ਾ ਸ਼ਰਮਾ ਨੇ ਇਕਸਾਰ ਨਿਭਾਈ।ਇਸ ਸ਼ੋਅ ਦੇ ਮੁੱਖ ਮਹਿਮਾਨ ਸ਼ੀਨਾ ਜਿਊਲਰਜ਼ ਦੇ ਇੰਦਰਜੀਤ ਸਿੰਘ ਸਨ। ਇਸ ਪ੍ਰੋਗਰਾਮ ਨੂੰ ਪਰਿਵਾਰਕ ਰੱਖਣ ਲਈ ਪ੍ਰਬੰਧਕਾਂ ਵੱਲੋਂ ਸਕਿਊਰਟੀ ਦੇ ਖਾਸ ਪ੍ਰਬੰਧ ਕੀਤੇ ਗਏ ਸਨ। ਪ੍ਰੋਗਰਾਮ ਦੇ ਪ੍ਰਬੰਧਕਾਂ 'ਚ ਹਰਪਿੰਦਰ ਸਹੋਤਾ, ਸੰਜੀਵ ਮਸੀਹ, ਮਨਿੰਦਰ ਪਵਾਰ, ਜਤਿੰਦਰ ਮਾਨ, ਜੋਗੀ ਗਿੱਲ ਤੇ ਹਰਿੰਦਰ ਸਹੋਤਾ ਤੇ ਹੋਰਨਾਂ ਨੇ ਕੁਝ ਸ਼ੋਅ ਦੇ ਪ੍ਰਮੋਟਰਾਂ ਨੂੰ ਯਾਦਗਾਰੀ ਪਲੈਕਾਂ ਦੇ ਕੇ ਸਨਮਾਨਿਤ ਵੀ ਕੀਤਾ।

# ਬੱਚਿਆਂ ਲਈ ਅਨਮੋਲ ਸੰਸਕਾਰਾਂ ਦਾ ਰੱਬੀ ਵਰਦਾਨ - ਦਾਦਾ-ਦਾਦੀ



ਰੋਹਿਤ ਪਲਤਾ (ਪ੍ਰਿੰਸੀਪਲ)
91- 78377-00375

ਦਾਦਾ-ਦਾਦੀ ਦੇ ਨਾਲ ਰਹਿਣਾ, ਉਨ੍ਹਾਂ ਦੀ ਜ਼ਿੰਦਗੀ ਦੇ ਰੋਚਕ ਤਜ਼ਰਬੇ ਸੁਣਨਾ ਅਤੇ ਉਨ੍ਹਾਂ ਨਾਲ ਖੁਸ਼ੀਆਂ ਦਾ ਆਨੰਦ ਮਾਨਣਾ ਆਪਣੇ-ਆਪ ਵਿੱਚ ਇੱਕ ਅਨੋਖਾ ਖੁਸ਼ਨੁਮਾ ਅਹਿਸਾਸ ਹੈ। ਉਹ ਬੱਚਿਆਂ ਦਾ ਬਚਪਨ ਹੀ ਨਹੀਂ, ਸਗੋਂ ਆਪਣੇ ਗਿਆਨ ਅਤੇ ਤਜ਼ਰਬਿਆਂ ਨਾਲ ਉਨ੍ਹਾਂ ਨੂੰ ਇੱਕ ਚੰਗੇ ਭਵਿੱਖ ਲਈ ਸੇਧ ਵੀ ਦਿੰਦੇ ਹਨ। ਜੇ ਅਜਿਹਾ ਕਿਹਾ ਜਾਵੇ ਕਿ ਦਾਦਾ-ਦਾਦੀ ਬੱਚਿਆਂ ਦੀ ਜ਼ਿੰਦਗੀ ਨੂੰ ਖੁਸ਼ੀਆਂ ਨਾਲ ਭਰਪੂਰ ਬਣਾਉਂਦੇ ਹਨ, ਤਾਂ ਗਲਤ ਨਹੀਂ ਹੋਵੇਗਾ। ਉਨ੍ਹਾਂ ਨਾਲ ਰਹਿਣ ਦੇ ਖੁਸ਼ੀਆਂ ਭਰੇ ਅਹਿਸਾਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ। ਅੱਜ-ਕੱਲ੍ਹ ਦੇ ਬੱਚਿਆਂ ਦੇ ਮਾਂ-ਬਾਪ ਨੂੰ ਇਹ ਸਮਝਣ ਦੀ ਲੋੜ ਹੈ ਕਿ ਦਾਦਾ-ਦਾਦੀ ਦੇ ਲਾਡ-ਪਿਆਰ ਦੀ ਕਮੀਂ ਨੂੰ ਦੂਸਰੀ ਕੋਈ ਚੀਜ਼ ਪੂਰਾ ਨਹੀਂ ਕਰ ਸਕਦੀ। ਸਿਆਣੇ ਕਹਿੰਦੇ ਨੇ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ।ਦਾਦਾ-ਦਾਦੀ ਆਪਣੇ ਪੋਤੇ-ਪੋਤੀਆਂ ਪ੍ਰਤੀ ਇੱਕ ਵੱਖਰਾ ਅਤੇ ਖਾਸ ਕਿਸਮ ਦਾ ਲਗਾਅ ਰੱਖਦੇ ਹਨ।

ਬੱਚਿਆਂ ਲਈ ਉਨ੍ਹਾਂ ਦੇ ਦਾਦਾ-ਦਾਦੀ ਨਾ ਸਿਰਫ ਚੰਗੀਆਂ ਆਦਤਾਂ ਤੇ ਸੰਸਕਾਰ ਸਿੱਖਣ ਦਾ ਸਰੋਤ ਹਨ, ਸਗੋਂ ਉਹ ਬੱਚਿਆਂ ਲਈ ਉਨ੍ਹਾਂ ਦੇ ਜੀਵਨ ਵਿੱਚ ਚੰਗੇ ਦੋਸਤ ਵੀ ਸਾਬਿਤ ਹੁੰਦੇ ਹਨ।ਅਜਿਹਾ ਵੇਖਣ ਵਿੱਚ ਆਉਂਦਾ ਹੈ ਕਿ ਬੱਚੇ ਬਹੁਤ ਸਾਰੀਆਂ ਗੱਲਾਂ ਆਪਣੇ ਮਾਂ-ਬਾਪ ਨੂੰ ਦੱਸਣ ਵਿੱਚ ਸੰਕੋਚ ਮਹਿਸੂਸ ਕਰਦੇ ਹਨ, ਪਰ ਉਹ ਸਭ ਕੁਝ ਦਾਦਾ-ਦਾਦੀ ਨਾਲ ਸਾਂਝਾ ਕਰਨ ਵਿੱਚ ਉਹ ਆਰਾਮਦਾਇਕ ਮਹਿਸੂਸ ਕਰਦੇ ਹਨ।ਮੁੱਕਦੀ ਗੱਲ ਇਹ ਹੈ ਕਿ ਮਾਂ-ਬਾਪ ਵੱਲੋਂ ਬੱਚਿਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਅਨਗਿਣਤ ਸਹੂਲਤਾਂ ਦੇ ਬਾਵਜੂਦ ਬੱਚਿਆਂ ਲਈ ਉਨ੍ਹਾਂ ਦੇ ਦਾਦਾ-ਦਾਦੀ ਦਾ ਸਾਥ ਅਤਿਅੰਤ ਲੋੜੀਂਦਾ ਹੈ।

ਪਰ ਅਜਿਹਾ ਜਾਪਦਾ ਹੈ ਜਿਵੇਂ ਵਰਤਮਾਨ ਦੁਨੀਆ ਦੀ ਬਨਾਵਟ ਅਤੇ ਲੋਕਾਂ ਦੀ ਛੋਟੀ ਸੋਚ ਨੇ ਅੱਜ-ਕੱਲ੍ਹ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਬੱਚਿਆਂ ਲਈ ਉਨ੍ਹਾਂ ਦੇ ਦਾਦਾ-ਦਾਦੀ ਦੀ ਲੋੜ ਨੂੰ ਭੁਲਾ ਕੇ ਰੱਖ ਦਿੱਤਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਨੌਜਵਾਨ ਪੀੜ੍ਹੀ ਦੀ ਆਪਣੇ ਮਾਪਿਆਂ ਪ੍ਰਤੀ ਬੇਰੁਖੀ ਉਨ੍ਹਾਂ ਦੇ ਆਪਣੇ ਪੋਤੇ-ਪੋਤੀਆਂ ਨੂੰ ਸੰਸਕਾਰੀ ਬਨਾਉਣ ਲਈ ਅਤਿਅੰਤ ਲਾਜ਼ਮੀ ਯੋਗਦਾਨ ਨੂੰ ਵੀ ਨਜ਼ਰ-ਅੰਦਾਜ਼ ਕਰ ਰਹੀ ਹੈ। ਨੌਜਵਾਨ ਪੀੜ੍ਹੀ ਦੀ ਸੰਯੁਕਤ ਪਰਿਵਾਰ ਤੋਂ ਅਲੱਗ ਰਹਿਣ ਦੀ ਨਕਾਰਾਤਮਕ ਸੋਚ ਬੱਚਿਆਂ ਨੂੰ ਉਨ੍ਹਾਂ ਦੇ ਦਾਦਾ-ਦਾਦੀ ਤੋਂ ਦੂਰ ਕਰਨ ਦਾ ਕਾਰਨ ਬਣਦੀ ਜਾ ਰਹੀ ਹੈ। ਸ਼ਾਇਦ ਅਜਿਹੇ ਨੌਜਵਾਨ ਆਪਣੇ ਸੰਯੁਕਤ ਪਰਿਵਾਰ ਤੋਂ ਅਲੱਗ ਹੋਣ ਸਮੇਂ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਦੇ ਕੁਝ ਨਾ ਕੁਝ ਗੁਣ ਜਾਂ ਆਦਤਾਂ ਉਨ੍ਹਾਂ ਦੇ ਦਾਦਾ-ਦਾਦੀ ਨਾਲ ਜ਼ਰੂਰ ਮਿਲਦੇ ਹਨ। ਇਹ ਬੱਚਿਆਂ ਨੂੰ ਆਪਣੇ ਦਾਦਾ-ਦਾਦੀ ਤੋਂ ਮਿਲਣ ਵਾਲੀ ਗੁਣਾਂ ਦੀ ਵਿਰਾਸਤ ਅਤੇ ਕੁਦਰਤ ਦੇ ਚਮਤਕਾਰ ਕਾਰਨ ਹੁੰਦਾ ਹੈ। ਨੌਜਵਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਨੂੰ ਕੁਦਰਤ ਦੇ ਨਿਯਮ ਮੁਤਾਬਕ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਦਾਦਾ-ਦਾਦੀ ਕੋਲੋਂ ਮਿਲਣ ਵਾਲੀ ਗੁਣਾਂ ਦੀ ਵਿਰਾਸਤ ਖੋਹਣ ਦਾ ਕੋਈ ਹੱਕ ਨਹੀਂ।

ਨੌਜਵਾਨ ਪੀੜ੍ਹੀ ਦੀ ਸੋਚ ਨੇ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਦਾਦਾ-ਦਾਦੀ ਤੋਂ ਸਰੀਰਕ ਰੂਪ ਵਿੱਚ ਤਾਂ ਦੂਰ ਕਰ ਹੀ ਦਿੱਤਾ ਹੈ। ਪਰ ਉਨ੍ਹਾਂ ਦੇ ਬੱਚੇ ਆਪਣੇ ਦਾਦਾ-ਦਾਦੀ ਦੇ ਪਿਆਰ ਅਤੇ ਸੰਸਕਾਰਾਂ ਤੋਂ ਬਾਂਝੇ ਨਾ ਰਹਿ ਜਾਣ, ਇਸ ਲਈ ਉਨ੍ਹਾਂ ਨੂੰ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ ਵਿਚਕਾਰ ਦੂਰੀ ਨੂੰ ਬੱਚਿਆਂ ਦੀ ਦਾਦਾ-ਦਾਦੀ ਨਾਲ ਕਦੇ-ਕਦੇ ਫੋਨ ਰਾਹੀਂ ਗੱਲ ਕਰਵਾ ਕੇ ਘੱਟ ਕਰਨ ਦਾ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ।ਅਜਿਹਾ ਕਰਨਾ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ ਵਿਚਾਲੇ ਭਾਵਨਾਤਮਕ ਸੰਪਰਕ ਕਾਇਮ ਰੱਖਣ ਲਈ ਵੀ ਸਹਾਈ ਹੁੰਦਾ ਹੈ ਅਤੇ ਬੱਚਿਆਂ ਨੂੰ ਆਪਣੇ ਦਾਦਾ-ਦਾਦੀ ਦਾ ਸੰਸਕਾਰਾਂ ਰੂਪੀ ਵਰਦਾਨ ਵੀ ਹਾਸਲ ਹੁੰਦਾ ਹੈ। ਇਸ ਦੇ ਨਾਲ ਹੀ ਕਦੇ-ਕਦੇ ਬੱਚਿਆਂ ਦੇ ਦਾਦਾ-ਦਾਦੀ ਨੂੰ ਉਨ੍ਹਾਂ ਨਾਲ ਰਹਿਣ ਲਈ ਬੁਲਾਉਣਾ ਜਾਂ ਬੱਚਿਆਂ ਨੂੰ ਉਨ੍ਹਾਂ ਦੇ ਦਾਦਾ-ਦਾਦੀ ਕੋਲ ਉਨ੍ਹਾਂ ਦੇ ਘਰ ਲੈ ਜਾਣਾ ਵੀ ਬੱਚਿਆਂ ਨੂੰ ਉਨ੍ਹਾਂ ਦੇ ਦਾਦਾ-ਦਾਦੀ ਨਾਲ ਜੋੜ ਕੇ ਰੱਖਣ ਦਾ ਇੱਕ ਵਧੀਆ ਢੰਗ ਹੈ। ਇਸ ਤਰ੍ਹਾਂ ਬੱਚਿਆਂ ਦੇ ਆਪਣੇ ਦਾਦਾ-ਦਾਦੀ ਨਾਲ ਸੰਬੰਧ ਵੀ ਬਣੇ ਰਹਿੰਦੇ ਹਨ ਅਤੇ ਉਨ੍ਹਾਂ ਵਿਚਾਲੇ ਪਿਆਰ ਅਤੇ ਸੰਸਕਾਰਾਂ ਦੀ ਸਾਂਝ ਦਾ ਰਿਸ਼ਤਾ ਹੋਰ ਵੀ ਮਜ਼ਬੂਤ ਬਣ ਜਾਂਦਾ ਹੈ।

ਇਹ ਵੀ ਧਿਆਨ ਦੇਣ ਯੋਗ ਹੈ ਕਿ ਵਰਤਮਾਨ ਸਮੇਂ ਵਿੱਚ ਰੋਜੀ-ਰੋਟੀ ਕਮਾਉਣ ਲਈ ਨੌਜਵਾਨ ਪੀੜ੍ਹੀ ਦੀਆਂ ਮਜ਼ਬੂਰੀਆਂ ਤੇ ਦਿਮਾਗੀ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ, ਪਰ ਫਿਰ ਵੀ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ ਵਿਚਕਾਰ ਸੰਬੰਧਾਂ ਦੀ ਮਜ਼ਬੂਤੀ ਨੂੰ ਕਾਇਮ ਰੱਖਣ ਲਈ ਨੌਜਵਾਨ ਪੀੜ੍ਹੀ ਨੂੰ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਜੇਕਰ ਕਿਤੇ ਬੱਚਿਆਂ ਦੇ ਮਾਤਾ-ਪਿਤਾ ਦੀਆਂ ਕੰਮਾਂ-ਕਾਰਾਂ ਦੀਆਂ ਮਜ਼ਬੂਰੀਆਂ ਜਾਂ ਰੋਜੀ-ਰੋਟੀ ਕਮਾਉਣ ਲਈ ਉਨ੍ਹਾਂ ਦੇ ਰੁਝੇਵੇਂ ਉਨ੍ਹਾਂ ਨੂੰ ਬੱਚਿਆਂ ਨੂੰ ਦਾਦਾ-ਦਾਦੀ ਨਾਲ ਉਨ੍ਹਾਂ ਦੇ ਘਰ ਲਿਜਾ ਕੇ ਮਿਲਾ ਕੇ ਲਿਜਾਣ ਦਾ ਸਮਾਂ ਨਾ ਦੇ ਸਕਣ ਤਾਂ ਬੱਚਿਆਂ ਨੂੰ ਮਾਪਿਆਂ ਦੁਆਰਾ ਦਾਦਾ-ਦਾਦੀ ਦੇ ਘਰ ਛੁੱਟੀਆਂ ਵਿੱਚ ਛੱਡ ਕੇ ਆਉਣਾ ਮਾਤਾ-ਪਿਤਾ ਵੱਲੋਂ ਬੱਚਿਆਂ ਅਤੇ ਦਾਦਾ-ਦਾਦੀ ਦੇ ਪਿਆਰ ਭਰੇ ਸੰਬੰਧਾਂ ਨੂੰ ਬਣਾਏ ਰੱਖਣ ਲਈ ਇੱਕ ਹੋਰ ਸ਼ਲਾਘਾਯੋਗ ਉਪਰਾਲਾ ਸਾਬਿਤ ਹੋ ਸਕਦਾ ਹੈ। ਦਾਦਾ-ਦਾਦੀ ਨੂੰ ਬੱਚਿਆਂ ਨਾਲ ਛੁੱਟੀਆਂ ਬਤੀਤ ਕਰਨ ਲਈ ਆਪਣੇ ਘਰ ਲੈ ਆਉਣਾ ਬੱਚਿਆਂ ਦੇ ਸਰਵ-ਪੱਖੀ ਵਿਕਾਸ ਲਈ ਇਸ ਤੋਂ ਵੀ ਵੱਧ ਵਧੀਆ ਹੈ। ਜੇਕਰ ਵਿਚਾਰ ਕੀਤਾ ਜਾਵੇ ਤਾਂ ਦਾਦਾ-ਦਾਦੀ ਇੱਕ ਦਰੱਖਤ ਦੀ ਉਸ ਜੜ੍ਹ ਵਾਂਗ ਹਨ ਜੋ ਟਾਹਣੀਆਂ ਰੂਪੀ ਬੱਚਿਆਂ ਦੇ ਵਧਣ-ਫੁੱਲਣ ਲਈ ਅਤਿਅੰਤ ਜ਼ਰੂਰੀ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਬੱਚੇ ਆਪਣੇ ਦਾਦਾ-ਦਾਦੀ ਤੋਂ ਨਾ ਸਿਰਫ ਚੰਗੀਆਂ ਆਦਤਾਂ ਸਿੱਖਦੇ ਹਨ, ਸਗੋਂ ਉਨ੍ਹਾਂ ਨੂੰ ਇੱਕ ਸੁਚੱਜੇ ਢੰਗ ਨਾਲ ਜ਼ਿੰਦਗੀ ਜਿਉਣ ਅਤੇ ਇੱਕ ਚੰਗਾ ਭਵਿੱਖ ਸਿਰਜਣ ਲਈ ਸੇਧ ਵੀ ਮਿਲਦੀ ਹੈ। ਬੱਚਿਆਂ ਦੇ ਮਾਤਾ-ਪਿਤਾ ਨੂੰ ਬੱਚਿਆਂ ਨੂੰ ਘਰ ਤੋਂ ਬਾਹਰੀ ਥਾਵਾਂ ਤੇ ਘੁੰਮਾ ਕੇ ਆਉਣ ਲਈ ਲੈ ਜਾਣ ਸਮੇਂ ਉਨ੍ਹਾਂ ਦੇ ਦਾਦਾ-ਦਾਦੀ ਨੂੰ ਵੀ ਜ਼ਰੂਰ ਨਾਲ ਲੈ ਕੇ ਜਾਣਾ ਚਾਹੀਦਾ ਹੈ ਤਾਂ ਜੋ ਬੱਚੇ ਉਨ੍ਹਾਂ ਦੇ ਸਾਥ ਦਾ ਆਨੰਦ ਲੈ ਸਕਣ ਅਤੇ ਉਨ੍ਹਾਂ ਦੇ ਅਨਮੋਲ ਤਜ਼ਰਬਿਆਂ ਤੋਂ ਲਾਭ ਵੀ ਲੈ ਸਕਣ।

ਜਦੋਂ ਬੱਚੇ ਵੱਡੇ ਹੁੰਦੇ ਹਨ ਤਾਂ ਉਨ੍ਹਾਂ ਨਾਲ ਬੱਚਿਆਂ ਵਾਂਗ ਸਲੂਕ ਕਰਨ ਦੀ ਥਾਂ ਦੋਸਤਾਂ ਵਾਂਗ ਰਿਸ਼ਤਾ ਰੱਖਣ ਦੀ ਲੋੜ ਹੁੰਦੀ ਹੈ ਅਤੇ ਇਹ ਜ਼ਿੰਮੇਵਾਰੀ ਮਾਪਿਆਂ ਨਾਲੋਂ ਵੀ ਵਧੀਆ ਬੱਚਿਆਂ ਦੇ ਦਾਦਾ-ਦਾਦੀ ਨਿਭਾਉਂਦੇ ਹਨ। ਉਹ ਵਧਦੇ ਬੱਚਿਆਂ ਦੀਆਂ ਸਮੇਂ-ਸਮੇਂ ਸਿਰ ਲੋੜਾਂ ਨੂੰ ਸਮਝਦੇ ਵੀ ਹਨ ਅਤੇ ਪੂਰਾ ਵੀ ਕਰਦੇ ਹਨ।

# ਸ਼ਰਮਨਾਕ ਵਰਤਾਰੇ ਤੇ ਸਖ਼ਤ ਕਾਰਵਾਈ ਦੀ ਲੋੜ



ਨਵਜੋਤ ਬਜਾਜ (ਗੱਗੂ)
91-98721-02614

ਕੇਦਰ ਅਤੇ ਹਰਿਆਣਾ ਵਿੱਚ ਗੱਦੀ ਨਸੀਨ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਦੇ ਸਿਰ ਵੀ ਸੱਤਾ ਦਾ ਨਸ਼ਾ ਆਪਣੇ ਜਲਵੇ ਦਿਖਾਉਣ ਲੱਗਾ ਹੈ ਕਿਉਂਕਿ ਤਿੰਨ- ਚਾਰ ਦਿਨ ਪਹਿਲਾ ਚੰਡੀਗੜ੍ਹ ਵਿੱਚ ਇਕ ਮੁਖ ਸੜਕ ਉੱਤੇ ਕਾਰ ਤੇ ਜਾ ਰਹੀ ਇਕ ਲੜਕੀ ਨੂੰ ਤੰਗ ਪ੍ਰੇਸ਼ਾਨ ਕਰਨਾ, ਕਾਰ ਨੂੰ ਜ਼ਬਰੀ ਰੋਕਣਾ, ਉਸਦਾ ਦਰਵਾਜ਼ਾ ਧੱਕੇ ਨਾਲ ਖੋਲਣ ਦਾ ਯਤਨ ਕਰਨਾ, ਉਸ ਨਾਲ ਹੋਸ਼ੀਆ ਹਰਕਤਾ ਕਰਨਾ ਬਹੁਤ ਹੀ ਮੰਦਭਾਗੀ ਘਟਨਾ ਹੈ। ਇਸ ਘਟਨਾ ਨੂੰ ਹਰਿਆਣਾ ਦੇ ਵਿਧਾਇਕ ਤੇ ਪ੍ਰਦੇਸ਼ ਭਾਜਪਾ ਪ੍ਰਧਾਨ ਸੁਭਾਸ਼ ਬਰਾਲਾ ਦੇ ਬਿਗੜੈਲ ਪੁੱਤਰ ਵਿਕਾਸ ਬਰਾਲਾ ਤੇ ਉਸ ਦੇ ਇੱਕ ਸਾਥੀ ਨੇ ਅੰਜ਼ਾਮ ਦਿੱਤਾ, ਖੈਰ ਪੁਲਿਸ ਨੇ ਹਰਕਤ ਵਿੱਚ ਆਉਦਿਆ ਸਬੰਧਤ ਇਸ ਫਰਜੰਦ ਨੂੰ ਕਾਨੂੰਨੀ 'ਦਾਅ- ਪੇਚ' ਤਹਿਤ ਥਾਣੇ ਵਿੱਚੋ ਹੀ ਜਮਾਨਤ 'ਤੇ ਘਰ ਭੇਜ ਦਿੱਤਾ।

ਵਿਕਾਸ ਬਰਾਲਾ ਦੀ ਗਿਰਫਤਾਰੀ ਵੀ ਸਾਈਦ ਇਸ ਕਰਕੇ ਹੋਈ ਕਿ ਜਿਸ ਲੜਕੀ ਨਾਲ ਉਸ ਨੇ ਛੇੜ- ਛਾੜ ਕੀਤੀ ਉਹ ਹਰਿਆਣਾ ਦੇ ਇਕ ਸੀਨੀਅਰ ਆਈ.ਏ.ਐਸ ਅਫਸਰ ਦੀ ਬੇਟੀ ਹੈ। ਜੇਕਰ ਲੜਕੀ ਦਲੇਰੀ ਤੇ ਚੌਕਸੀ ਨਾ ਵਰਤੀ, ਸ਼ਾਇਦ ਉਹ ਅੱਜ ਜਿੰਦਾ ਹੀ ਨਾ ਹੁੰਦੀ। ਨਸ਼ੇ ਵਿੱਚ ਧੁਤ ਵਿਕਾਸ ਬਰਾਲਾ ਤੇ ਉਸਦੇ ਸਾਥੀ ਨੇ ਵੀ ਸੁੱਕਾ ਬਚ ਕੇ ਨਿਕਲ ਜਾਣਾ ਸੀ। ਏਨਾ ਸਭ ਕੁਝ ਹੋਣ ਦੇ ਬਾਵਜੂਦ ਪੁਲਿਸ ਬਰਾਲਾ ਦਾ ਪੱਖ ਪੂਰਦੀ ਤੇ ਸਿਆਸਤਦਾਨ, ਖਾਸ ਕਰਕੇ ਦੇਸ਼ ਦੀ ਹੁਕਮਰਾਨ ਧਿਰ ਦੇ ਸਿਆਸਤਦਾਨਾ ਅੱਗੇ ਡੰਡੌਤ ਕਰਦੀ ਨਜ਼ਰ ਆਈ।

ਇਕ ਅਹਿਮ ਸੜਕਾ ਤੇ ਜਿੱਥੇ ਥਾ- ਥਾ ਸੀ.ਸੀ.ਟੀ.ਵੀ. ਕੈਮਰੇ ਲੱਗੇ ਹਨ, ਜਿਥੇ ਗੱਡੀਆ ਤੇ ਲੋਕਾਂ ਦੀ ਅਜਵਾਜਾਈ ਲੱਗੀ ਰਹਿੰਦੀ ਹੈ, ਅਜਿਹੀ ਥਾਂ ਤੇ ਲੜਕੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨਾ ਦਰਸਾਉਦਾ ਹੈ ਕਿ ਸਿਆਸੀ ਤਾਕਤਾ ਦਾ ਗਰੂਰ ਵੀ ਵੀ ਆਈ ਪੀਜ ਦੇ ,ਵਹਿੜਕਿਆ' ਉਤੇ ਕਿਸ ਤਰ੍ਹਾ ਭਾਰੂ ਹੋ ਚੁਕਿਆ ਹੈ। ਪੀੜਤਾ ਅਤੇ ਉਸਦੇ ਪਿਤਾ ਨੇ ਫੇਸਬੁਕ ਤੇ ਲਿਖਿਆ ਹੈ, ਇਹ ਲੜਾਈ ਸੋਖੀ ਨਹੀ ਹੈ, ਪਰ ਅਸੀ ਰਸੂਖਵਾਨਾ ਦੀ ਵਿਗੜੀ ਓਲਾਦ ਸਬਕ ਸਿਖਾਉਣ ਲਈ ਦ੍ਰਿੜ ਹਾਂ।

ਨਰਿੰਦਰ ਮੋਦੀ ਤੋ ਬਾਅਦ 'ਬੇਟੀ ਬਚਾਉ' ਦੇ ਨਾਅਰੇ ਦੇ ਸਭ ਤੋ ਵੱਡੇ ਪਰਚਮਬਰਦਾਰ ਮਨੋਹਰ ਲਾਲ ਖੱਟਰ ਨੇ 'ਰਾਜ ਮਹੋਹਰ' ਦੇ ਆਪਣੇ ਹੀ ਵਾਅਦੇ ਦੀ ਨਾਕਦਰੀ ਕਰਦਿਆ, ਸੁਭਾਸ਼ ਬਰਾਲਾ ਖਿਲਾਫ ਕੋਈ ਕਾਰਵਾਈ ਕਰਨ ਤੋ ਨਾਂਹ ਕਰ ਦਿੱਤੀ ਹੈ। ਇਸ ਫੈਸਲੇ ਤੋ ਇੰਝ ਲੱਗਿਆ ਜਿਵੇ 'ਬੇਟੀ ਬਚਾਉ' ਦਾ ਢਕਵੰਜ ' ਛੂ- ਮੰਤਰ' ਹੀ ਹੋ ਗਿਆ ਹੋਵੇ। ਸਾਡੇ ਸਮਾਜ ਵਿੱਚ ਲੜਕਾ ਕੋਈ ਗਲਤ ਕੰਮ ਕਰਦਾ ਹੈ ਤਾ ਪੁਲਿਸ ਉਸਦੇ ਮਾਪਿਆ ਸਮੇਤ ਰਿਸ਼ਤੇਦਾਰਾਂ ਨੂੰ ਵੀ ਪੁੱਛ-ਗਿਛ ਦਾ ਬਹਾਨਾ ਲਾ ਕੇ ਤੰਗ ਪ੍ਰੇਸ਼ਾਨ ਕਰਦੀ ਹੈ ਅਤੇ ਧਮਕੀ ਵੀ ਦਿੰਦੀ ਹੈ ਔਲਾਦ ਦੀ ਗਲਤੀ ਮਾਪਿਆਂ ਨੂੰ ਵੀ ਭੁਗਤਨੀ ਪੈਦੀ ਹੈ। ਪਰ ਅਸੀ ਤਾ ਭੁਲ ਹੀ ਗਏ ਹਾਂ ਕਿ ਸੁਭਾਸ਼ ਬਰਾਲਾ ਤਾ ਮੌਜੂਦਾ ਸਰਕਾਰ ਦੇ ਹਮਸਫਰ ਹਨ। ਇਸ ਲਈ ਸਰਕਾਰ ਨੇ ਬਰਾਲਾ ਪਰਿਵਾਰ ਲਈ ਤਾ ਬਚਾਅ ਵਾਲੇ ਕੰਮ ਤਾ ਕਰਨੇ ਹੀ ਹਨ।

ਇਹੀ ਸਾਡੇ ਮੁਲਖ ਦੀ ਸਭ ਤੋ ਵੱਡੀ ਤਰਾਸਦੀ ਹੈ ਕਿ ਸਿਆਸਤਦਾਨਾ ਨੂੰ ਛੱਡ ਕੇ ਕੇਵਲ ਆਮ ਜਨਤਾ ਦਾ ਹੀ ਕਚੂਮਰ ਕੱਢਿਆ ਜਾਦਾ ਹੈ। ਨਾਰੀ ਜਾਤੀ ਦਾ ਸਨਮਾਨ, ਨਾਰੀ ਸ਼ਕਤੀ ਨੂੰ ਬੜਾਵਾ ਦੇਣਾ, ਭਰੂਣ ਹੱਤਿਆਵਾਂ ਰੋਕਣਾ, ਬੇਟੀ ਬਚਾਉ ਮੁਹਿੰਮ, ਲੜਕੀਆਂ ਨੂੰ ਸੁਰੱਖਿਆ ਦੇਣੀ, ਇਹ ਸਭ ਸੈਮੀਨਰ ਤੇ ਸਿਆਸਤਦਾਨਾ ਦੇ ਭਾਸ਼ਣਾ ਤੱਕ ਹੀ ਸੀਮਤ ਹੋ ਕੇ ਰਹਿ ਗਿਆ।

ਅੱਜ ਭਾਜਪਾ ਦੇ ਇਕ ਸੂਬਾਈ ਪ੍ਰਧਾਨ ਦੇ ਪੁੱਤਰ ਨੂੰ ਦੇਸ਼ ਦੀਆਂ ਧੀਆਂ ਭੈਣਾਂ ਦੀ ਆਬਰੂ ਦਾ ਫਿਕਰ ਨਹੀਂ ਹੈ ਤਾ ਇਸ ਪਾਰਟੀ ਦੇ ਹੋਰਨਾ ਵਰਕਰਾਂ ਤੋ ਭਵਿੱਖ ਵਿੱਚ ਇਸ ਮਾਮਲੇ ਪ੍ਰਤਿ ਗੰਭੀਰ ਹੋਣ ਦੀ ਉਮੀਦ ਕਿਵੇਂ ਰੱਖੀ ਜਾ ਸਕਦੀ ਹੈ। ਆਉ ਅਸੀਂ ਸਾਰੇ ਇਨਸਾਨੀਅਤ ਨੂੰ ਜਿਉਦਾ ਰੱਖਣ ਲਈ ਪੀੜਤਾਂ ਦੀ ਡਟ ਕੇ ਹਮਾਇਤ ਕਰੀਏ ਤਾ ਜੋ ਹਰ ਇੱਕ ਦੇਸ਼ ਵਾਸੀ ਦਾ ਕਾਨੂੰਨ ਵਿਵਸਥਾ ਤੇ ਵਿਸ਼ਵਾਸ਼ ਬਣਿਆ ਰਹੇ।

# ਚੀਨ ਤੋਂ ਮਿਲੀ ਚੁਣੌਤੀ ਤੋਂ ਬਾਅਦ ਸਮੁੰਦਰੀ ਤਾਕਤ ਵਧਾ ਰਿਹਾ ਭਾਰਤ

ਹਰਪ੍ਰੀਤ ਸਿੰਘ ਬਰਾੜ
ਸਾਬਕਾ ਡੀ ਓ, 174 ਮਿਲਟਰੀ ਹਸਪਤਾਲ
ਮੇਨ ਏਅਰ ਫੋਰਸ ਰੋਡ, ਬਠਿੰਡਾ

ਡੋਕਲਾਮ ਵਿਵਾਦ ਦੇ ਚਲਦਿਆਂ ਚੀਨ ਭਾਰਤ ’ਤੇ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ’ਚ ਲਗਾਤਾਰ ਜੁਟਿਆ ਹੋਇਆ ਹੈ। ਸਮੁੰਦਰੀ ਮੋਰਚਿਆਂ ’ਤੇ ਵੀ ਚੀਨ ਆਏ ਦਿਨ ਭਾਰਤ ਦੇ ਲਈ ਚੁਣੌਤੀਆਂ ਪੇਸ਼ ਕਰ ਰਿਹਾ ਹੈ। ਅਜਿਹੇ ’ਚ ਆਪਣੀ ਸਮੁੰਦਰੀ ਤਾਕਤ ਨੂੰ ਮਜਬੂਤ ਕਰਨ ’ਚ ਜੁਟੀ ਭਾਰਤੀ ਨੌਸੇਨਾ ਕਈ ਸਾਲਾਂ ਦੀ ਦੇਰੀ ਦੇ ਬਾਅਦ ਆਖਿਰਕਾਰ ਆਪਣੇ ਬੇੜੇ ’ਚ ਪਣਡੁੱਬੀ ਆਈ ਐਨ ਐਸ ਕਲਵਰੀ ਨੂੰ ਸ਼ਾਮਲ ਕਰਨ ਦੀ ਤਿਆਰੀ ਕਰ ਰਿਹਾ ਹੈ। ਇਹ ਸਕੌਰਪੀਨ ਪਣਡੁੱਬੀ ਦੁਨੀਆਂ ਦੇ ਸਭ ਤੋਂ ਖਤਰਨਾਕ ਹਥਿਆਰਾਂ ’ਚ ਸ਼ਾਮਲ ਹੈ ਜਿਸਤੀ ਖਾਸੀਅਤ ਗੁਪਤ ਤਰੀਕੇ ਨਾਲ ਵਾਰ ਕਰਨ ਦੀ ਹੈ। ਦੁਸ਼ਮਣ ਨੂੰ ਇਸਦੇ ਆਉਣ ਦੀ ਭਿਣਕ ਤੱਕ ਨਹੀਂ ਮਿਲ ਪਾਉਂਦੀ। ਇਸ ਦੀਆਂ ਇਨ੍ਹਾਂ ਖੂਬੀਆਂ ਕਾਰਨ ਹੀ ਇਸਦਾ ਨਾਮ ਸਮੁੰਦਰ ’ਚ ਰਹਿਣ ਵਾਲੀ ਇੱਕ ਸ਼ਾਰਕ ਮੱਛੀ ਕਲਵਰੀ ਦੇ ਨਾਂਅ ’ਤੇ ਰੱਖਿਆ ਗਿਆ ਹੈ। ਬਲੂਮਬਰਗ ਦੀ ਖਬਰ ਮੁਤਾਬਕ ਸਮੁੰਦਰ ਦੇ ਅੰਦਰ ਲੜਣ ਦੀ ਆਪਣੀ ਕਮਜੋਰ ਹੁੰਦੀ ਸਮੱਰਥਾ ਨੂੰ ਮੁੜ ਦੁਬਾਰਾ ਮਜਬੂਤ ਬਣਾਉਣ ’ਚ ਜੁਟੇ ਭਾਰਤ ਦੇ ਲਈ ਨੌਸੇਨਾ ’ਚ ਸ਼ਾਮਲ ਹੋਣ ਜਾ ਰਹੀ ਇਹ ਸਕੌਰਪੀਨ ਪਣਡੁੱਬੀ ਮੀਲ ਦਾ ਪੱਥਰ ਸਾਬਤ ਹੋਵੇਗੀ। ਭਾਰਤ ਨੇ ਇਸ ਤਰ੍ਹਾਂ ਦੀਆਂ ਛੇ ਪਣਡੁੱਬੀਆਂ ਦਾ ਆਰਡਰ ਦਿੱਤਾ ਹੈ ਅਤੇ ਆਈ ਐਨ ਐਸ ਕਲਵਰੀ ਉਨ੍ਹਾ ’ਚੋਂ ਪਹਿਲੀ ਹੈ। ਭਾਰਤ ਦੀਆਂ 15 ਪਣਡੁੱਬੀਆਂ ਦੇ ਮੁਕਾਬਲੇ ਚੀਨ ਦੇ ਸਮੁੰਦਰੀ ਬੇੜੇ ’ਚ 60 ਪਣਡੁੱਬੀਆਂ ਸ਼ਾਮਲ ਹਨ। ਹਿੰਦ ਮਹਾਸਾਗਰ ’ਚ ਚੀਨ ਦੀ ਇਸੇ ਵੱਧ ਰਹੀ ਤਾਕਤ ਨੂੰ ਰਾਸ਼ਟਰੀ ਸੁਰੱਖਿਆ ਦੇ ਲਈ ਚੁਣੌਤੀ ਦੇ ਤੌਰ ’ਤੇ ਲਿਆ ਜਾ ਰਿਹਾ ਹੈ। ਜੁਲਾਈ ’ਚ ਹਿੰਦ ਮਹਾਸਾਗਰ ਦੇ ਪੱਛਮੀ ਤੱਟ ’ਤੇ ਜੀਬੂਤੀ ’ਚ ਆਪਣਾ ਪਹਿਲਾ ਨੌਸੇਨਾ ਬੇਸ ਬਣਾਉਣ ਵਾਲੇ ਚੀਨ ਨੇ ਹਾਲ ਹੀ ’ਚ ਪਾਕਿਸਤਾਨ ਅਤੇ ਬੰਗਲਾਦੇਸ਼ ਨੂੰ ਵੀ ਪਣਡੁੱਬੀਆਂ ਵੇਚੀਆਂ ਹਨ। ਨਾਲ ਹੀ ਪਿਛਲੇ ਸਾਲ ਚੀਨ ਦੀ ਇੱਕ ਪਰਮਾਣੂ ਪਣਡੁੱਬੀ ਦਾ ਪਾਕਿਸਤਾਨ ਦੇ ਕਰਾਚੀ ਜਾਣਾ ਵੀ ਇਹ ਸਾਫ ਕਰਦਾ ਹੈ ਕਿ ਚੀਨ ਤੋਂ ਸਮੁੰਦਰ ’ਚ ਮਿਲਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਲਈ ਭਾਰਤ ਨੂੰ ਹਜੇ ਹੋਰ ਤਿਆਰੀ ਕਰਨ ਦੀ ਜਰੂਰਤ ਹੈ। ਆਬਜਰਵਰ ਰਿਸਰਚ ਫਾਊਂਡੇਸ਼ਨ ਦੇ ਰਾਸ਼ਟਰੀ ਸੁਰੱਖਿਆ ਪ੍ਰੋਗਰਾਮ ’ਚ ਰਿਸਰਚ ਸਹਾਇਕ ਪੁਸ਼ਨ ਦਾਸ ਨੇ ਕਿਹਾ ਲੰਮੇ ਸਮੇਂ ਦੀ ਵਿਉਂਤਬੰਦੀ ਅਤੇ ਦੂਰ ਦ੍ਰਿਸ਼ਟੀ ਦੀ ਕਮੀ ਨੂੰ ਭਾਰਤ ਸਰਕਾਰ ਦੀ ਲਾਪਰਵਾਹੀ ਮੰਨਿਆ ਜਾ ਸਕਦਾ ਹੈ। ਭਾਰਤ ਨੂੰ ਇਸ ਇਲਾਕੇ ’ਚ ਚੀਨ ਦੀ ਵੱਧ ਰਹੀਆਂ ਗਤੀਵਿਧੀਆਂ ਨਾਲ ਨਜਿੱਠਣ ਦੇ ਲਈ ਕੁਝ ਕਰਨਾ ਪਵੇਗਾ। 1996 ਤੋਂ ਬਾਅਦ ਭਾਰਤ ਦੀ ਸਮੁੰਦਰੀ ਤਾਕਤ ਲਗਾਤਾਰ ਕਮਜੋਰ ਹੋਈ ਹੈ। ਨੌਸੇਨਾ ਕੋਲ ਫਿਲਹਾਲ ਡੀਜਲ-ਇਲੈਕਟ੍ਰਿਕ ਤਕਨੀਕ ਵਾਲੀਆਂ 13 ਪੁਰਾਣੀਆਂ ਪਣਡੁੱਬੀਆਂ ਹਨ। ਇਨ੍ਹਾਂ ’ਚ 9 ਰੂਸ ਅਤੇ 4 ਜਰਮਨੀ ਤੋਂ ਤਿਆਰ ਹਨ। ਇਕ ਸਮੇਂ ਇਨ੍ਹਾਂ ਦੀ ਗਿਣਤੀ 21 ਸੀ ਪਰ ਨੌਸੇਨਾ ਰਿਟਾਇਰ ਹੋਣ ਵਾਲੀਆਂ ਪਣਡੁੱਬੀਆਂ ਨੂੰ ਬਦਲ ਨਹੀ ਸਕੀ। ਭਾਰਤ ਕੋਲ ਜਿਆਦਾਤਰ ਪਣਡੁੱਬੀਆਂ ਪੁਰਾਣੀ ਤਕਨੀਕ ਦੀਆਂ ਹਨ ਅਤੇ 20 ਸਾਲ ਦੀ ਆਪਣੀ ਜੀਵਨ ਯਾਤਰਾ ਪੂਰੀ ਕਰ ਚੁੱਕੀਆਂ ਹਨ। ਦੂਜੇ ਪਾਸੇ ਚੀਨ ਦੇ ਕੋਲ ਪੰਜ ਨਿਉਕਲੀਅਰ ਅਟੈਕ ਅਤੇ 54 ਡੀਜਲ ਪਣਡੁੱਬੀਆਂ ਹਨ। ਚੀਨ ਦੀ ਨੌਸੇਨਾ ’ਤੇ ਅਮਰੀਕਾ ਦੀ ਰਿਪੋਰਟ ਮੁਤਾਬਿਕ 2020 ਤੱਕ ਚੀਨ ਦੇ ਕੋਨ 69 ਤੋ 78 ਪਣਡੁੱਬੀਆਂ ਹੋ ਜਾਣ ਦੀ ਸੰਭਾਵਨਾ ਹੈ।ਫਿਰ ਵੀ ਜਾਣਕਾਰ ਕਹਿੰਦੇ ਹਨ ਕਿ ਹਿੰਦ ਮਹਾਸਾਗਰ ’ਚ ਭਾਰਤ ਦੇ ਲਈ ਖਤਰਾ ਬਣਨ ’ਚ ਚੀਨ ਨੂੰ ਕਈ ਸਾਲ ਲੱਗ ਜਾਣਗੇ। ਹਾਲਾਂਕਿ ਹਿੰਦ ਮਹਾਸਾਗਰ ’ਚ ਚੀਨ ਪਣਡੁੱਬੀਆਂ ਭੇਜਦਾ ਰਿਹਾ ਹੈ ਪਰ ਤੁਹਾਨੂੰ ਇਹ ਸਮਝਣਾ ਹੋਵੇਗਾ ਕਿ ਇੱਥੇ ਭਾਰਤ ਤੇ ਲਈ ਖਤਰਾ ਪੈਦਾ ਕਰਨ ’ਚ ਸ਼ਾਇਦ ਕਈ ਦਹਾਕੇ ਲੱਗ ਜਾਣਗੇ।ਪਾਸ ਤੌਰ ’ਤੇ ਜਦੋਂ ਅਮਰੀਕਾ ਦੀ ਮੌਜੂਦਗੀ ਵਿੱਚ।

### ਕਿਵੇਂ ਕੱਟੀ ਜਾਵੇਗੀ ਅੰਧਵਿਸ਼ਵਾਸ ਦੀ ਗੁੱਤ?

ਸਮਾਂ ਕਰਵਟ ਲੈ ਲੈਂਦਾ ਹੈ,ਪਰ ਸਮਾਜ ਹੈ ਕਿ ਵਿਗਿਆਨ ਦੇ ਦੌਰ ’ਚ ਵੀ ਕਿਤੇ ਨਾ ਕਿਤੇ ਸਮਾਜਕ ਅੰਧਵਿਸ਼ਵਾਸਾਂ ਅਤੇ ਕੁਰੀਤੀਆਂ ਦੀ ਜੜ੍ਹ ਪੱਟ ਨਹੀਂ ਪਾਉਂਦਾ। ਸਾਡਾ ਸਮਾਜ ਅੱਜ ਭਾਵੇਂ 21ਵੀਂ ਸਦੀ ’ਚ ਸਾਹ ਲੈ ਰਿਹਾ ਹੈ ਅਤੇ ਵਿਗਿਆਨ ਨੂੰ ਲੈ ਕੇ ਵੱਡੇ ਵੱਡੇ ਤਜੁਰਬੇ ਵੀ ਹੋ ਚੁੱਕੇ ਹਨ ਪਰ ਸਮਾਜ ’ਤੇ ਹਾਲੇ ਵੀ ਅੰਧਵਿਸ਼ਵਾਸ ਅਤੇ ਭਰਮ ਦਾ ਜੋ ਸਾਇਆ ਚੜਿਆ ਹੋਇਆ ਹੈ ਉਹ ਪਿੱਛਾ ਛੱਡਣ ਦਾ ਨਾਂਅ ਨਹੀਂ ਲੈ ਰਿਹਾ ਹੈ। ਸਮਾਜ ਦੀ ਆਧੁਨਿਕਤਾ ਦੀ ਇਸ ਘੜੀ ’ਚ ਵੀ ਜਾਦੂ -ਟੂਣੇ ਦੇ ਫਿਤੂਰ ’ਚ ਉਲੱਝ ਕੇ ਆਪਣਾ ਅਤੇ ਸਮਾਜ ਦਾ ਨੈਤਿਕ ਹਨਨ ਕਰ ਰਿਹਾ ਹੈ। ਦੇਸ਼ ਦਾ ਇਤਿਹਾਸ ਰਿਹਾ ਹੈ ਕਿ ਉਹ ਸਮੇਂ -ਸਮੇਂ ’ਤੇ ਅਫਵਾਹਾਂ ਅਤੇ ਅੰਧਵਿਸ਼ਵਾਸਾਂ ਦੀ ਜਕੜ ’ਚ ਆ ਕੇ ਸਮਾਜ ਅਤੇ ਨੈਤਿਕਤਾ ਦੇ ਖਿਆਫ ਜਾਕੇ ਕੰਮ ਕਰਨ ਦੇ ਲਈ ਤਿਆਰ ਹੋ ਜਾਂਦਾ ਹੈ, ਜਿਸ ਨਾਲ ਜੇ ਕਿਸੇ ਦਾ ਨੁਕਸਾਨ ਹੁੰਦਾ ਹੈ , ਉਹ ਹੈ ਨੈਤਿਕਤਾ ਅਤੇ ਸਮਾਜਿਕਤਾ ਦਾ। ਜੋ ਕਿ ਇਨ੍ਹਾਂ ਅਫਵਾਹਾਂ ਦੇ ਚੱਕਰ ’ਚ ਆ ਕੇ ਮਾਨਵਤਾ ਨੂੰ ਤਾਰ -ਤਾਰ ਕਰਦਾ ਹੈ। ਮੌਜੂਦਾ ਸਮੇਂ ’ਚ ਬੀਤੇ ਦਿਨਾਂ ਤੋਂ ਦੇਸ਼ ਦੇ ਕੁੱਝ ਹਿੱਸਿਆਂ ਤੋਂ ਮਹਿਲਾਵਾਂ ਦੀ ਗੁੱਤ ਦੇ ਵਾਲ ਕੱਟੇ ਜਾਂ ਦੀਆੱ ਘੱਟਨਾਵਾਂ ਨਾਲ ਸਮਾਜ ਪੀੜਤ ਅਤ ਗ੍ਰਸਤ ਨਜਰ ਆ ਰਿਹਾ ਹੈ। ਜਿਸਦੇ ਕਾਰਨ ਕਿਤੇ -ਕਿਤੇ ਤਾਂ ਮਾਨਵਤਾ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਲੋਗ ਸਮਾਜਿਕਤਾ ਤੇ ਨਿਯਮਾਂ ਨੂੰ ਆਪਣੇ ਹੱਥਾਂ ’ਚ ਲੈ ਰਹੇ ਹਨ। ਸਾਡੇ ਸਮਾਜ ’ਚ ਅਫਵਾਹਾਂ ਅਤੇ ਸਮਾਜਿਕ ਵਿਵਸਥਾ ਦੀ ਚਾਲ ਬਰਾਬਰ ਹੀ ਰਹੀ ਹੈ। ਕਦੇ ਉੱਤਰ ਪ੍ਰਦੇਸ਼ ਦੇ ਕੁੱਝ ਹਿੱਸਿਆਂ ’ਚ ਅਫਵਾਹ ਉੱਡਦੀ ਹੈ ਕਿ ਜੋ ਰਾਤ ਨੂੰ ਸੋਂਵੇਗਾ ਉਹ ਪੱਥਰ ਬਣ ਜਾਵੇਗਾ। ਕਦੇ ਤਾਂ ਇੰਝ ਵੀ ਹੁੰਦਾ ਹੈ ਕਿ ਰਾਤ ਨੂੰ ਸੌਂਦੇ ਵਕਤ ਇੱਕ ਪੰਛੀ ਆਉਂਦਾ ਹੈ ਅਤੇ ਮੂੰਹ ਨੋਚ ਜਾਂਦਾ ਹੈ। ਹੁਣ ਸੋਸ਼ਲ ਮੀਡੀਆ ਦੇ ਦੌਰ ’ਚ ਅਜਿਹੀਆਂ ਘੱਟਨਾਵਾਂ ਤੇਜੀ ਨਾਲ ਦੇਸ਼ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚ ਜਾਂਦੀਆਂ ਹਨ। ਜਿਸ ਵਿੱਚ ਤਾਜਾ ਉਦਾਹਰਣ ਦੇ ਰੂਪ ’ਚ ਔਰਤਾਂ ਦੀ ਗੁੱਤ ਦੇ ਵਾਲ ਕੱਟੇ ਜਾਣ ਦੀ ਅਫਵਾਹ ਨੂੰ ਦੇਖਿਆ ਜਾ ਸਕਦਾ ਹੈ। ਜੋ ਰਾਜਸਥਾਨ ਤੋਂ ਸ਼ੁਰੂ ਹੋ ਕੇ ਉੱਤਰ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਜਿਹੇ ਰਾਜਾਂ ’ਚ ਵੀ ਆਪਣੀ ਦਸਤਕ ਦੇ ਚੁੱਕੀ ਹੈ। ਇਸ ਤਰਾਂ ਦੀਆਂ ਘੱਟਨਾਵਾਂ ਨਾਲ ਸਮਾਜ ਨੂੰ ਹਾਨੀ ਪਹੁੰਚਦੀ ਹੈ, ਜਦੋਂ ਸਮਾਜ ਆਪਣੇ ’ਚੋਂ ਚੀ ਕਿਸੇ ’ਤੇ ਸ਼ੱਕ ਕਰਕੇ ਉਸਦੇ ’ਤੇ ਸ਼ੰਕਾਂ ਦੀ ਤਲਵਾਰ ਚਲਾ ਦਿੰਦਾ ਹੈ। ਜੋ ਕਿ ਗੁੱਤ ਦੇ ਵਾਲ ਕੱਟੇ ਜਾਣ ਦੀਆਂ ਅਫਵਾਹਾਂ ’ਚ ਨਜਰ ਆਉਣਾ ਸ਼ੁਰੂ ਹੋ ਗਿਆ ਹੈ। ਬੀਤੇ ਦਿਨੀ ਹਰਿਆਣਾ ਦੇ ਰੋਹਤਕ ਜਿਲੇ ’ਚ ਇੱਕ ਬਜੁਰਗ ਔਰਤ ਨੂੰ ਵਾਲ ਕੱਟਣ ਵਾਲੀ ਸਮਝ ਕੇ ਪਿੰਡ ਵਾਲਿਆਂ ਨੇ ਕੁੱਟ -ਕੁੱਟ ਕੇ ਹੀ ਮਾਰ ਦਿੱਤਾ। ਫਿਰ ਅਜਿਹੀਆਂ ਘੱਟਨਾਵਾਂ ਵਿਗਿਆਨ ਦੇ ਇਸ ਯੁੱਗ ’ਚ ਕੀ ਪ੍ਰਮਾਣ ਦੇਣਾ ਚਾਹੁੰਦੀਆਂ ਹਨ। ਐਨਾ ਹੀ ਨਹੀ ਗੁੱਤ ਦੇ ਵਾਲ ਕੱਟੇ ਜਾਣ ਦੀਆਂ ਘੱਟਨਾਵਾਂ ਦਾ ਬੁਰਾ ਅਸਰ ਸਮਾਜ ਦੇ ਹੋਰ ਹਿੱਸਿਆਂ ’ਤੇ ਵੀ ਨਜਰ ਆ ਰਿਹਾ ਹੈ, ਜਿਸਦੀ ਬਲ੍ਹਦੀ ਹੋਈ ਉਦਾਹਰਣ ਆਗਰਾ ਵੀ ਹੈ, ਜਿੱਥੇ ਇੱਕ ਬਜੁਰਗ ਦੀ ਹੱਤਿਆ ਵੀ ਕਰ ਦਿੱਤੀ ਗਈ।ਅਜਿਹੇ ’ਚ ਕੀ ਸਮਝਿਆ ਜਾਵੇ ਕਿ ਵਿਗਿਆਨ ਨੂੰ ਤਾਂ ਸਮਾਜ ਨੇ ਅਪਣਾਇਆ, ਪਰ ਸਮਾਜ ਦੀ ਸਮਾਜਿਕ ਚੇਤਨਾ ਅਤੇ ਵਿਵਹਾਰਿਕ ਗਿਆਨ ਮੌਜੂਦਾ ਸਮੇਂ ’ਚ ਰੋਂਦਿਆ ਗਿਆ ਅਤੇ ਰੁਕ ਗਿਆ। ਇਸ ਨਾਲ ਕੀ ਦੇਸ਼ ਦੀ ਵਿਵਸਥਾ ਅਤੇ ਕਾਨੂੰਨੀ ਢਾਂਚੇ ਨੂੰ ਅਜਿਹੇ ਅਪਰਾਧ ਨੂੰ ਸ਼ਰਾਰਤੀ ਤੱਤਾਂ ਵੱਲੋਂ ਮਹਿਲਾਵਾਂ ’ਤੇ ਅੱਤਿਆਚਾਰ ਦੇ ਰੂਪ ’ਚ ਨਹੀਂ ਦੇਖਣਾ ਚਾਹੀਦਾ। ਸਭ ਤੋਂ ਵੱਡੀ ਗੱਲ ਜਿਸ ਵਕਤ ’ਚ ਸਮਾਜ ਆਧੁਨਿਕ ਹੋਣ ਦੀਆਂ ਬਨੌਟੀ ਚਾਲਾਂ ਚੱਲਦਾ ਹੈ,ਉਸ ਸਮੇਂ ’ਚ ਇਨ੍ਹਾਂ ਅਫਵਾਹਾਂ ਦੀ ਜੜ੍ਹ ਲੱਭਣ ਦੀ ਕੋਸ਼ਿਸ ਕਿਉਂ ਨਹੀਂ ਕਰਦਾ ।ਜਿਸਦਾ ਸਿੱਧਾ ਜਵਾਬ ਇਹੀ ਸਮਝਿਆ ਜਾਂਦਾ ਹੈ ਕਿ ਸਮਾਜ ਦੇ ਸ਼ਰਾਰਤੀ ਤੱਤਾਂ ਨੂੰ ਵੀ ਇਨ੍ਹਾਂ ਅਫਵਾਹਾਂ ਦੇ ਵਿੱਚ ਆਪਣੀ ਫਿਤਰਤ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਜਾਂਦਾ ਹੈ ਅਤੇ ਸਮਾਜ ਦੇ ਬੁੱਧੀਜੀਵੀਆਂ ਨੂੰ ਇਸਦੀ ਤਹਿ ਤੱਕ ਜਾਣ ਫੁਰਸਤ ਨਹੀਂ ਹੁੰਦੀ। ਇਨ੍ਹਾਂ ਘਟਨਾਵਾਂ ਤੋਂ ਇਕ ਤੱਥ ਇਹ ਸਾਹਮਣੇ ਆਇਆ ਆਉਂਦਾ ਹੈ ਕਿ ਅੱਜ ਦੇ ਵਿਗਿਆਨਕ ਯੁੱਗ ’ਚ ਵੀ ਲੋਕ ਆਪਣੀ ਪ੍ਰੰਪਰਿਕ ਸੋਚ ’ਚੋਂ ਉਭਰ ਨਹੀਂ ਪਾਏ ਹਨ। ਜਦੋਂ ਵਿਗਿਆਨਕ ਸੋਚ ’ਤੇ ਤਾਲਾ ਲੱਗਦਾ ਹੈ,ਓਦੋਂ ਹੀ ਸਮਾਜ ’ਚ ਅਫਵਾਹਾਂ ਦਾ ਦੌਰ ਫੈਲਦਾ ਹੈ। ਜੋ ਮੌਜੂਦਾ ਸਮੇਂ ’ਚ ਔਰਤਾਂ ਦੀ ਗੁੱਤ ਦੇ ਵਾਲ ਕੱਟੇ ਜਾਣ ਦੀਆਂ ਘੱਟਨਾਵਾਂ ਤੋਂ ਨਜਰ ਆ ਰਿਹਾ ਹੈ। ਇਸ ਤੋ ਇਲਾਵਾ ਆਗਰਾ ’ਚ ਮਹਿਲਾ ਦੇ ਨਾਲ ਸਮਾਜ ਨੇ ਜੋ ਸਲੂਕ ਕੀਤਾ, ਉਹ ਕੋਈ ਸਮਾਜ ਵਿੱਚ ਪਹਿਲੀ ਘੱਟਣਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਔਰਤਾਂ ਨੂੰ ਇਸ ਤਰਾਂ ਦੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ। ਅਜਿਹੀਆਂ ਘਟਨਾਵਾਂ ਦੀ ਪ੍ਰਕਿਰਿਆ ਇਕ ਸਮਾਨ ਹੁੰਦੀਆਂ ਹਨ, ਪਰ ਦੇਸ਼ ਦੀ ਕਾਨੂੰਨ ਵਿਵਸਥਾ ਇਹ ਵੀ ਸਾਬਤ ਨਹੀਂ ਕਰ ਪਾਉਂਦੀ ਹੈ ਕਿ ਇਸਦੇ ਪਿੱਛੇ ਦੀ ਸੱਚਾਈ ਕੀ ਹੈ ਅਤੇ ਇਸਦੇ ਪਿੱਛੇ ਕਿਤੇ ਕੋਈ ਗਿਰੋਹ ਤਾਂ ਨਹੀਂ ਕੰਮ ਕਰ ਰਿਹਾ।

ਸਮਾਜ ’ਚ ਅਜਿਹੀਆਂ ਘਟਨਾਵਾਂ ਇੱਕੋ ਦਮ ਖਤਮ ਵੀ ਹੋ ਜਾਂਦੀਆ ਹਨ। ਇਨ੍ਹਾਂ ਘਟਨਾਵਾਂ ਦੀ ਪੈਦਾਇਸ਼ ਪੇਂਡੂ ਅਤੇ ਪਿਛੜੇ ਇਲਾਕੇ ਹੋਣ ਕਾਰਨ ਲੋਕ ਅੰਤ ਵਿੱਚ ਇਨ੍ਹਾਂ ਨੂੰ ਅੰਧਵਿਸ਼ਵਾਸ ਦਾ ਹੋਣਾ ਦੱਸ ਕੇ ਭੁੱਲ ਜਾਂਦੇ ਹਨ। ਇਸੇ ਕਾਰਨ ਸਮਾਜ ਵਿੱਚੋਂ ਅਜਿਹੀਆਂ ਬੁਰਾਈਆਂ ਅਤੇ ਅੰਧਵਿਸ਼ਵਾਸ ਖਤਮ ਨਹੀਂ ਹੁੰਦੇ। ਇਹ ਕੰਮ ਕਿਸੇ ਮਾਨਸਿਕ ਰੂਪ ਤੋਂ ਹੀਣ ਪਰਿਵਾਰ ਨਾਲ ਸੰਬਧਤ ਜਾਂ ਫਿਰ ਕਿਸੇ ਸ਼ਰਾਰਤੀ ਤੱਤ ਨਾਲ ਜੁੜਿਆ ਹੋ ਸਕਦਾ ਹੈ, ਜਿਸਦਾ ਮਕਸਦ ਸਮਾਜ ’ਚ ਦਹਿਸ਼ ਪੈਦਾ ਕਰਨਾ ਹੋ ਸਕਦਾ ਹੈ। ਇਸ ਲਈ ਅਜਿਹੀਆਂ ਘਟਨਾਵਾਂ ਤੋਂ ਪਰਦਾ ਚੁੱਕਣ ਦਾ ਕੰਮ ਕਾਨੂੰਨੀ ਢਾਂਚੇ ਨੂੰ ਕਰਨਾ ਚਾਹੀਦਾ ਹੈ,ਅਤੇ ਸਮਾਜ ਨੂੰ ਵੀ ਆਪਣੇ ਪਾਸਿਉਂ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਸਦੇ ਨਾਲ ਸਮਾਜ ਦੇ ਪੇਂਡੂ ਅਤੇ ਪਿਛੜੇ ਇਲਾਕਿਆਂ ’ਚ ਅਫਵਾਹਾਂ ਤੋ ਬਚਣ ਦੇ ਲਈ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਪਹਿਲਾਂ ਉੱਡੀਆਂ ਅਫਵਾਹਾਂ ਦੀ ਸੱਚਾਈ ਨਾਲ ਰੂ -ਬ- ਰੂ ਕਰਵਾਕੇ ਸਮਾਜ ਨੂੰ ਦੱਸਣਾ ਚਾਹੀਦਾ ਹੈ ਕਿ ਇਸਦੀ ਜੜ੍ਹ ਅਸਲ ਵਿੱਚ ਕੀ ਸੀ।ਸ਼ਾਇਦ ਤਾਂ ਹੀ ਇਸ ਤਰ੍ਹਾਂ ਦੀਆਂ ਅਫਵਾਹਾਂ ’ਤੇ ਲਗਾਮ ਲੱਗ ਸਕਦੀ ਹੈ।

# 'ਸੂਰਜ ਦੀ ਅੱਖ' ਸੂਹਜ, ਸਹਿਜ ਤੇ ਸੁਹਿਰਦਤਾ ਨਾਲ ਬਹਿਸ ਹੋਵੇ



ਤਰਲੋਚਨ ਸਿੰਘ 'ਦੁਪਾਲ ਪੁਰ'
011-408-915-1268

ਬਲਦੇਵ ਸਿੰਘ ਸੜ੍ਹਕਨਾਮਾ ਦੇ ਨਵੇਂ ਨਾਵਲ 'ਸੂਰਜ ਦੀ ਅੱਖ' ਬਾਰੇ ਸੋਸ਼ਲ ਮੀਡੀਏ ਉਤੇ ਬਹਿਸਬਾਜ਼ੀ ਦਿਨ-ਬ-ਦਿਨ ਤਿੱਖੀ ਹੋ ਰਹੀ ਹੈ। ਲੇਖਕਾਂ ਦੀਆਂ ਲਿਖਤਾਂ ਉਤੇ ਬਹਿਸ-ਮੁਬਹਿਸੇ ਹੋਣੇ ਮਾੜੀ ਗੱਲ ਨਹੀਂ। ਪਰ ਬਹਿਸ ਕਰਦਿਆਂ ਸੁਹਜ, ਸਹਿਜ ਅਤੇ ਸੁਹਿਰਦਤਾ ਦਾ ਪੱਲਾ ਛੱਡਣਾ ਬੇਹੱਦ ਮਾੜਾ ਹੈ। ਸਪਸ਼ਟ ਕਰਦਿਆਂ ਕਿ ਇਹ ਨਾਵਲ ਮੈਂ ਪੜ੍ਹਿਆ ਨਹੀਂ (ਸ਼ਾਇਦ ਪੜ੍ਹਾਂ ਵੀ ਨਾ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਭਾਗ ਬਾਰੇ ਮੈਂ ਪ੍ਰਸਿੱਧ ਇਤਿਹਾਸਕਾਰਾਂ ਦੀਆ ਕਿਤਾਬਾਂ ਪੜ੍ਹ ਚੁੱਕਾ ਹਾਂ) ਪਰ ਫੇਸਬੁੱਕ ਅਤੇ ਅਖਬਾਰਾਂ ਵਿਚ ਇਸ ਨਾਵਲ ਬਾਰੇ ਚਰਚਾ ਪੜ੍ਹਦਿਆਂ ਦੁੱਖ ਹੁੰਦਾ ਹੈ।

ਮੈਨੂੰ ਨਹੀਂ ਲੱਗਦਾ ਕਿ ਇਸ ਨਾਵਲ ਬਾਰੇ ਚੰਗੀਆਂ ਜਾਂ ਮੰਦੀਆਂ ਰਾਅਵਾਂ ਲਿਖਣ ਵਾਲੇ ਸਾਰੇ ਦੋਸਤਾਂ ਨੇ ਨਾਵਲ ਪੜ੍ਹ ਲਿਆ ਹੋਵੇ। ਪਰ ਦੋਹਾਂ ਧਿਰਾਂ ਵੱਲੋਂ ਟਿੱਪਣੀਆਂ ਇਉਂ ਕੀਤੀਆਂ ਜਾ ਰਹੀਆਂ ਨੇ, ਜਿਵੇਂ ਉਸ ਦਾ ਇਕ ਇਕ ਅੱਖਰ ਪੜ੍ਹ ਲਿਆ ਹੋਵੇ। ਜਿਹੜੇ ਵੀਰ ਰਾਜੇ ਰਣਜੀਤ ਸਿੰਘ ਦੇ ਬਹੁਤੇ ਸ਼ਰਧਾਲੂ ਬਣਦਿਆਂ ਨਾਵਲ, ਲੇਖਕ ਉਤੇ ਨਿਜੀ ਜਾਂ ਹੋਛੀ ਸ਼ਬਦਾਵਲੀ ਵਾਲੇ 'ਕਮੈਂਟ' ਕਰ ਰਹੇ ਹਨ, ਉਸਦੀ ਹਰੇਕ ਨੂੰ ਨਿੰਦਿਆ ਕਰਨੀ ਚਾਹੀਦੀ ਹੈ। ਨਾਵਲ ਵਿਚਲੇ ਤੱਥਾਂ ਖਿਲਾਫ ਨਿੱਗਰ ਮਿਸਾਲਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਨਾ ਕਿ ਅਨਪੜ੍ਹ ਪੇਂਡੂਆਂ ਦੀ ਲੜਾਈ ਵਾਂਗ ਗਾਲ਼ ਮੰਦਾ ਕੀਤਾ ਜਾਵੇ। ਸੁਹਿਰਦਤਾ ਦੀ ਸਰਬੋਤਮ ਮਿਸਾਲ ਸਿਰਦਾਰ ਕਪੂਰ ਸਿੰਘ ਦੀ ਪ੍ਰਸਿੱਧ ਕਿਤਾਬ 'ਸਾਚੀ ਸਾਖੀ' ਤੋਂ ਲਈ ਜਾ ਸਕਦੀ ਹੈ। ਉਹ ਕਿਤਾਬ ਸ੍ਰੀ ਗਾਂਧੀ- ਨਹਿਰੂ- ਪਟੇਲ ਆਦਿ ਆਗੂਆਂ ਦੇ ਵਿਵਹਾਰ ਵਿਰੁੱਧ ਲਿਖੀ ਹੋਈ ਹੈ। ਪਰ ਸਿਰਦਾਰ ਕਪੂਰ ਸਿੰਘ ਨੇ ਸਾਰੀ ਕਿਤਾਬ ਵਿਚ ਉਕਤ ਆਗੂਆਂ ਦੇ ਨਾਂ ਸਤਿਕਾਰਿਤ ਵਿਸ਼ੇਸ਼ਣਾਂ ਤੋਂ ਬਿਨਾਂ ਕਿਤੇ ਵੀ ਨਹੀਂ ਲਿਖੇ।

**'ਸੂਰਜ ਦੀ ਅੱਖ' ਦੇ ਪੱਖ ਵਿਚ ਲਿਖਣ- ਬੋਲਣ ਵਾਲੇ ਕੁਝ ਸੱਜਣ ਵੀ ਐਸੀ ਸ਼ਬਦਾਵਲੀ ਵਰਤ ਰਹੇ ਹਨ, ਜੋ ਜਾਇਜ਼ ਨਹੀਂ ਮੰਨੀ ਜਾ ਸਕਦੀ। ਇਹ ਵੀਰ ਉਕਤ ਨਾਵਲ ਵਿਚੋਂ ਕੋਈ ਹਕੀਕੀ ਤੱਥ ਦੇਣ ਦੀ ਬਜਾਏ ਵਾਰ-ਵਾਰ ਇਹ ਲਿਖ ਰਹੇ ਹਨ ਕਿ ਸੜ੍ਹਕਨਾਮਾ ਜੀ ਨੇ ਸੱਠ ਕਿਤਾਬਾਂ ਲਿਖੀਆਂ ਹੋਈਆਂ ਨੇ। ਕੀ ਲਿਖੀਆਂ ਕਿਤਾਬਾਂ ਦੀ ਗਿਣਤੀ ਕਿਸੇ ਲੇਖਕ ਦੀ ਵਿਦਵਤਾ ਦਾ ਪੈਮਾਨਾ ਬਣ ਜਾਂਦੀ ਹੈ?**

'ਸੂਰਜ ਦੀ ਅੱਖ' ਦੇ ਪੱਖ ਵਿਚ ਲਿਖਣ- ਬੋਲਣ ਵਾਲੇ ਕੁਝ ਸੱਜਣ ਵੀ ਐਸੀ ਸ਼ਬਦਾਵਲੀ ਵਰਤ ਰਹੇ ਹਨ, ਜੋ ਜਾਇਜ਼ ਨਹੀਂ ਮੰਨੀ ਜਾ ਸਕਦੀ। ਇਹ ਵੀਰ ਉਕਤ ਨਾਵਲ ਵਿਚੋਂ ਕੋਈ ਹਕੀਕੀ ਤੱਥ ਦੇਣ ਦੀ ਬਜਾਏ ਵਾਰ-ਵਾਰ ਇਹ ਲਿਖ ਰਹੇ ਹਨ ਕਿ ਸੜ੍ਹਕਨਾਮਾ ਜੀ ਨੇ ਸੱਠ ਕਿਤਾਬਾਂ ਲਿਖੀਆਂ ਹੋਈਆਂ ਨੇ। ਕੀ ਲਿਖੀਆਂ ਕਿਤਾਬਾਂ ਦੀ ਗਿਣਤੀ ਕਿਸੇ ਲੇਖਕ ਦੀ ਵਿਦਵਤਾ ਦਾ ਪੈਮਾਨਾ ਬਣ ਜਾਂਦੀ ਹੈ?

ਅਜਿਹੇ ਵੀਰਾਂ ਦੀ ਇਹ ਵੀ ਇਕ ਜ਼ਿਆਦਤੀ ਹੀ ਕਹੀ ਜਾਵੇਗੀ ਕਿ ਇਹ ਨਾਵਲ ਦਾ ਵਿਰੋਧ ਕਰਨ ਵਾਲਿਆਂ ਨੂੰ ਇਕ ਵਾਢਿਉਂ ਹੀ 'ਮੂਲਵਾਦੀ ਤੱਤ'- 'ਖਾਲਿ-ਸਤਾਨੀ ਅੰਸ਼' ਜਾਂ 'ਅਨਪੜ੍ਹ ਟੋਲਾ' ਵਗੈਰਾ ਦੇ ਵਿਸ਼ੇਸ਼ਣ ਬਖਸ਼ੀ ਜਾ ਰਹੇ ਹਨ। ਕੀ ਇਨ੍ਹਾਂ ਲੋਕਾਂ 'ਤੇ ਨਾਵਲ ਪੜ੍ਹਨ ਦੀ ਪਾਬੰਦੀ ਲੱਗੀ ਹੋਈ ਹੈ? ਜਾਂ ਕੀ ਇਹ ਬਹਿਸ ਵਿਚ ਹਿੱਸਾ ਨਹੀਂ ਲੈ ਸਕਦੇ?

ਖੱਬੇ ਪੱਖੀ ਧਿਰਾਂ ਦਾ ਇਹ ਮਾਣ ਮੱਤਾ ਹਾਸਲ ਮੰਨਿਆ ਜਾਂਦਾ ਹੈ ਕਿ ਉਹ ਹਰ ਤਾਨਾਸ਼ਾਹੀ ਰਾਜਤੰਤਰ ਮੌਕੇ ਲਿਖਣ-ਬੋਲਣ ਦੀ ਆਜ਼ਾਦੀ ਦੇ ਝੰਡਾ ਬਰਦਾਰ ਬਣਦੇ ਰਹੇ ਨੇ। ਕੀ ਇਹ ਲਿਖਣ-ਬੋਲਣ ਦੀ ਆਜ਼ਾਦੀ ਉਕਤ ਨਾਵਲ ਵਿਚੋਂ ਨੁਕਸ ਕੱਢਣ ਵਾਲਿਆਂ ਲਈ ਨਹੀਂ ਹੈ?

ਜੰਮ ਜੰਮ ਸੰਵਾਦ ਰਚਾਓ, ਪਰ ਕਦੇ ਵੀ ਸੁਹਜ, ਸਹਿਜ ਅਤੇ ਸੁਹਿਰਦਤਾ ਦਾ ਦਾਮਨ ਨਾ ਛੱਡੋ ਕਿਰਪਾ ਕਰਕੇ।

---

# ਗਰੈਜੂਏਟ ਚਾਹ ਵਾਲੀ

ਸਰੂਚੀ ਕੰਬੋਜ਼
91-98723-48277



ਇਹ ਜ਼ਿੰਦਗੀ ਬੜੀ ਅਜੀਬ ਤੇ ਬੇਰਹਿਮ ਹੈ ਹਰ ਮੋੜ ਤੇ ਨਵਾਂ ਹੀ ਇਮਤਿਹਾਨ ਲੈਂਦੀ ਹੈ। ਕਦੇ ਲੋਕਾਂ ਨੂੰ ਲੱਗਦਾ ਕਿ ਜਿੰਦਗੀ ਉਨ੍ਹਾਂ ਉਪਰ ਖੁਸ਼ੀਆਂ ਭਰ ਭਰ ਦੋਵਾਂ ਹੱਥਾਂ ਨਾਲ ਲੁਟਾਉਂਦੀ ਹੈ ਤੇ ਕਦੇ ਦੁਖਾਂ ਦੇ ਬੱਦਲ ਪਲ ਪਲ ਵਰਾਉਂਦੀ ਹੈ। ਕਈ ਲੋਕ ਸਭ ਕੁਝ ਹਾਸਲ ਕਰਕੇ ਵੀ ਦੁਖੀ ਹਨ ਤੇ ਕਈ ਕੁਝ ਨਾ ਹੁੰਦਿਆਂ ਹੋਇਆਂ ਵੀ ਖੁਸ਼ ਹਨ। ਕੁਝ ਨੇ ਜੋ ਦੂਸਰੇ ਨੂੰ ਨੀਚਾ ਦਿਖਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ ਤੇ ਕੁਝ ਨੇ ਜੋ ਹਰ ਪਲ ਸਰਬਤ ਦਾ ਭਲਾ ਮੰਗਦੇ ਹੋਏ ਆਪਣੇ ਆਪ ਵਿੱਚ ਮਸਤ ਹਨ।ਕੁਝ ਅਜਿਹੀ ਹੀ ਜਿੰਦਗੀ ਸੀ ਨਿਮਰ ਦੀ । ਇਕ ਛੋਟਾ ਤੇ ਸੁਖੀ ਪਰਿਵਾਰ ਸੀ ਉਸਦਾ ਜਿਸ ਵਿਚ ਉਸਦਾ ਪਿਤਾ ਸਰਜਨ ਸਿੰਘ ਤੇ ਮਾਂ ਬੇਅੰਤ ਕੌਰ ਖੁਸ਼ੀ ਖੁਸ਼ੀ ਰਹਿੰਦੇ ਸਨ।

ਸਰਜਨ ਸਿੰਘ ਇਕ ਰਿਕਸ਼ਾ ਚਾਲਕ ਸੀ ਤੇ ਬੇਅੰਤ ਕੌਰ ਘਰਬਾਰ ਸੰਭਾਲਦੀ ਸੀ। ਉਹਨਾਂ ਦੋਹਾਂ ਦੀ ਲਾਡਲੀ ਅਤੇ ਇਕਲੌਤੀ ਧੀ ਸੀ ਨਿਮਰ। ਦੋਵਾਂ ਦੀ ਜਾਨ ਨਿਮਰ ਚ ਵੱਸਦੀ ਸੀ, ਉਹ ਤਿੰਨ ਜਣੇ ਆਪਣੀ ਛੋਟੀ ਜਿਹੀ ਜਿੰਦਗੀ ਵਿੱਚ ਬਹੁਤ ਖੁਸ਼ ਸਨ। ਨਾ ਕਿਸੇ ਨਾਲ ਕਦੇ ਉੱਚਾ ਨੀਵਾਂ ਬੋਲੇ ਸਨ ਅਤੇ ਨਾ ਹੀ ਕਿਸੇ ਦੇ ਕੰਮ ਵਿਚ ਦਖਲ ਦਿੱਤਾ ਸੀ ਬਸ ਆਪਣੇ ਛੋਟੇ ਜਿਹੇ ਸੰਸਾਰ ਵਿੱਚ ਹੀ ਰੁੱਝੇ ਹੋਏ ਸਨ ਉਹ ।

ਫਿਰ ਇਕ ਦਿਨ ਉਹਨਾਂ ਦੀ ਹੱਸਦੀ ਵੱਸਦੀ ਜਿੰਦਗੀ ਵਿੱਚ ਤੂਫਾਨ ਆ ਗਿਆ ਸੀ ਜਦ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਬੇਅੰਤ ਕੌਰ ਦਾ ਇੰਤਕਾਲ ਹੋ ਗਿਆ। ਬੇਅੰਤ ਕੌਰ ਦੀ ਮੌਤ ਦਾ ਅਫਸੋਸ ਸਭ ਨੂੰ ਘੱਟ ਸੀ ਤੇ ਇਹ ਫਿਕਰ ਜਿਆਦਾ ਸੀ ਕਿ ਆਖਰ ਹੁਣ ਛੇ ਸਾਲ ਦੀ ਨਿਮਰ ਦੀ ਪਰਵਰਿਸ਼ ਕੌਣ ਕਰੇਗਾ।ਕੋਈ ਕਹਿੰਦਾ ਨਿਮਰ ਦੇ ਚਾਚਾ ਚਾਚੀ ਸੰਭਾਲ ਲੈਣਗੇ। ਕੋਈ ਕਹਿੰਦਾ ਕੁੜੀ ਨੂੰ ਉਸਦੇ ਨਾਨਕੇ ਘਰ ਭੇਜ ਦੇਣ।ਕਿਸੇ ਨੇ ਸਰਜਨ ਸਿੰਘ ਨੂੰ ਦੂਜਾ ਵਿਆਹ ਕਰਵਾ ਲੈਣ ਦੀ ਸਲਾਹ ਦਿੱਤੀ।

ਆਖਰ ਨਿਮਰ ਦੀ ਭੋਲੀ ਸੂਰਤ ਵੇਖ ਕੇ ਉਸਦੀ ਚਾਚੀ ਦਾ ਦਿਲ ਪਸੀਜ ਗਿਆ ਜਾਂ ਸ਼ਾਇਦ ਲੋਕਾਂ ਵਿਚ ਆਪਣੀ ਦਰਿਆ ਦਿਲੀ ਵਿਖਾਉਣ ਲਈ ਨਿਮਰ ਦੀ ਚਾਚੀ ਨੇ ਉਸਨੂੰ ਆਪਣੀ ਧੀ ਬਣਾ ਕੇ ਪਾਲਣ ਦਾ ਫੈਸਲਾ ਕੀਤਾ। ਪਰ ਅਫਸੋਸ ਕਿ ਉਹ ਆਪਣੇ ਬੋਲੇ ਬੋਲਾਂ ਤੇ ਚਾਰ ਦਿਨ ਵੀ ਪੂਰੀ ਨਾ ਉਤਰੀ ਕਿ ਆਖਰ ਉਸਨੇ ਬਿਨ ਮਾਂ ਦੀ ਧੀ ਨਾਲ ਮਤਰੇਆਂ ਨਾਲੋਂ ਵੀ ਮਾੜਾ ਸਲੂਕ ਕੀਤਾ। ਸਰਜਨ ਤਾਂ ਸਵੇਰ ਨਾਲ ਰਿਕਸ਼ਾ ਲੈ ਕੇ ਤੁਰ ਜਾਂਦਾ ਸੀ ਅਤੇ ਉਸ ਦੇ ਜਾਣ ਤੋਂ ਬਾਅਦ ਨਿਮਰ ਦੀ ਚਾਚੀ ਉਸ ਉੱਪਰ ਕੀ ਕੀ ਜ਼ੁਲਮ ਢਾਉਂਦੀ ਸੀ। ਇਸ ਸਭ ਤੋਂ ਸਰਜਨ ਸਿੰਘ ਬੇਖਬਰ ਸੀ। ਨਿਮਰ ਦੀ ਚਾਚੀ ਨੇ ਉਸ ਨੂੰ ਸਕੂਲ ਤੋਂ ਹਟਵਾ ਲਿਆ ਸੀ, ਹੁਣ ਉਹ ਘਰ ਦਾ ਸਾਰਾ ਕੰਮ ਉਸ ਤੋਂ ਹੀ ਕਰਵਾਉਂਦੀ ਹਾਲਾਂਕਿ ਸਰਜਨ ਜੋ ਵੀ ਹਰ ਰੋਜ਼ ਪੈਸੇ ਕਮਾ ਕੇ ਲਿਆਉਂਦਾ ਸੀ, ਜਿਸ ਵਿਚੋਂ ਆਪਣਾ ਜੇਬ ਖਰਚਾ ਕੱਢ ਕੇ ਬਾਕੀ ਦੇ ਪੈਸੇ ਉਹ ਸਭ ਉਸਨੂੰ ਹੀ ਦੇ ਦਿੰਦਾ ਸੀ ।

ਆਖਰ ਇਕ ਦਿਨ ਉਸ ਨੇ ਆਪਣੇ ਅੱਖੀਂ ਵੇਖਿਆ ਕਿ ਨਿਮਰ ਨਾਲ ਉਸਦੀ ਚਾਚੀ ਕਿਸ ਤਰ੍ਹਾਂ ਦਾ ਸਲੂਕ ਕਰਦੀ ਹੈ। ਸਰਜਨ ਨੇ ਉਸੇ ਵੇਲੇ ਹੀ ਆਪਣੀ ਧੀ ਨੂੰ ਆਪਣੇ ਘਰ ਲੈ ਆਉਂਦਾ। ਉਸਨੇ ਫੈਸਲਾ ਕੀਤਾ ਸੀ ਕਿ ਚਾਹੇ ਕੁਝ ਵੀ ਹੋ ਜੇ ਉਹ ਆਪਣੀ ਧੀ ਦੀ ਪਰਵਰਿਸ਼ ਖੁਦ ਕਰੇਗਾ ਪਰ ਕਿਸੇ ਦੇ ਉੱਤੇ ਉਸਨੂੰ ਬੋਝ ਨਹੀਂ ਬਣਨ ਦੇਵੇਗਾ। ਇਕ ਵਾਰ ਫਿਰ ਸਭ ਨੇ ਉਸਨੂੰ ਦੂਜਾ ਵਿਆਹ ਕਰਵਾ ਲੈਣ ਦੀ ਸਲਾਹ ਦਿੱਤੀ ਪਰ ਮਤਰੇਈ ਮਾਂ ਦੇ ਬਾਰੇ ਸੋਚ ਕੇ ਉਸ ਦਾ ਮਨ ਕੰਬ ਜਾਂਦਾ ਇਸ ਲਈ ਉਸ ਦੂਜੇ ਵਿਆਹ ਦਾ ਵਿਚਾਰ ਵੀ ਤਿਆਗ ਦਿੱਤਾ। ਦੋ-ਚਾਰ ਦਿਨ ਨਿਮਰ ਆਪਣੇ ਪਿਤਾ ਨੂੰ ਚੌਕਾ ਚੁੱਲਾ ਸੰਭਾਲਦੇ ਨੂੰ ਦੇਖਦੀ ਰਹੀ ਫਿਰ ਇੱਕ ਦਿਨ ਸਵੱਖਤੇ ਉਠ ਕੇ ਉਸ ਘਰ ਦੀ ਸਾਫ ਸਫਾਈ ਕਰ ਆਪਣੇ ਛੋਟੇ ਛੋਟੇ ਹੱਥਾਂ ਨਾਲ ਕੱਚੀਆਂ ਪੱਕੀਆਂ ਰੋਟੀਆਂ ਸੇਕੀਆਂ ਤੇ ਚਾਹ ਬਣਾਈ। ਜਦੋਂ ਉਸਦੇ ਪਿਤਾ ਨੇ ਆਪਣੀ ਸੱਤ ਸਾਲਾਂ ਦੀ ਧੀ ਨੂੰ ਐਦਾ ਘਰ ਦੇ ਕੰਮ ਕਰਦਿਆਂ ਵੇਖਿਆ ਤਾਂ ਉਸ ਦੀਆਂ ਅੱਖਾਂ ਭਰ ਆਈਆਂ। ਉਸ ਆਪਣੇ ਪਿਤਾ ਦੇ ਅੱਥਰੂ ਪੂੰਜਦੇ ਹੋਏ ਕਿਹਾ "ਬਾਊ ਜੀ, ਤੁਸੀਂ ਹੁਣ ਘਰ ਦੇ ਕੰਮਾਂ ਦੀ ਚਿੰਤਾ ਨਾ ਕਰਨਾ। ਮੈਂ ਸਭ ਕੁਝ ਸੰਭਾਲ ਲਵਾਂਗੀ।" ਆਪਣੀ ਸੱਤ ਸਾਲ ਦੀ ਧੀ ਦੇ ਜਬਾਨੋਂ ਇਹ ਬੋਲ ਸੁਣ ਉਸ ਰੋਂਦੇ ਨੇ ਨਿਮਰ ਨੂੰ ਗਲਵਕੜੀ ਵਿੱਚ ਲੈ ਲਿਆ ।

ਹੌਲੀ ਹੌਲੀ ਦਿਨਾਂ ਵਿੱਚ ਹੀ ਨਿਮਰ ਘਰ ਦੇ ਸਾਰੇ ਕੰਮ ਸੋਹਣੇ ਢੰਗ ਨਾਲ ਕਰਨੇ ਸਿੱਖ ਗਈ ਸੀ। ਹੋਰ ਤੇ ਹੋਰ ਉਹ ਆਪਣੀ ਪੜਾਈ ਵੀ ਮਨ ਲਾ ਕੇ ਕਰਦੀ ਸੀ ਜਿਸਦੇ ਚਲਦੇ ਉਹ ਹਰ ਸਾਲ ਆਪਣੀ ਜਮਾਤ ਵਿੱਚੋਂ ਅਵੱਲ ਆਉਂਦੀ ।

ਆਪਣੀ ਧੀ ਦੀ ਕਾਬਲੀਅਤ ਨੂੰ ਵੇਖ ਸਰਜਨ ਸਿੰਘ ਨੇ ਨਿਮਰ ਨੂੰ ਉੱਚ ਸਿੱਖਿਆ ਦਵਾਉਣ ਦਾ ਫੈਸਲਾ ਕੀਤਾ ਸੀ ।

ਨਿਮਰ ਬਹੁਤ ਅਲੜ ਤੇ ਭੋਲੀ ਭਾਲੀ ਸੀ। ਉਸਦੇ ਚਿਹਰੇ ਤੇ ਸਿਰਫ ਮਾਸੂਮੀਅਤ ਹੀ ਝਲਕਦੀ ਸੀ।ਆਪਣੇ ਆਪ ਵਿੱਚ ਮਸਤ ਰਹਿਣ ਵਾਲੀ ਬਹੁਤ ਹੀ ਰਿਜ਼ਰਵ ਨੇਚਰ ਦੀ ਸੀ। ਸਕੂਲ ਵਿਚ ਵੀ ਕਿਸੇ ਨਾਲ ਜਿਆਦਾ ਮੇਲ ਜੋਲ ਨਹੀਂ ਰਖਦੀ ਸੀ ਘਰੋਂ ਵੀ ਬਹੁਤ ਘੱਟ ਨਿਕਲਦੀ ਸੀ ਤੇ ਨਾ ਹੀ ਉਸਨੂੰ ਕਦੇ ਕੋਈ ਘਰ ਮਿਲਣ ਆਉਂਦਾ ਸੀ। ਉਸਦੀ ਜਿੰਦਗੀ ਬਸ ਆਪਣੇ ਪਿਤਾ ਦੇ ਇਰਦ ਗਿਰਦ ਤੇ ਆਪਣੀਆਂ ਛੋਟੀਆਂ ਛੋਟੀਆਂ ਇੱਛਾਵਾਂ ਵਿੱਚ ਹੀ ਸਿਮਟੀ ਹੋਈ ਸੀ। ਆਪਣੀ ਮਿਹਨਤ ਅਤੇ ਲਗਨ ਸਦਕਾ ਉਸ ਆਪਣੀ ਗਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਸਰਕਾਰੀ ਨੌਕਰੀ ਲਈ ਜੋ ਟੈਸਟ ਦਿੱਤਾ ਸੀ ਉਹ ਪਾਸ ਕਰ ਲਿਆ ਸੀ। ਪਰ ਇਕ ਸਾਲ ਬੀਤ ਗਿਆ ਉਸਦਾ ਜੁਆਨਿੰਗ ਲੈਟਰ ਨਹੀਂ ਸੀ ਆਇਆ। ਇਸ ਲਈ ਉਹ ਪਿੰਡ ਵਿੱਚ ਹੀ ਪ੍ਰਾਈਵੇਟ ਸਕੂਲ ਵਿਚ ਬੱਚਿਆਂ ਨੂੰ ਪੜ੍ਹਾਉਣ ਲੱਗ ਗਈ ਸੀ । ਛੇ ਮਹੀਨੇ ਤੋਂ ਉੱਤੇ ਸਮਾਂ ਹੋ ਗਿਆ ਸੀ ਉਸਨੂੰ ਮਨ ਲਗਾ ਕੇ ਬੱਚਿਆਂ ਨੂੰ ਪੜ੍ਹਾਉਂਦੀ ਨੂੰ ਪਰ ਸਕੂਲ ਵਾਲਿਆਂ ਉਸਨੂੰ ਤਨਖਾਹ ਦਾ ਇਕ ਰੁਪਿਆ ਤੱਕ ਨਹੀਂ ਦਿੱਤਾ ਸੀ । ਫਿਰ ਵੀ ਉਹ ਚੁੱਪਚਾਪ ਆਪਣਾ ਕੰਮ ਕਰਦੀ ਰਹੀ।

ਸਭ ਕੁਝ ਸਹੀ ਚਲ ਰਿਹਾ ਸੀ ਕਿ ਇਕ ਦਿਨ ਗਰਮੀ ਜਿਆਦਾ ਹੋਣ ਕਾਰਨ ਰਿਕਸ਼ਾ ਚਲਾਉਂਦਾ ਸਰਜਨ ਸਿੰਘ ਵਿੱਚ ਸੜਕ ਡਿੱਗ ਕੇ ਬੇਹੋਸ਼ ਹੋ ਗਿਆ । ਜੋ ਦੋ-ਚਾਰ ਸਾਥੀ ਉਸਨੂੰ ਜਾਣਦੇ ਸਨ ਉਸਨੂੰ ਚੱਕ ਕੇ ਹਸਪਤਾਲ ਲੈ ਗਏ। ਜਦ ਨਿਮਰ ਤੱਕ ਖਬਰ ਪਹੁੰਚੀ ਉਹ ਵੀ ਦੌੜ ਕੇ ਹਸਪਤਾਲ ਪਹੁੰਚ ਗਈ । ਆਪਣੇ ਬਾਪੂ ਦੇ ਬੈੱਡ ਲਾਗੇ ਬੈਠ ਉਹ ਉਸਦੇ ਹੋਸ਼ ਵਿਚ ਆਉਣ ਦਾ ਇੰਤਜ਼ਾਰ ਕਰਦੀ ਰਹੀ।

ਉਸ ਦਿਨ ਪਹਿਲੀ ਵਾਰ ਉਸਨੇ ਆਪਣੇ ਪਿਤਾ ਸਾਹਮਣੇ ਦਿਲ ਖੋਲ ਕੇ ਆਪਣੀ ਖਾਹਿਸ਼ ਜ਼ਾਹਿਰ ਕੀਤੀ ਸੀ "ਬਾਊ ਜੀ, ਤੁਸੀਂ ਬਹੁਤ ਕੰਮ ਕਰ ਲਿਆ ਬਸ ਹੁਣ ਹੋਰ ਨਹੀਂ।"

"ਪੁੱਤਰ ਜੇ ਮੈਂ ਕੰਮ ਨਹੀਂ ਕਰਾਂਗਾ ਤਾਂ ਘਰ ਦਾ ਗੁਜਾਰਾ ਕਿਵੇਂ ਹੋਵੇਗਾ? "ਨਿਮਰ ਦੇ ਪਿਤਾ ਨੇ ਮੰਜੇ ਤੇ ਬੈਠਦੇ ਹੋਏ ਜਵਾਬ ਦਿੱਤਾ ।

" ਤੁਸੀਂ ਉਸਦੀ ਫਿਕਰ ਨਾ ਕਰੋ ਮੈਂ ਕੋਈ ਵੀ ਕੰਮ ਕਰ ਲਵਾਂਗੀ।"

"ਕੀ ਕੰਮ ਕਰੇਂਗੀ ਜਿਸ ਸਕੂਲ ਵਿਚ ਤੂੰ ਪਿਛਲੇ ਛੇ ਮਹੀਨਿਆਂ ਤੋਂ ਪੜ੍ਹਾ ਰਹੀ ਹੈ ਉਹਨਾਂ ਨੇ ਤੈਨੂੰ ਇਕ ਰੁਪਈਆ ਤੱਕ ਨਹੀਂ ਵਿਖਾਇਆ।" "ਜਾਣਦੀ ਹਾਂ ਇਸ ਲਈ ਮੈਂ ਫੈਸਲਾ ਕੀਤਾ ਕਿ ਮੈਂ ਸਕੂਲ ਪੜਾਉਣ ਨਹੀਂ ਜਾਵਾਂਗੀ। ਬਾਊ ਜੀ ਮੈਂ ਆਪਣਾ ਬਿਜ਼ਨੈਸ ਕਰਾਂਗੀ ।" ਉਸਦੀਆਂ ਅੱਖਾਂ ਵਿਚ ਇਕ ਅਜੀਬ ਜਿਹੀ ਚਮਕ ਸੀ ।

"ਕਿਹੋ ਜਿਹੀਆਂ ਗੱਲਾਂ ਕਰ ਰਹੀ ਹੈ, ਤੈਨੂੰ ਪਤਾ ਵੀ ਹੈ ਇਕ ਬਿਜ਼ਨੈਸ ਚਲਾਉਣ ਲਈ ਕਿੰਨੇ ਪੈਸੇ ਦੀ ਜਰੂਰਤ ਪੈਂਦੀ ਹੈ ।"

" ਕੋਈ ਜਿਆਦਾ ਪੈਸਿਆਂ ਦੀ ਲੋੜ ਨਹੀਂ ਪੈਂਦੀ ।ਬਸ ਤੁਸੀਂ ਮੈਨੂੰ ਇਕ ਵਾਰ ਘਰ ਤੋਂ ਬਾਹਰ ਜਾ ਕੇ ਬਿਜ਼ਨੈਸ ਕਰਨ ਦੀ ਆਗਿਆ ਦੇ ਦਿਉ, ਪਲੀਜ਼ ਬਾਊ ਜੀ ।"

ਨਿਮਰ ਦੇ ਪਿਤਾ ਨੇ ਕੁਝ ਦੇਰ ਸੋਚਣ ਤੋਂ ਬਾਅਦ ਨਿਮਰ ਨੂੰ ਕਹਿਣਾ ਸ਼ੁਰੂ ਕੀਤਾ ।

"ਮੈਂ ਜਾਣਦਾ ਹਾਂ ਤੂੰ ਕਦੇ ਕੁਝ ਗਲਤ ਨਹੀਂ ਕਰੇਂਗੀ ਪੂਰਾ ਐਤਬਾਰ ਹੈ ਤੇਰੇ ਤੇ ਮੈਨੂੰ, ਧੀਏ। ਜੇ ਤੇਰੀ ਇਹ ਇੱਛਾ ਹੈ ਤਾਂ ਚਲ ਇਜਾਜ਼ਤ ਹੈ ਤੈਨੂੰ ਕਰ ਲੈ ਜੋ ਤੂੰ ਕਰਨਾ।" ਸਰਜਨ ਸਿੰਘ ਨੇ ਨਿਮਰ ਦੇ ਸਿਰ ਤੇ ਹੱਥ ਫੇਰਦਿਆਂ ਖੁਸ਼ ਹੋ ਕਿਹਾ ।

"ਥੈਂਕ ਯੂ ਬਾਊ ਜੀ ।" ਨਿਮਰ ਖੁਸ਼ ਹੋ ਆਪਣੇ ਪਿਤਾ ਦੇ ਗਲੇ ਲੱਗ ਬੋਲੀ ।

ਉਸ ਤੋਂ ਬਾਅਦ ਕੁਝ ਦਿਨ ਦੇ ਸੋਚ ਵਿਚਾਰ ਤੋਂ ਬਾਅਦ ਨਿਮਰ ਨੇ ਚਾਹ ਦੀ ਛੋਟੀ ਜਿਹੀ ਸਟਾਲ ਬਣਾਉਣ ਦਾ ਫੈਸਲਾ ਕੀਤਾ। ਪਿੰਡ ਦੇ ਬਾਹਰਵਾਰ ਇਕ ਖਾਲੀ ਜਿਹੀ ਜਗ੍ਹਾ ਨੂੰ ਵੇਖ ਉਸ ਉਹ ਥਾਂ ਨਿਯਤ ਕਰ ਲਈ ਜਿਥੇ ਉਸ ਸਟਾਲ ਲਾਉਣੀ ਸੀ। ਕਾਫੀ ਚਹਿਲ ਕਦਮੀ ਰਹਿੰਦੀ ਸੀ ਉਸ ਜਗ੍ਹਾ ਲੋਕਾਂ ਦੀ ।ਉਸ ਨੂੰ ਵਿਸ਼ਵਾਸ ਸੀ ਉਥੇ ਉਸਦੀ ਚਾਹ ਵਾਲੀ ਸਟਾਲ ਖੂਬ ਚੱਲੇਗੀ।

ਆਪਣੇ ਪਿਤਾ ਦੀ ਮਦਦ ਨਾਲ ਉਸਨੇ ਉਸ ਜਗ੍ਹਾ ਨੂੰ ਸਾਫ਼ ਕਰਕੇ ਇਕ ਛੋਟੀ ਜਿਹੀ ਸਟਾਲ ਬਣਾ ਲਈ ਅਤੇ ਅਗਲੇ ਦਿਨ ਸ਼ਹਿਰ ਜਾ ਕੇ ਕੁਝ ਬਰਤਨ ਖਰੀਦ ਲਿਆਈ। ਸ਼ੁਭ ਮਹੂਰਤ ਵੇਖ ਕੇ ਉਸ ਆਪਣੀ ਚਾਹ ਦੀ ਸਟਾਲ ਚਾਲੂ ਕਰ ਦਿੱਤੀ। ਸਟਾਲ ਦੀ ਸਾਫ ਸਫਾਈ ਤੇ ਕੜਕ ਚਾਹ ਕਾਰਨ ਨਿਮਰ ਨੇ ਦਿਨਾਂ ਵਿੱਚ ਹੀ ਬਹੁਤ ਸਾਰੇ ਗਾਹਕ ਬਣਾ ਲਏ ਸਨ।

ਪਹਿਲੇ ਪਹਿਲ ਤਾਂ ਉਹ ਸਿਰਫ਼ ਇਲਾਇਚੀ, ਸੌਂਫ ਤੇ ਅਦਰਕ ਵਾਲੀ ਚਾਹ ਬਣਾਉਂਦੀ ਹੁੰਦੀ ਸੀ। ਹੌਲੀ ਹੌਲੀ ਉਸ ਗਰੀਨ ਟੀ ਨੂੰ ਬਣਾਉਣਾ ਵੀ ਸਿੱਖ ਲਿਆ। ਪਰ ਸਭ ਤੋਂ ਵੱਧ ਉਸਦੇ ਹੱਥਾਂ ਦੀ ਬਣਾਈ ਚਾਹ ਜੋ ਪਸੰਦ ਕੀਤੀ ਗਈ ਸੀ ਉਸਦੇ ਗਾਹਕਾਂ ਦੁਆਰਾ ਉਹ ਸੀ 'ਨਮਕੀਨ ਚਾਹ' ਜੋ ਉਹ ਨਮਕ ਤੇ ਬੇਕਿੰਗ ਸੋਡਾ ਮਿਲਾ ਕੇ ਬਣਾਉਂਦੀ ਸੀ। ਜਿਸ ਨੂੰ ਮਿਲਾਉਣ ਨਾਲ ਚਾਹ ਦਾ ਰੰਗ ਗੁਲਾਬੀ ਹੋ ਜਾਂਦਾ ਸੀ।

ਇਹ ਗੁਲਾਬੀ ਚਾਹ ਕਸ਼ਮੀਰ ਵੱਲ ਬਹੁਤ ਮਸ਼ਹੂਰ ਹੈ ਜਿਸਨੂੰ ਨੂਨ ਚਾਹ, ਗੁਲਾਬੀ ਚਾਹ ਤੇ ਸ਼ੀਰ ਚਾਹ ਵੀ ਕਹਿੰਦੇ ਹਨ।ਇਸ ਚਾਹ ਨੂੰ ਪੀਣ ਦੇ ਬਹੁਤ ਸਾਰੇ ਫਾਇਦੇ ਹਨ ਜਿਵੇਂ ਕਿ ਬਲਡ ਪ੍ਰੈਸ਼ਰ ਘਟਾਉਣ, ਸਰੀਰ ਵਿਚ ਵਧੀ ਚਰਬੀ ਨੂੰ ਖਤਮ ਕਰਨ, ਹਾਜਮਾ ਤੇ ਜਿਗਰ ਤੰਦਰੁਸਤ ਰੱਖਣ ਲਈ, ਇਕਾਗਰਤਾ ਵਿੱਚ ਸੁਧਾਰ ਲਿਆਉਣ ਲਈ, ਸਟ੍ਰੈਸ (ਤਨਾਵ) ਦੂਰ ਕਰਨ ਵਿੱਚ ਮਦਦ ਕਰਦੀ ਹੈ।

ਹੌਲੀ ਹੌਲੀ ਆਸ ਪਾਸ ਦੇ ਇਲਾਕਿਆਂ ਵਿੱਚ ਨਿਮਰ ਦੀ ਗੁਲਾਬੀ ਚਾਹ ਦੇ ਚਰਚੇ ਹੋਣ ਲੱਗੇ।

ਜਦ ਨਿਮਰ ਦੀ ਸਟਾਲ ਦੀ ਕਾਮਯਾਬੀ ਉਸਦੀ ਚਾਚੀ ਨੂੰ ਉਸਦੇ ਮੁੰਡੇ ਤੋਂ ਪਤਾ ਲੱਗੀ ਤਾਂ ਉਹ ਸੜ ਭੁੱਜ ਗਈ। ਉਸਨੇ ਆਪਣੇ ਮੁੰਡੇ ਨੂੰ ਖੂਬ ਭੜਕਾਇਆ ਜਿਸਦੇ ਚਲਦੇ ਉਸਨੇ ਆਪਣੇ ਕੁਝ ਸਾਥੀਆਂ ਨਾਲ ਜਾ ਕੇ ਨਿਮਰ ਦੀ ਸਾਰੀ ਸਟਾਲ ਤਹਿਸ ਨਹਿਸ ਕਰ ਦਿੱਤੀ ਅਤੇ ਉਸ ਨੂੰ ਵਾਰਨਿੰਗ ਦਿੱਤੀ ਕਿ ਅੱਗੇ ਤੋਂ ਉਹ ਉਸ ਜਗ੍ਹਾ ਤੇ ਸਟਾਲ ਨਾ ਲਗਾਏ ਕਿਉਂਕਿ ਉਹ ਜਗਾ ਉਹਨਾਂ ਦੀ ਹੈ।ਨਿਮਰ ਦੁਖੀ ਅਤੇ ਨਿਰਾਸ਼ ਹੋ ਕੇ ਘਰ ਪਰਤ ਆਈ।ਉਸਨੇ ਸੋਚਿਆ ਨਹੀਂ ਸੀ ਕਿ ਉਸ ਦੇ ਚੰਗੇ ਭਲੇ ਚਲਦੇ ਕੰਮ ਵਿੱਚ ਐਦਾ ਉਸਦਾ ਸੱਕਾ ਚਚੇਰਾ ਭਰਾ ਰੋੜਾ ਬਣ ਜਾਵੇਗਾ।

ਖੈਰ ਕੁਝ ਦਿਨਾਂ ਬਾਅਦ ਉਸਨੇ ਦੋਬਾਰਾ ਸਮਾਨ ਖਰੀਦ ਕੇ ਸਟਾਲ ਖੋਲਣ ਦੀ ਯੋਜਨਾ ਬਣਾਈ। ਇਸ ਵਾਰ ਉਸਨੇ ਸ਼ਹਿਰ ਜਾ ਕੇ ਇਕ ਸਿਨੇਮਾ ਹਾਲ ਦੇ ਸਾਹਮਣੇ ਕੋਨੇ ਵਿੱਚ ਕਿਰਾਏ ਤੇ ਇੱਕ ਸਟਾਲ ਖੋਲ੍ਹ ਲਈ।ਜੋ ਵੀ ਉਸਦੇ ਹੱਥ ਦੀ ਬਣੀ ਚਾਹ ਪੀਂਦਾ ਉਹ ਉਸਦੀ ਚਾਹ ਦਾ ਸ਼ੌਕੀਨ ਹੋ ਜਾਂਦਾ। ਉਸਦੇ ਗੁਣਗਾਨ ਗਾਉਣ ਲੱਗਦਾ। ਹੌਲੀ ਹੌਲੀ ਸ਼ਹਿਰ ਵਿੱਚ ਹਰ ਪਾਸੇ ਉਸਦੀ ਚਾਹ ਦੀ ਧੁੰਮ ਮਚ ਗਈ ਸੀ। ਕੁਝ ਹੀ ਦਿਨਾਂ ਵਿੱਚ ਉਹ ਸ਼ਹਿਰ ਵਿਚ ਬਹੁਤ ਮਸ਼ਹੂਰ ਹੋ ਗਈ ਸੀ।ਕਈ ਲੋਕ ਤਾਂ ਦੂਰੋਂ ਦੂਰੋਂ ਉਸਦੇ ਹੱਥ ਦੀ ਬਣੀ ਚਾਹ ਪੀਣ ਆਉਂਦੇ ਸਨ। ਦੂਜੇ ਪਾਸੇ ਨਿਮਰ ਦੇ ਚਚੇਰੇ ਭਰਾ ਨੇ ਉਸਦੀ ਜਗ੍ਹਾ ਤੇ ਚਾਹ ਦੀ ਸਟਾਲ ਲਗਾਉਣੀ ਸ਼ੁਰੂ ਕਰ ਦਿੱਤੀ। ਇੱਕ ਦੋ ਹਫਤੇ ਤਾਂ ਉਸ ਕੋਲੋਂ ਚਾਹ ਪੀਣ ਬਹੁਤ ਗਾਹਕ ਆਏ। ਸਭ ਨੂੰ ਉਮੀਦ ਸੀ ਕਿ ਉਹ ਨਿਮਰ ਦਾ ਭਰਾ ਹੈ ਅਤੇ ਸ਼ਾਇਦ ਉਸ ਵਾਂਗ ਵਧੀਆ ਚਾਹ ਬਣਾਉਂਦਾ ਹੋਵੇਗਾ ਪਰ ਚਾਹ ਬੇਸੁਆਦੀ ਹੋਣ ਕਾਰਨ ਜੋ ਪੰਜ ਸੱਤ ਗਾਹਕ ਬਣੇ ਸਨ ਉਹ ਵੀ ਉਹ ਗੁਆ ਬੈਠਾ। ਜਿਸਦੇ ਚਲਦੇ ਮਹੀਨੇ ਵਿੱਚ ਹੀ ਉਸਦੀ ਚਾਹ ਦਾ ਬਿਜ਼ਨੈਸ ਠੱਪ ਹੋ ਗਿਆ। ਦੂਜੇ ਪਾਸੇ ਨਿਮਰ ਦਿਨ ਦੁੱਗਣੀ ਰਾਤ ਚੁਗਣੀ ਤਰੱਕੀ ਕਰ ਰਹੀ ਸੀ। ਇੱਕ ਦਿਨ ਸ਼ਹਿਰ ਦੇ ਇੱਕ ਕਾਲੇਜ ਚੋਂ ਕੁਝ ਸ਼ਰਾਰਤੀ ਤੇ ਬਦਤਮੀਜ਼ ਵਿਦਿਆਰਥੀ ਜਿਹਨਾਂ ਵਿੱਚ ਚਾਰ ਕੁੜੀਆਂ ਤੇ ਛੇ ਮੁੰਡੇ ਸਨ ਫਿਲਮ ਵੇਖਣ ਆਏ। ਜੋ ਵੀ ਅਣਜਾਣ, ਸ਼ਰੀਫ ਚਾਹੇ ਉਹ ਬੁੱਢਾ, ਜੁਆਨ, ਬੱਚਾ ਜਾਂ ਔਰਤ ਸੀ ਉਹਨਾਂ ਨੂੰ ਰਾਹ ਵਿਚ ਮਿਲਦਾ ਉਹਨਾਂ ਕਿਸੇ ਨੂੰ ਵੀ ਨਾ ਬਖਸ਼ਿਆ, ਝਟ ਉਸਦਾ ਮਜ਼ਾਕ ਬਣਾ ਉਸਦੀ ਬੇਇਜ਼ਤੀ ਕਰ ਦਿੰਦੇ।

ਫਿਰ ਅਚਾਨਕ ਉਹਨਾਂ ਦਾ ਧਿਆਨ ਨਿਮਰ ਵੱਲ ਗਿਆ, ਨਿਮਰ ਬਹੁਤ ਭੋਲੀ ਤੇ ਮਾਸੂਮ ਸੀ ਆਪਣੇ ਹਰ ਗਾਹਕ ਨੂੰ ਰੱਬ ਦਾ ਰੂਪ ਸਮਝਦੀ ਸੀ ਜਦ ਉਹਨਾਂ ਨਿਮਰ ਨੂੰ ਵੇਖਿਆ ਉਹ ਸਭ ਉਸ ਕੋਲ ਆ ਗਏ। ਨਿਮਰ ਨੇ ਬੜੇ ਆਦਰ ਨਾਲ ਉਹਨਾਂ ਨੂੰ ਨਮਸਤੇ ਬੁਲਾ ਚਾਹ ਪੀਣ ਲਈ ਪੁੱਛਿਆ ਤਾਂ ਉਨ੍ਹਾਂ ਨੇ ਨਿਮਰ ਤੋਂ ਉਸ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ। ਉਸਦੀ ਪੜਾਈ ਬਾਰੇ ਪੁੱਛਣ ਤੇ ਨਿਮਰ ਨੇ ਦੱਸਿਆ ਕਿ ਉਹ ਗਰੈਜੂਏਟ ਹੈ। ਪੜ੍ਹਾਈ ਪੂਰੀ ਹੋਣ ਬਾਅਦ ਜਦ ਕਿਤੇ ਨੌਕਰੀ ਨਹੀਂ ਮਿਲੀ ਤਾਂ ਉਸਨੇ ਆਪਣਾ ਬਿਜ਼ਨੈਸ ਕਰਨ ਦਾ ਫੈਸਲਾ ਕੀਤਾ ਸੀ। ਪਹਿਲਾਂ ਤਾਂ ਉਹ ਸਭ ਬੜੀ ਧਿਆਨ ਨਾਲ ਉਸਦੀਆਂ ਗੱਲਾਂ ਸੁਣਦੇ ਰਹੇ ਪਰ ਜਦੋਂ ਉਸਦੇ ਮੂੰਹੋਂ ਉਸਦੀ ਗਰੈਜੂਏਸ਼ਨ ਤੱਕ ਪੜਾਈ ਬਾਰੇ ਸੁਣਿਆ ਤਾਂ ਸਭ ਇੱਕ ਦੂਸਰੇ ਦੇ ਮੂੰਹ ਨੂੰ ਝਾਕਣ ਲੱਗੇ ਅਤੇ ਕੁਝ ਪਲਾਂ ਬਾਅਦ ਉਸ ਉੱਪਰ ਜੋਰ ਜੋਰ ਨਾਲ ਹੱਸਣ ਲੱਗੇ। ਨਿਮਰ ਇਹ ਸਭ ਦੇਖ ਕੇ ਥੋੜੀ ਸਹਿਮ ਗਈ। ਫਿਰ ਹੌਲੀ ਹੌਲੀ ਕਦਮ ਵਧਾਉਂਦੇ ਹੋਏ ਉਹਨਾਂ ਸਭ ਨੇ ਨਿਮਰ ਦੇ ਦੁਆਲੇ ਇਕ ਘੇਰਾ ਬਣਾ ਲਿਆ। ਫਿਰ ਉਹ ਨਿਮਰ ਦੇ ਆਲੇ ਦੁਆਲੇ ਤਾੜੀਆਂ ਮਾਰ ਮਾਰ ਹੱਸਦੇ ਹੋਏ ਨਿਮਰ ਨੂੰ "ਗਰੈਜੂਏਟ ਚਾਹ ਵਾਲੀ! ਗਰੈਜੂਏਟ ਚਾਹ ਵਾਲੀ!" ਕਹਿ ਕੇ ਉਸਦਾ ਮਜ਼ਾਕ ਉਡਾਉਣ ਲੱਗੇ। ਉਹਨਾਂ ਵਿੱਚ ਜੋ ਕੁੜੀਆਂ ਸਨ ਉਹਨਾਂ ਨੇ ਤਾਂ ਉਸਦੀਆਂ ਫੋਟੋਆਂ ਵੀ ਕਰ ਲਈਆਂ ਤੇ ਮਜ਼ਾਕ ਵਿੱਚ ਉਸਦੀਆਂ ਫੋਟੋਆਂ ਉਪਰ ਹੈਡਿੰਗ 'ਗਰੈਜੂਏਟ ਚਾਹ ਵਾਲੀ' ਲਿਖ ਸ਼ੋਸ਼ਲ ਸਾਇਟ ਤੇ ਪਾ ਦਿੱਤੀਆਂ। ਹਰ ਇੱਕ ਨੂੰ ਟੈਗ ਕਰਦਿਆਂ ਕਰਦਿਆਂ ਤਕਰੀਬਨ ਹਰ ਪਾਸੇ ਨਿਮਰ ਦੀ ਚਰਚਾ ਹੋਣ ਲੱਗੀ ਸੀ। ਕਈਆਂ ਨੇ ਫੋਟੋ ਹੇਠਾਂ ਉਸ ਦੀ ਬੁਰਾਈ ਕੀਤੀ ਅਤੇ ਕਈਆਂ ਨੇ ਉਸਦੇ ਇਸ ਕੰਮ ਨੂੰ ਸ਼ਲਾਘਾਯੋਗ ਕਿਹਾ। ਸ਼ਾਇਦ ਉਹਨਾਂ ਨੂੰ ਇਹ ਨਹੀਂ ਪਤਾ ਸੀ ਕਿ ਹੌਲੀ ਹੌਲੀ ਫੇਸਬੁੱਕ ਤੇ ਮਜ਼ਾਕ ਵਿੱਚ ਪਾਈ ਫੋਟੋ ਨਿਮਰ ਦੀ ਜਿੰਦਗੀ ਬਦਲ ਦੇਵੇਗੀ ।ਹਾਲਾਂਕਿ ਕਈ ਲੋਕਾਂ ਨੇ ਕੁਮੈਂਟਸ ਵਿੱਚ ਉਸਦਾ ਮਜ਼ਾਕ ਉਡਾਇਆ ਕਈਆਂ ਨੇ ਤਾਰੀਫ਼ ਵੀ ਕੀਤੀ ।ਸ਼ੋਸ਼ਲ ਸਾਇਟ ਤੇ ਘੁੰਮਦੀ ਉਸਦੀ ਫੋਟੋ ਉਸਦੇ ਛੋਟੇ ਸ਼ਹਿਰ ਤੋਂ ਵੱਡੇ ਸ਼ਹਿਰਾਂ ਫਿਰ ਦੇਸ਼ ਅਤੇ ਫਿਰ ਬਾਹਰਲੇ ਦੇਸ਼ਾਂ ਵਿੱਚ ਵੀ ਮਸ਼ਹੂਰ ਕਰ ਦਿੱਤਾ ।ਫਿਰ ਇਕ ਦਿਨ ਉਸਦੀ ਪ੍ਰਤਿਭਾ ਉਸਦੀ ਕਾਬਲੀਅਤ ਤੇ ਇਕ ਗੋਰੇ ਅੰਗਰੇਜ਼ ਸ਼ੈੱਫ ਦੀ ਨਜ਼ਰ ਪਈ, ਉਹ ਨਿਮਰ ਦੇ ਇਸ ਹੁਨਰ ਤੋਂ ਬਹੁਤ ਪ੍ਰਭਾਵਿਤ ਹੋਇਆ। ਖਾਸ ਤੌਰ ਤੇ ਉਸਨੂੰ ਮਿਲਣ ਲਈ ਉਹ ਭਾਰਤ ਆਇਆ। ਕਿਸੇ ਹੀਲੇ ਵਸੀਲੇ ਨਾਲ ਉਸ ਨਿਮਰ ਦੇ ਘਰ ਦਾ, ਉਸਦੀ ਸਟਾਲ ਦਾ ਪਤਾ ਲੱਭਿਆ। ਫਿਰ ਉਹ ਉਸ ਨੂੰ ਮਿਲਣ ਪਹਿਲਾਂ ਉਸਦੇ ਘਰ ਗਿਆ। ਫਿਰ ਜਿਥੇ ਉਹ ਕੰਮ ਕਰਦੀ ਸੀ ਉਥੇ ਗਿਆ। ਉਸਨੇ ਉਸਦੇ ਹੱਥ ਦੀ ਬਣੀ ਹਰ ਤਰ੍ਹਾਂ ਦੀ ਚਾਹ ਪੀਤੀ ਜਿਸਨੂੰ ਪੀ ਕੇ ਉਹ ਹੋਰ ਵੀ ਜ਼ਿਆਦਾ ਖੁਸ਼ ਹੋਇਆ। ਉਸਨੇ ਨਿਮਰ ਦੇ ਕੰਮ ਤੋਂ ਖੁਸ਼ ਹੁੰਦਿਆਂ ਆਪਣੇ ਹੋਟਲ ਵਿੱਚ ਮੂੰਹ ਮੰਗੀ ਤਨਖਾਹ ਤੇ ਕੰਮ ਕਰਨ ਦਾ ਨਿਮੰਤਰਣ ਦਿੱਤਾ, ਹੋਰ ਤੇ ਹੋਰ ਉਸਨੂੰ ਰਹਿਣ ਲਈ ਮੁਫਤ ਵਿੱਚ ਘਰ ਵੀ ਦੇਣਾ ਕੀਤਾ। ਨਿਮਰ ਨੂੰ ਆਪਣੇ ਕੰਨਾਂ ਤੇ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਉਸਦੇ ਹੱਥ ਦੀ ਬਣਾਈ ਚਾਹ ਉਸਨੂੰ ਇਸ ਤਰ੍ਹਾਂ ਮਸ਼ਹੂਰ ਬਣਾ ਦੇਵੇਗੀ । ਉਸਨੇ ਆਪਣੇ ਪਿਤਾ ਨਾਲ ਸਲਾਹ ਕਰਕੇ ਉਸ ਅੰਗਰੇਜ਼ ਨੂੰ ਜਵਾਬ ਦੇਣ ਲਈ ਕਿਹਾ।ਨਿਮਰ ਨੇ ਆਪਣੇ ਪਿਤਾ ਸਾਹਮਣੇ ਸਾਰੀ ਘਟਨਾ ਦੱਸੀ ਜਿਸਨੂੰ ਸੁਣ ਕੇ ਉਹ ਬੜਾ ਖੁਸ਼ ਹੋਇਆ।

ਆਪਣੀ ਧੀ ਦੀ ਕਾਬਲੀਅਤ ਦਾ ਮੁੱਲ ਪੈਂਦਾ ਵੇਖ ਉਸਦਾ ਸੀਨਾ ਮਾਣ ਨਾਲ ਹੋਰ ਫੁੱਲ ਗਿਆ। ਉਸਨੇ ਖੁਸ਼ੀ ਖੁਸ਼ੀ ਨਿਮਰ ਨੂੰ ਅੱਗੇ ਵੱਧਣ ਦਾ ਅਸ਼ੀਰਵਾਦ ਦਿੱਤਾ ਅਤੇ ਗੋਰੇ ਅੰਗਰੇਜ਼ ਲਈ ਕੰਮ ਕਰਨ ਲਈ ਸਹਿਮਤੀ ਦੇ ਦਿੱਤੀ। ਅੱਜ ਪੂਰੇ ਪੰਜ ਸਾਲ ਹੋ ਗਏ ਨਿਮਰ ਨੂੰ ਕੰਮ ਕਰਦੀ ਨੂੰ, ਪਰ ਆਪਣੇ ਬਣਾਏ ਰੈਸਟੋਰੈਂਟ ਵਿਚ। ਕਈ ਸ਼ਹਿਰਾਂ ਵਿੱਚ ਉਸਦੇ ਚਾਹ ਦੀਆਂ ਦੁਕਾਨਾਂ ਹਨ। ਆਪਣੀ ਮਿਹਨਤ ਸਦਕਾ ਅੱਜ ਉਸ ਕੋਲ ਆਪਣਾ ਖੁਦ ਦਾ ਬਿਜਨੇਸ, ਆਲੀਸ਼ਾਨ ਘਰ,ਕਈ ਗੱਡੀਆਂ ਤੇ ਖੁਦ ਦੀ ਪਹਿਚਾਣ ਹੈ।

# ਪਿੱਤਰਾਂ ਦਾ ਰਿਣ



ਗੁਰਲਾਲ ਸਿੰਘ ਬਰਾੜ
91

ਜਦੋਂ ਅਸੀਂ ਭਾਰਤ ਦੀ ਜੰਗ-ਏ-ਅਜ਼ਾਦੀ ਦੇ ਇਤਿਹਾਸ ਨੂੰ ਪੜ੍ਹਦੇ-ਸੁਣਦੇ ਹਾਂ ਤਾਂ ਇਸ ਵਿੱਚ ਹਿੱਸਾ ਲੈਣ ਵਾਲ਼ਾ ਹਰ ਇੱਕ ਦੇਸ਼-ਭਗਤ ਨਾਇਕ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਸਿਤਮ ਦੀ ਹੱਦ ਐ ਕਿ ਦੇਸ਼ ਅਜ਼ਾਦ ਕਰਾਉਣ ਲਈ ਆਪਾ ਵਾਰਨ ਵਾਲ਼ੇ ਇਹਨਾਂ ਦੇਸ਼-ਭਗਤਾਂ ਦਾ ਇਤਿਹਾਸ ਸਮੇਂ ਦੀ ਧੂੜ ਹੇਠ ਦੱਬਿਆ ਗਿਆ/ ਦੱਬ ਦਿੱਤਾ ਗਿਆ ਅਤੇ ਸਾਮਰਾਜਵਾਦੀ ਬਰਤਾਨਵੀ ਹੁਕਮਰਾਨਾਂ ਨਾਲ਼ ਸਮਝੌਤਾਵਾਦੀ ਪਹੁੰਚ ਰੱਖਣ ਵਾਲ਼ੇ ਹੀ ਅਜ਼ਾਦੀ ਸੰਗਰਾਮ ਦੇ ਸਭ ਕੁਝ ਬਣਾ ਦਿੱਤੇ ਗਏ। ਹਿਰਖ਼ ਅਤੇ ਉਲਾਹਮੇ ਵਾਲ਼ੀ ਸੋਚ ਛੱਡ ਕੇ ਗੁਰਲਾਲ ਸਿੰਘ ਬਰਾੜ ਨੇ ਕਾਮਾਗਾਟਾਮਾਰੂ ਸੰਘਰਸ਼ ਵਿੱਚ ਆਗੂ ਨਾਇਕ ਵਜੋਂ ਕੰਮ ਕਰਨ ਵਾਲ਼ੇ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ) ਬਾਰੇ ਖੋਜ ਕਰਕੇ ਇਹ ਕਿਤਾਬ ਲਿਖੀ ਹੈ। ਭਾਈ ਦਲਜੀਤ ਸਿੰਘ ਬਾਬਾ ਗੁਰਦਿੱਤ ਸਿੰਘ ਤੋਂ ਬਾਅਦ ਇਸ ਸੰਘਰਸ਼ ਵਿੱਚ ਦੂਜੇ ਪ੍ਰਮੁੱਖ ਨੇਤਾ ਸਨ ਜਿੰਨ੍ਹਾਂ ਨੇ ਬਜਬਜ ਘਾਟ ਦੇ ਸਾਕੇ ਤੋਂ ਬਾਅਦ ਰੂਪੋਸ਼ ਰਹਿਣ ਮਗਰੋਂ ਜਨਤਕ ਜੀਵਨ ਸ਼ੁਰੂ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸੁਧਾਰ ਲਹਿਰ, ਦੇਸ਼-ਭਗਤ ਪਰਿਵਾਰ ਸਹਾਇਕ ਕਮੇਟੀ 'ਚ ਮੋਹਰੀ ਰੋਲ ਅਦਾ ਕੀਤਾ। ਦੇਸ਼-ਭਗਤਾਂ ਦੇ ਪਰਿਵਾਰਾਂ ਨੂੰ ਆਈਆਂ ਔਕੜਾਂ ਦੀ ਤਾਂ ਕੋਈ ਥਾਹ ਹੀ ਨਹੀਂ ਪਾ ਸਕਦਾ।

3 ਅਕਤੂਬਰ 1977 ਨੂੰ ਭਾਈ ਦਲਜੀਤ ਸਿੰਘ ਦੇ ਪਿੰਡ ਕਾਉਣੀ 'ਚ ਜਨਮਿਆਂ ਗੁਰਲਾਲ ਸਿੰਘ ਬਰਾੜ ਇਤਿਹਾਸ ਅਤੇ ਪੰਜਾਬੀ 'ਚ ਪੋਸਟ ਗ੍ਰੈਜੂਏਟ ਹੈ। ਧਾਰਮਿਕ ਸਾਹਿਤ ਦੇ ਨਾਲ਼-ਨਾਲ਼ ਸਮਾਜਿਕ ਸਰੋਕਾਰਾਂ 'ਤੇ ਕਵਿਤਾ ਅਤੇ ਗ਼ਜ਼ਲ ਲਿਖਦਾ ਹੈ। ਕੇਂਦਰ ਸਰਕਾਰ ਦੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਅਧੀਨ ਜਵਾਹਰ ਨਵੋਦਿਆ ਵਿਦਿਆਲਿਆ ਸ੍ਰੀ ਗੋਇੰਦਵਾਲ ਸਾਹਿਬ ( ਜ਼ਿਲ੍ਹਾ ਤਰਨਤਾਰਨ ) ਵਿਖੇ ਪੰਜਾਬੀ ਅਧਿਆਪਕ ਵਜੋਂ ਸੇਵਾਵਾਂ ਦੇ ਰਿਹਾ ਹੈ।

**– ਮਲਵਿੰਦਰਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ**

ਇਤਿਹਾਸ ਦੇ ਹਰ ਪੜਾਅ ਵਿੱਚ ਕੁਝ ਅਜਿਹੇ ਜਾਂਬਾਜ਼ ਨਾਇਕ ਹੁੰਦੇ ਹਨ, ਜਿੰਨ੍ਹਾਂ ਨੂੰ ਉਹਨਾਂ ਦੀ ਕੁਰਬਾਨੀ ਅਤੇ ਸ਼ੰਘਰਸ਼ ਦੇ ਅਨੁਪਾਤ ਵਿੱਚ ਪ੍ਰਸਿੱਧੀ ਨਹੀਂ ਮਿਲਦੀ। ਉਂਝ ਉਹਨਾਂ ਨੇ ਸ਼ੋਹਰਤ ਦੀ ਪ੍ਰਾਪਤੀ ਖ਼ਾਤਿਰ ਇਹ ਰਾਹ ਅਖਤਿਆਰ ਨਹੀਂ ਕੀਤਾ ਹੁੰਦਾ। ਅਜਿਹੇ ਲੋਕ ਤਾਂ ਉਹਨਾਂ ਪ੍ਰਸਥਿਤੀਆਂ ਦੇ ਪ੍ਰਤੀਕਰਮ ਹੁੰਦੇ ਹਨ ਜਿੰਨ੍ਹਾਂ ਨੂੰ ਪ੍ਰਵਾਨ ਕਰਨਾਂ ਕਿਸੇ ਵੀ ਜਾਗਦੀ ਜ਼ਮੀਰ ਨੂੰ ਗਵਾਰਾ ਨਹੀਂ ਹੁੰਦਾ।ਅਜਿਹੇ ਮਨੁੱਖ ਮੁਢਲੇ ਦੌਰ ਵਿੱਚ ਤਾਂ ਘਰੋਂ ਦੁਨਿਆਵੀ ਸੌਦੇ ਕਰਨ ਲਈ ਹੀ ਨਿਕਲਦੇ ਹਨ ਪਰ ਹਾਲਾਤ ਉਹਨਾਂ ਨੂੰ ਤਿਆਗ਼, ਕੁਰਬਾਨੀ ਅਤੇ ਸੱਚ ਦੇ ਸੌਦੇ ਕਰਨ ਦੇ ਰਾਹ 'ਤੇ ਤੋਰ ਲੈਂਦੇ ਹਨ। ਅਜਿਹੇ ਵਿਅਕਤੀ ਇਤਿਹਾਸ ਲਿਖਦੇ ਨਹੀਂ, ਇਤਿਹਾਸ ਸਿਰਜਦੇ ਹਨ। ਇਹ ਜ਼ਿੰਮੇਵਾਰੀ ਤਾਂ ਉਹਨਾਂ ਦੇ ਵਾਰਸਾਂ ਦੀ ਬਣਦੀ ਹੈ ਕਿ ਉਹਨਾਂ ਦੇ ਗੌਰਵਸ਼ਾਲੀ ਕਾਰਨਾਮਿਆਂ ਨੂੰ ਸਾਂਭ ਕੇ ਆਉਣ ਵਾਲ਼ੀਆਂ ਪੀੜ੍ਹੀਆਂ ਦੇ ਸਨਮੁੱਖ ਕਰਨ।

ਹੱਥਲੀ ਪੁਸਤਕ ਵਿੱਚ ਇਤਿਹਾਸ ਦੇ ਜਿਸ ਨਾਇਕ ਦੀ ਬਾਤ ਪਾਈ ਗਈ ਹੈ, ਉਸ ਨਾਲ਼ ਵੀ ਕੁਝ ਅਜਿਹਾ ਹੀ ਵਾਪਰਿਆ ਕਿ ਉਸਦੀ ਮੁੱਲਵਾਨ ਕੁਰਬਾਨੀ ਦੇ ਬਾਵਜੂਦ ਉਸਨੂੰ ਇਤਿਹਾਸ ਵਿੱਚ ਬਣਦਾ ਸਥਾਨ ਨਹੀਂ ਮਿਲਿਆ। ਅੱਜ ਤੋਂ ਲਗਭਗ ਸਵਾ ਸੌ ਸਾਲ ਪਹਿਲਾਂ ਸਿੱਖ-ਸਮਾਜ ਦੀਆਂ ਧੀਆਂ ਦੀ ਪੜ੍ਹਾਈ-ਲਿਖਾਈ ਅਤੇ ਔਰਤਾਂ ਦੇ ਅਧਿਕਾਰਾਂ ਦੀ ਗੱਲ ਕਰਨ ਵਾਲ਼ੇ ਕਲਮਕਾਰ, ਭਾਰਤੀ ਅਜ਼ਾਦੀ ਦੇ ਇਤਿਹਾਸ ਦੀ ਅਹਿਮ ਘਟਨਾਂ 'ਸਾਕਾ ਕਾਮਾਗਾਟਾਮਾਰੂ' ਦੇ ਸਹਿ-ਨਾਇਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੋਢੀ ਮੈਂਬਰ, ਸ਼੍ਰੋਮਣੀ ਅਕਾਲੀ ਦਲ ਦੇ ਵਾਈਸ ਪ੍ਰੈਜੀਡੈਂਟ, ਜੈਤੋ ਦੇ ਮੋਰਚੇ ਦੇ ਮੁੱਖ ਪ੍ਰਬੰਧਕ ਅਤੇ ਕੌਮ ਲਈ ਲੰਮੀਆਂ ਕੈਦਾਂ ਕੱਟਣ ਵਾਲ਼ੇ ਇਸ ਜੁਝਾਰੂ ਸੂਰਮੇ ਦੇ ਜੀਵਨ 'ਤੇ ਕੋਈ ਕਿਤਾਬ ਤਾਂ ਛੱਡੋ, ਅੱਜ ਤੱਕ ਕੋਈ ਚੱਜ-ਹਾਲ ਦਾ ਲੇਖ ਵੀ ਨਹੀਂ ਲਿਖਿਆ ਗਿਆ। ਇਹ ਇੱਕ ਵੱਡੀ ਇਤਿਹਾਸਕ ਅਣਗਹਿਲੀ ਹੈ।

ਛੋਟੇ ਹੁੰਦਿਆਂ ਭਾਪਾ ਜੀ ਨਾਲ਼ 'ਸਾਗਰ ਆਲ਼ੇ ਖੇਤ' ਜਾਂਦੇ ਤਾਂ ਤਾਇਆ ਅਮਰ ਸਿੰਘ (ਸ. ਦਲਜੀਤ ਸਿੰਘ ਜੀ ਦੇ ਬੇਟੇ, ਜੋ ਦਿਮਾਗੀ ਤੌਰ 'ਤੇ ਥੋੜ੍ਹੇ ਪ੍ਰੇਸ਼ਾਨ ਰਹਿੰਦੇ ਸਨ) ਸਾਡੇ ਕੋਲ਼ ਆ ਬਹਿੰਦਾ। ਉਹ ਕਿੰਨਾ ਚਿਰ ਸਾਡੇ ਨਾਲ਼ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਹਿੰਦਾ ਤੇ ਫਿਰ ਚਲ਼ਾ ਜਾਂਦਾ। ਉਸਦੇ ਜਾਣ ਤੋਂ ਬਾਅਦ ਭਾਪਾ ਜੀ ਤਾਏ ਅਮਰ ਸਿੰਘ ਦੇ ਪਿਤਾ ਸ. ਦਲਜੀਤ ਸਿੰਘ (ਪਿੰਡ ਵਿੱਚ ਉਹਨਾਂ ਦਾ ਨਾਮ ਸ. ਰਾਏ ਸਿੰਘ ਹੀ ਪ੍ਰਚਲਿਤ ਹੈ) ਬਾਰੇ ਗੱਲਾਂ ਸੁਣਾਉਣ ਲੱਗ ਜਾਂਦੇ, ਜਿੰਨ੍ਹਾਂ ਵਿੱਚੋਂ ਕਾਮਾਗਾਟਾਮਾਰੂ ਵਾਲ਼ੀ ਘਟਨਾ ਹੀ ਅਕਸਰ ਦੁਹਰਾਈ ਜਾਂਦੀ।

ਇਸ ਤਰ੍ਹਾਂ ਇਹ ਨਾਮ ਬਚਪਨ ਤੋਂ ਹੀ ਦਿਲ-ਦਿਮਾਗ਼ ਵਿੱਚ ਬੈਠ ਗਿਆ। ਫਿਰ ਸਕੂਲ ਦੀ ਪੜ੍ਹਾਈ ਅਤੇ ਸਕੂਲ ਤੋਂ ਕਾਲਜ ਦਾ ਸਫ਼ਰ ਤੈਅ ਕਰਦਿਆਂ ਕਈ ਵਰ੍ਹੇ ਗੁਜ਼ਰ ਗਏ। ਇਸ ਦੌਰਾਨ ਤਾਇਆ ਅਮਰ ਸਿੰਘ ਵੀ ਚੜ੍ਹਾਈ ਕਰ ਗਿਆ ਅਤੇ ਸ. ਰਾਏ ਸਿੰਘ ਦੀਆਂ ਬਾਤਾਂ ਪਾਉਣ ਵਾਲ਼ੇ ਪਿੰਡ ਦੇ ਹੋਰ ਚਸ਼ਮਦੀਦ ਚਿਹਰੇ ਵੀ ਹੌਲ਼ੀ-ਹੌਲ਼ੀ ਅਲੋਪ ਹੁੰਦੇ ਗਏ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਜਦੋਂ ਬੇਰੁਜ਼ਗ਼ਾਰੀ ਦੇ ਢਹੇ ਚੜ੍ਹੇ ਤਾਂ ਤਿੰਨ ਮਿੱਤਰਾਂ ਨੇ ਰਲ਼ ਕੇ ਸਕੂਲ ਖੋਲ੍ਹਣ ਦਾ ਫ਼ੈਸਲਾ ਕਰ ਲਿਆ ਅਤੇ ਸਕੂਲ ਦਾ ਨਾਮ ਰੱਖਿਆ 'ਦੇਸ਼ ਭਗਤ ਰਾਏ ਸਿੰਘ ਪਬਲਿਕ ਸਕੂਲ' । ਹੈਰਾਨੀ ਦੀ ਗੱਲ ਹੈ ਕਿ ਦੂਜਾ ਹੋਰ ਕੋਈ ਨਾਮ ਹੀ ਨਹੀਂ ਸੀ, ਜੋ ਸਾਡੇ ਤਿੰਨਾਂ ਮਿੱਤਰਾਂ ਦੇ ਜ਼ਿਹਨ ਵਿੱਚ ਆਇਆ ਹੋਵੇ। ਸਕੂਲ ਸ਼ੁਰੂ ਕਰਨ ਵੇਲ਼ੇ ਅਸੀਂ ਸ. ਰਾਏ ਸਿੰਘ ਬਾਰੇ ਕੁਝ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ , ਜਿਸ ਵਿੱਚ ਜ਼ਿਆਦਾ ਸਫ਼ਲਤਾ ਨਾ ਮਿਲੀ ਪਰ ਸਕੂਲ ਦੇ ਨਾਲ਼-ਨਾਲ਼ ਸ.ਰਾਏ ਸਿੰਘ ਬਾਰੇ ਕੁਝ ਨਾ ਕੁਝ ਲਿਖਣ ਦੀ ਰੀਝ ਦਿਲ ਵਿੱਚ ਉੱਸਲਵੱਟੇ ਲੈਂਦੀ ਰਹੀ। 2007 ਵਿੱਚ ਮੈਂ ਸਰਕਾਰੀ ਨੌਕਰੀ ਵਿੱਚ ਆ ਗਿਆ (ਇਹ ਸਕੂਲ ਅੱਜ ਵੀ ਸੀ.ਬੀ.ਐਸ.ਸੀ. ਦੀ ਮਾਨਤਾ ਅਧੀਨ ਇਲਾਕੇ ਦੇ ਨਾਮਵਰ ਸਕੂਲ ਵਜੋਂ ਸੇਵਾਵਾਂ ਦੇ ਰਿਹਾ ਹੈ ਅਤੇ ਇਸ ਸਕੂਲ ਨੂੰ ਸ. ਦਲਜੀਤ ਸਿੰਘ ਦੇ ਪੜਪੋਤੇ ਅਤੇ ਪੜਪੋਤੀ ਨੂੰ ਪੜ੍ਹਾਉਣ ਦਾ ਮਾਣ ਹਾਸਲ ਹੈ)

ਸਾਲ 2015 ਦੇ ਮਈ ਮਹੀਨੇ ਦੌਰਾਨ ਮਹਿਕਮੇ ਵੱਲੋਂ ਮੰਡੀ (ਹਿਮਾਚਲ) ਵਿੱਚ ਲੱਗੇ ਇੰਡਕਸ਼ਨ ਕੋਰਸ ਦੌਰਾਨ ਸ੍ਰੀ ਸੀਤਾ ਰਾਮ ਬਾਂਸਲ ਜੀ ਨਾਲ਼ ਮੇਲ ਹੋਇਆ। ਸ੍ਰੀ ਸੀਤਾ ਰਾਮ ਬਾਂਸਲ ਜੀ ਦੇ ਅੰਦਰ ਦੇਸ਼-ਭਗਤਾਂ ਦੀ ਵਿਚਾਰਧਾਰਾ ਅਤੇ ਅਣਗੌਲ਼ੇ ਦੇਸ਼-ਭਗਤਾਂ ਦੀਆਂ ਜੀਵਨੀਆਂ ਨੂੰ ਜਨ-ਸਧਾਰਨ ਤੱਕ ਪਹੁੰਚਾਉਣ ਦਾ ਇੱਕ ਜਨੂੰਨ ਹੈ। ਵਿਚਾਰਾਂ ਦੀ ਸਾਂਝ ਸਦਕਾ ਅਸੀਂ ਛੇਤੀ ਹੀ ਇੱਕ ਦੂਜੇ ਦੇ ਨੇੜੇ ਹੋ ਗਏ। ਫਿਰ ਇੱਕ ਦਿਨ ਬਾਂਸਲ ਜੀ ਮੇਰੇ ਘਰ ਆਏ ਅਤੇ ਉਹਨਾਂ ਨੇ ਆਪਣੀ ਨਵੀਂ ਸੰਪਾਦਿਤ ਪੁਸਤਕ 'ਬੱਬਰ ਅਕਾਲੀ ਲਹਿਰ ਅਤੇ ਸ਼ਹੀਦ ਕਰਤਾਰ ਸਿੰਘ ਚੱਕ ਕਲ਼ਾਂ ਤੇ ਸਾਥੀਆਂ ਦੀ ਕੁਰਬਾਨੀ' ਮੈਨੂੰ ਭੇਟ ਕੀਤੀ। ਗੱਲਾਂ-ਬਾਤਾਂ ਦੌਰਾਨ ਜਦੋਂ ਸ. ਰਾਏ ਸਿੰਘ ਦਾ ਜ਼ਿਕਰ ਹੋਇਆ ਤਾਂ ਉਹ ਚੌਂਕ ਕੇ ਬੋਲੇ, " ਹੈਂ ! ਉਹ ਮਹਾਨ ਦੇਸ਼ ਭਗਤ ਤੇਰੇ ਪਿੰਡ ਦਾ ਸੀ ?" "ਨਹੀਂ ਜੀ, ਮੈਂ ਉਹਨਾਂ ਦੇ ਪਿੰਡ ਦਾ ਹਾਂ।" ਮੈਂ ਨਿਮਰਤਾ ਨਾਲ਼ ਜਵਾਬ ਦਿੱਤਾ ਅਤੇ ਨਾਲ਼ ਹੀ ਗ਼ਿਲਾ ਕੀਤਾ ਕਿ ਉਹਨਾਂ ਦੇ ਜੀਵਨ 'ਤੇ ਅੱਜ ਤੱਕ ਕੋਈ ਵੀ ਪੁਸਤਕ ਨਹੀਂ ਛਪੀ। "ਫਿਰ ਤੂੰ ਹੀ ਕਰ ਇਹ ਕੰਮ" ਇਹ ਕਹਿ ਕੇ ਉਹਨਾਂ ਮੈਨੂੰ ਥਾਪੀ ਦਿੱਤੀ।

ਫਿਰ ਉਹਨਾਂ ਦੇ ਜ਼ਰੀਏ ਹੀ 'ਗ਼ਦਰੀਆਂ ਦੇ ਮੁਨਸ਼ੀ' ਦੇ ਨਾਮ ਨਾਲ਼ ਜਾਣੇ ਜਾਂਦੇ ਪ੍ਰਸਿੱਧ ਇਤਿਹਾਸਕਾਰ ਸ. ਮਲਵਿੰਦਰਜੀਤ ਸਿੰਘ ਵੜੈਚ ਜੀ ਨਾਲ਼ ਰਾਬਤਾ ਬਣਿਆਂ, ਜਿੰਨ੍ਹਾਂ ਦੀ ਹੱਲਾਸ਼ੇਰੀ, ਦਿਸ਼ਾ ਨਿਰਦੇਸ਼ ਅਤੇ ਯੋਗ ਰਾਹਨੁਮਾਈ ਸਦਕਾ ਅੱਜ ਇਹ ਪੁਸਤਕ ਤੁਹਾਡੇ ਹੱਥਾਂ ਵਿੱਚ ਹੈ।


ਸ. ਦਲਜੀਤ ਸਿੰਘ ਨੂੰ ਇਤਿਹਾਸ ਵਿੱਚ ਦੋ ਨਾਵਾਂ ਨਾਲ਼ ਜਾਣਿਆਂ ਜਾਂਦਾ ਹੈ। 28 ਸਤੰਬਰ 1914 ਦੇ 'ਬਜਬਜ ਘਾਟ' ਦੇ ਸਾਕੇ ਤੱਕ ਉਹ ਦਲਜੀਤ ਸਿੰਘ ਵਜੋਂ ਜਾਣੇ ਜਾਂਦੇ ਹਨ। ਇਸ ਤੋਂ ਬਾਅਦ ਵਿੱਚ ਮਫ਼ਰੂਰੀ ਦੇ ਦੌਰਾਨ ਅਤੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਉਹਨਾਂ ਦਾ ਨਾਮ ਸ. ਰਾਏ ਸਿੰਘ ਪ੍ਰਚਲਿਤ ਹੈ। ਇਸ ਪੁਸਤਕ ਵਿੱਚ ਵੀ ਬਜਬਜ ਘਟਨਾਂ ਤਕ ਉਹਨਾਂ ਨੂੰ ਦਲਜੀਤ ਸਿੰਘ ਅਤੇ ਬਾਅਦ ਦੇ ਜੀਵਨ ਦੌਰਾਨ ਸ. ਰਾਏ ਸਿੰਘ ਨਾਮ ਨਾਲ਼ ਸੰਬੋਧਿਤ ਕੀਤਾ ਗਿਆ ਹੈ।

ਸਰਦਾਰ ਜੀ ਦੇ ਪਰਿਵਾਰਿਕ ਮੈਂਬਰਾਂ ਦੇ ਦੱਸਣ ਅਨੁਸਾਰ ਉਹਨਾਂ ਦਾ ਮੁਢਲਾ ਨਾਮ ਸ. ਰਾਏ ਸਿੰਘ ਹੀ ਸੀ। ਅਕਾਲੀ ਆਗੂ ਸਾਜ਼ਸ਼ ਕੇਸ ਵਿੱਚ ਆਪਣੇ ਲਿਖਤੀ ਬਿਆਨ ਵਿੱਚ ਸਰਦਾਰ ਜੀ ਨੇ ਆਪਣੇ ਪਿੰਡ ਦਾ ਨਾਮ (ਸੁਹਾਗ) ਫ਼ਰਜ਼ੀ ਹੀ ਦੱਸਿਆ ਹੈ। ਸੰਭਵ ਹੈ ਕਿ ਬਾਬਾ ਗੁਰਦਿੱਤ ਸਿੰਘ ਦੇ ਸਹਿਯੋਗ ਲਈ ਹਾਂਗਕਾਂਗ ਨੂੰ ਜਾਣ ਸਮੇਂ ਉਹਨਾਂ ਆਪਣਾ ਪਾਸਪੋਰਟ ਫ਼ਰਜ਼ੀ ਨਾਮ (ਦਲਜੀਤ ਸਿੰਘ) ਅਤੇ ਪਤੇ 'ਤੇ ਹੀ ਬਣਵਾਇਆ ਹੋਵੇ।ਅਕਾਲੀ ਆਗੂ ਸਾਜ਼ਸ਼ ਕੇਸ ਵਿੱਚ ਸ. ਦਲਜੀਤ ਸਿੰਘ ਦੱਸਦੇ ਹਨ ਕਿ ਜਦੋਂ ਉਹ ਹਾਂਗਕਾਂਗ ਵਿਖੇ ਬਾਬਾ ਗੁਰਦਿੱਤ ਸਿੰਘ ਨੂੰ ਮਿਲੇ ਤਾਂ ਉਹ ਅਮਰੀਕਾ ਪੜ੍ਹਨ ਲਈ ਜਾ ਰਹੇ ਸਨ। ਇਸੇ ਤਰ੍ਹਾਂ ਉਹ ਜੁਲਾਈ 1923 ਵਿੱਚ ਆਪਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਮੈਂਬਰ ਚੁਣੇ ਜਾਣਾ ਦੱਸਦੇ ਹਨ ਪਰ ਇਸ ਕੇਸ ਨੂੰ ਅਤੇ ਸਮਕਾਲੀ ਇਤਿਹਾਸ ਨੂੰ ਗਹੁ ਨਾਲ਼ ਵਾਚਿਆਂ ਪਤਾ ਲੱਗਦਾ ਹੈ ਕਿ ਸ. ਦਲਜੀਤ ਸਿੰਘ ਅਤੇ ਬਾਕੀ ਅਕਾਲੀ ਆਗੂਆਂ ਨੇ ਕਿਸੇ ਸੋਚੀ-ਸਮਝੀ ਰਣ-ਨੀਤੀ ਤਹਿਤ ਬਹੁਤ ਸਾਰੇ ਤੱਥ ਜਾਣ-ਬੁੱਝ ਕੇ ਛੁਪਾਏ ਸਨ।

ਇਸ ਪੁਸਤਕ ਨੂੰ ਨੇਪਰੇ ਚਾੜ੍ਹਨ ਵਿੱਚ ਦੇਸ਼ ਭਗਤ ਯਾਦਗ਼ਾਰ ਹਾਲ ਜਲੰਧਰ ਦੇ ਸਮੂਹ ਸਟਾਫ਼ ਦੇ ਨਾਲ਼-ਨਾਲ਼ ਲਾਇਬ੍ਰੇਰੀਅਨ ਸ੍ਰੀਮਤੀ ਬਲਵਿੰਦਰ ਕੌਰ ਬਾਂਸਲ ਜੀ ਦਾ ਵਿਸੇਸ਼ ਤੌਰ 'ਤੇ ਧੰਨਵਾਦ ਕਰਦਾ ਹਾਂ , ਜਿੰਨ੍ਹਾਂ ਮੇਰੀ ਹਰ ਫ਼ੇਰੀ 'ਤੇ ਕਿਤਾਬਾਂ ਦਾ ਇੱਕ ਸੈੱਟ ਅਤੇ ਚਾਹ ਦਾ ਕੱਪ ਮੇਰੇ ਲਈ ਹਮੇਸ਼ਾ ਤਿਆਰ ਰੱਖਿਆ। ਸ੍ਰੀ ਸੀਤਾ ਰਾਮ ਬਾਂਸਲ ਜੀ ਵੱਲੋਂ ਪ੍ਰੇਰਣਾ ਦੇਣ ਦੇ ਨਾਲ਼-ਨਾਲ਼ ਯੋਗ ਸਲਾਹ ਅਤੇ ਪੁਸਤਕ ਦੀ ਦਿੱਖ ਸੁਆਰਨ ਲਈ ਦਿੱਤੇ ਗਏ ਬਹੁਮੁੱਲੇ ਸਹਿਯੋਗ ਅਤੇ ਸੰਪਾਦਨ ਲਈ ਧੰਨਵਾਦ ਲਫ਼ਜ਼ ਬਹੁਤ ਛੋਟਾ ਹੈ। ਅੰਗਰੇਜ਼ੀ ਦਸਤਾਵੇਜ਼ਾਂ ਦੇ ਪੰਜਾਬੀ ਅਨੁਵਾਦ ਨੂੰ ਸੋਧਣ ਲਈ ਪਿਆਰੇ ਮਿੱਤਰ ਸ. ਵਰਿੰਦਰਪਾਲ ਸਿੰਘ ਦਾ ਤਹਿ ਦਿਲੋਂ ਸ਼ੁਕਰੀਆ। ਸ. ਨਿਹਾਲ ਸਿੰਘ ਚੇਅਰਮੈਨ ਦੇਸ਼ ਭਗਤ ਰਾਏ ਸਿੰਘ ਕਾਨਵੈਂਟ ਸਕੂਲ, ਕਾਉਣੀ (ਮੁਕਤਸਰ) ਦਾ ਯੋਗ ਸਹਾਇਤਾ ਲਈ ਬਹੁਤ-ਬਹੁਤ ਧੰਨਵਾਦ। ਰੈਫ਼ਰੈਂਸ ਲਾਇਬ੍ਰੇਰੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਇੰਚਾਰਜ ਸ. ਇੰਦਰਜੀਤ ਸਿੰਘ ਗੋਗੋਆਣੀ ਤੇ ਸਮੂਹ ਸਟਾਫ਼ ਅਤੇ ਰੈਫ਼ਰੈਂਸ ਲਾਇਬ੍ਰੇਰੀ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਲਾਇਬ੍ਰੇਰੀਅਨ ਡਾ. ਗਿਆਨ ਸਿੰਘ ਅਤੇ ਸਟਾਫ਼ ਦਾ ਲੋੜੀਂਦੀ ਸਮਗਰੀ ਮੁਹਈਆ ਕਰਾਉਣ ਲਈ ਬੇਹਦ ਮਸ਼ਕੂਰ ਹਾਂ। ਇਸ ਤੋਂ ਇਲਾਵਾ ਸਿੱਧੇ-ਅਸਿੱਧੇ ਰੂਪ ਵਿੱਚ ਸਹਿਯੋਗ ਦੇਣ ਵਾਲ਼ੇ ਉਹਨਾਂ ਸਾਰੇ ਸੱਜਣਾ ਦਾ ਧੰਨਵਾਦ, ਜਿੰਨ੍ਹਾ ਦਾ ਇੱਥੇ ਜ਼ਿਕਰ ਹੋਣੋ ਰਹਿ ਗਿਆ ਹੋਵੇ।

ਸ. ਰਾਏ ਸਿੰਘ ਦੇ ਪੋਤਰੇ ਸ. ਦਰਸ਼ਨ ਸਿੰਘ ਅਤੇ ਉਹਨਾਂ ਦੇ ਸਮੂਹ ਪਰਿਵਾਰ ਨੇ ਸਮੇਂ-ਸਮੇਂ 'ਤੇ ਸਰਦਾਰ ਜੀ ਬਾਰੇ ਬਹੁਮੁੱਲੀ ਜਾਣਕਾਰੀ ਸਾਂਝੀ ਕੀਤੀ ਅਤੇ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ। ਇਸ ਫ਼ਰਾਖ਼-ਦਿਲੀ ਲਈ ਦੇਸ਼-ਭਗਤ ਪਰਿਵਾਰ ਦਾ ਬਹੁਤ-ਬਹੁਤ ਧੰਨਵਾਦ।

ਮੈਂ ਇਤਿਹਾਸਕਾਰ ਨਹੀਂ ਹਾਂ, ਇਤਿਹਾਸ ਦਾ ਵਿਦਿਆਰਥੀ ਹਾਂ। ਹਿੰਦੁਸਤਾਨੀ ਫ਼ਲਸਫ਼ੇ ਅਨੁਸਾਰ ਜੇਕਰ ਪਿੱਤਰਾਂ ਦਾ ਸ਼ਰਾਧ ਨਾ ਕੀਤਾ ਜਾਵੇ ਤਾਂ ਉਹਨਾਂ ਦੀਆਂ ਰੂਹਾਂ ਭਟਕਦੀਆਂ ਰਹਿੰਦੀਆਂ ਹਨ। ਕਲਮ ਦੇ ਸ਼ਰਾਧ ਨਾਲ਼ ਸਾਡੇ ਦੇਸ਼ ਭਗਤ ਪਿੱਤਰਾਂ ਦਾ ਰਿਣ ਚੁਕਾਉਣ ਦੀ ਇਹ ਇੱਕ ਤੁੱਛ ਜਿਹੀ ਕੋਸ਼ਿਸ਼ ਹੈ। ਸ. ਦਲਜੀਤ ਸਿੰਘ (ਰਾਏ ਸਿੰਘ) ਦੇ ਜੀਵਨ ਬਾਰੇ ਇਹ ਪੁਸਤਕ ਆਪਣੇ ਸਾਧਨਾਂ ਅਤੇ ਸਮਰਥਾ ਅਨੁਸਾਰ ਪੂਰੀ ਮਿਹਨਤ ਅਤੇ ਦਿਆਨਤਦਾਰੀ ਨਾਲ਼ ਤਿਆਰ ਕੀਤੀ ਗਈ ਹੈ ਪਰ ਅਜੇ ਵੀ ਮੈਨੂੰ ਵੱਡੀ ਉਮੀਦ ਹੈ ਸਰਦਾਰ ਜੀ ਦੇ ਜੀਵਨ ਸੰਬੰਧੀ ਬਹੁਤ ਸਾਰੇ ਅਹਿਮ ਵੇਰਵੇ ਹੋਰ ਵੀ ਕਈ ਥਾਵਾਂ 'ਤੇ ਪਏ ਹੋਣਗੇ ਜੋ ਮੇਰੀ ਨਜ਼ਰ ਵਿੱਚ ਨਹੀਂ ਆ ਸਕੇ। ਇਸ ਲਈ ਉਹਨਾਂ ਦੇ ਜੀਵਨ ਸੰਬੰਧੀ ਜੇਕਰ ਕੋਈ ਹੋਰ ਸੱਜਣ ਲਿਖੇ ਤਾਂ ਵੀ ਅਤੇ ਜੇਕਰ ਅਗ਼ਲੇ ਐਡੀਸ਼ਨ ਲਈ ਉਹ ਵੇਰਵੇ ਮੈਨੂੰ ਭੇਜੇ ਜਾਣ ਤਾਂ ਵੀ, ਤਹਿ ਦਿਲੋਂ ਸ਼ੁਕਰਗੁਜ਼ਾਰ ਹੋਵਾਂਗਾ।




# ਅਗਿਆਨਤਾ ਦਾ ਹਨੇਰਾ



ਇਕ ਰਾਤੀਂ ਮੀਂਹ ਦੀ ਝੜੀ ਲੱਗੀ ਹੋਈ ਸੀ। ਬੁੱਢੀ ਮਾਈ ਦਾ ਕੱਚਾ ਕੋਠਾ ਚੋਅ ਰਿਹਾ ਸੀ। ਉਹ ਬਿੰਦ ਕੁ ਪਿੱਛੋਂ ਕਹਿ ਛੱਡੇ, ''ਸੱਪ ਤੋਂ ਨਾ ਡਰਦੀ, ਸ਼ੀਂਹ ਤੋਂ ਨਾ ਡਰਦੀ'', ਐਹ ਤੁਪਕੇ ਨੇ ਮਾਰੀ।'' ਐਨੇ ਚਿਰ ਨੂੰ ਇਕ ਸ਼ੇਰ ਭਿੱਜਣ ਕਰ ਕੇ ਉਸ ਦੀ ਕੰਧ ਨਾਲ ਓਟ ਲੈ ਕੇ ਖੜ੍ਹ ਗਿਆ। ਉਸ ਨੇ ਜਦੋ ਅੰਦਰੋਂ 'ਵਾਜ਼ ''ਸੱਪ ਤੋਂ ਨਾ ਡਰਦੀ, ਤੁਪਕੇ ਨੇ ਮਾਰੀ'' ਸੁਣੀ ਤਾਂ ਸੋਚਣ ਲੱਗਾ ਕਿ ਇਹ ਬੁਢੜੀ ਨਾ ਸੱਪ ਤੋਂ ਡਰਦੀ ਐ ਤੇ ਨਾ ਮੈਥੋਂ, ਪਰ ਤੁਪਕੇ ਤੋਂ ਡਰੀ ਐ, ਇਹ ਤੁਪਕਾ ਕੀ ਚੀਜ਼ ਹੋਈ?

ਇਹ ਤਾਂ ਮੈਥੋਂ ਤੇ ਸੱਪ ਤੋਂ ਵੀ ਵੱਡ ਹੋਊ।'' ਅਜੇ ਸ਼ੇਰ ਇੰਨਾ ਸੋਚਾਂ 'ਚ ਹੀ ਸੀ ਕਿ ਇਕ ਘੁਮਿਆਰ ਆ ਗਿਆ ਜੀਹਦਾ ਗਧਾ ਗੁਆਚਿਆ ਹੋਇਆ ਸੀ। ਜਦ ਬਿਜਲੀ ਦੀ ਲਿਸ਼ਕ ਸ਼ੇਰ 'ਤੇ ਪਈ ਤਾਂ ਉਹਨੇ ਸੋਚਿਆ ਕਿ ਉਸ ਦਾ ਗਧਾ ਹੀ ਖੜ੍ਹੈ। ਘੁਮਿਆਰ ਛਾਲ ਮਾਰ ਉਹਦੀ ਪਿੱਠ 'ਤੇ ਚੜ੍ਹ ਗਿਆ। ਦੋ-ਤਿੰਨ ਡੰਡੇ ਜ਼ੋਰ-ਜ਼ੋਰ ਦੀ ਜੜਤੇ। ਸ਼ੇਰ ਦੇ ਤਾਂ ਭਾਅ ਦੀ ਬਣਗੀ ਕਿ ਇਹ ਤਾਂ ਤੁਪਕਾ ਆ ਗਿਆ। ਅਚਾਨਕ ਜਦੋ ਸੂਰਜ ਦੀ ਲੋਹ ਫੁੱਟੀ ,ਮਾੜਾ ਮਾੜਾ ਸਵੇਰ ਹੋਇਆ ,ਤਾਂ ਘੁਮਿਆਰ ਨੂੰ ਪਤਾ ਲੱਗਾ ਕਿ ਮੈਤਾਂ ਸ਼ੇਰ ਨੂੰ ਗਧਾ ਸਮਝ ਕੈ ਕੁਟਾਪਾ ਚਾੜ ਦਿਤਾਲ ਉਦੋ ਪੈਰਾਂ ਥੱਲੋ ਜਮੀਨ ਨਿਕਲ ਗਈ ,ਮਸਾਂ ਇਕ ਲੰਮਕਦੇ ਰੁਖ ਦੀ ਟਾਹਣੀ ਨੂੰ ਫੜਕੇ ਜਾਨ ਬਚਾਈ ਲ ਅਤੇ ਦਵਾਦਵ ਘਰ ਜਾ ਵੜਿਆ ਘਰੇ ਪੁੱਜ ਕੇ ਘੁਮਿਆਰ ਤਾਂ ਘਰਵਾਲੀ ਨੂੰ ਆਂਹਦਾ ,, ''ਸ਼ੁਕਰ ਐ, ਅੱਜ ਤਾਂ ਮੈਂ ਬਚਕੇ ਆ ਗਿਆ, ਮੈਂਤਾਂ ਰਾਤ ਸ਼ੇਰ ਨੂੰ ਗਧਾ ਸਮਝ ਕੇ ਕੁੱਟਦਾ ਰਿਹਾਂ ।'' ਉਧਰੋਂ ਸ਼ੇਰ ਆਪਣੇ ਘੁਰਨੇ ਵਿੱਚ ਪੁੱਜ ਸ਼ੇਰਨੀ ਨੂੰ ਕਹਿ ਰਿਹਾ ਸੀ, ''ਸ਼ੁਕਰ ਐ, ਬਚ ਕੇ ਆ ਗਿਆ ਰਾਤ ਤਾਂ ਮੈਂ ਤੁਪਕੇ ਦੇ ਡਿੱਕੇ ਚੜ੍ਹ ਗਿਆ ਸੀ ਬਸ ਏਵੇਂ ਅਗਿਨਾਤਾ ਦੇ ਹਨੇਰੇ ਕਰਕੇ ਸਾਡੇ ਸ਼ੇਰਾਂ ਵਰਗਿਆ ਪੰਜਾਬੀਆਂ ਨੂੰ ਉਦੋ ਤੱਕ ਛਿਤਰ ਪੈਂਦੇ ਰਹਿਣਗੇ, ਸਾਡੇ ਮੋਢਿਆ ਉੱਤੇ ਹੁਕਮਰਾਨ,ਸਾਧ ਬਾਬੇ , ਬੈਠੇ ਸਾਡਾ ਕੁਟਾਪਾ ਉਦੋ ਤੱਕ ਚਾੜਦੇ ਰਹਿਣਗੇ,

ਜਦੋ ਤੱਕ ਅਸੀਂ ਕਿਸੇ ਚਾਚੇ ਤਾਏ ਰਿਸ਼ੇਤਦਾਰਾਂ,ਆਂਢੀਆਂ ਗੁਆਂਢੀਆਂ ਦੇ ਕਹਿਣ ਸੁਣਨ ਨਾਲੋ ,ਖੁਦ ਚੰਗੀਆਂ ਕਿਤਾਬਾ ਘਰ ਵਿਚ ਲਿਆਕੇ ਖੁਦ ਪੜਕੇ, ਦਿਮਾਗ ਦੀ ਬੁਧ ਵਿਚ ਚਾਨਣਾ ਨਹੀ ਕਰਦੇ। ਸਿਆਣੇ ਆਂਹਦੇ ਹੁੰਦੇ ਬੀ ,,ਹਨੇਰੇ ਨੂੰ ਗਾਲਾ ਕਢਣ ਨਾਲੋ ਚੰਗਾ ਤੂਹੀਂ ਦੋ ਦਮੜੇ ਦੀ ਮੋਮਬੱਤੀ ਲਿਆ ਕੈ ਘਰ ਵਿਚ ਜਗਾ ਦਿਊ ,ਆਪਨੇ ਆਪ ਹਨੇਰਾ ਖਤਮ ਹੋ ਜਾਵੇਗਾ।

ਆਪਨੇ ਘਰਾਂ ਅੰਦਰ ਗਿਆਂਨ ਦੀਆ ਵਿਚਾਰਾਂ ਦਾ ਚਾਨਣਾ ਕਰੋ, ਆਪਣੇ ਆਪ ਇਹ ਅਗਿਆਨਤਾ ਦਾ ਹਨੇਰਾ ਦੂਰ ਹੋਵੇਗਾ।

**ਪੇਸ਼ਕਸ- ਜੋਗਿੰਦਰ ਸਿੰਘ ਕੰਵਲ, ਭਰੋ ਮਜਾਰਾ**

# ਸ਼ਹੀਦ ਊਧਮ ਸਿੰਘ ਜੀ ਨੂੰ ਸਮਰਪਿਤ



ਉਹ ਮਹਾਨ ਹੁੰਦੇ ਜਿਹੜੇ ਜਿਉਂਦੇ ਦੂਜਿਆਂ ਲਈ

ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ

ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ

ਆਪਣੇ ਆਪ ਲਈ ਤਾਂ ਹਰ ਇਨਸਾਨ ਜਿਉਂਦਾ

ਪਰ ਮਹਾਨ ਮਨੁੱਖ ਉਹ

ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ

ਉਹ ਆਪਣੇ ਆਪ ਲਈ ਤਾਂ ਕੁਰਬਾਨੀ ਕਰ ਸਕਦੇ ਆ

ਪਰ ਉਹ ਆਪ ਆਪਣੀ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦੇ

ਉਨ੍ਹਾਂ ਸ਼ਹੀਦਾਂ ਦੀਆਂ ਮੜ੍ਹੀਆਂ 'ਤੇ ਸਦਾ ਮੇਲੇ ਲੱਗਦੇ

ਜਿਹੜੇ ਆਪਦੇ ਧਰਮ ਤੇ ਦੇਸ਼ ਦੀ ਖਾਤਰ

ਸ਼ਹੀਦੀਆਂ ਪਾ ਜਾਂਦੇ

ਇੱਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ

ਨਾ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ

ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ

ਉਹ ਪਾ ਜਾਂਦੇ ਮੰਜ਼ਿਲਾਂ ਨੂੰ ਜਿਹੜੇ ਖਹਿ ਜਾਂਦੇ ਨਾਲ ਮੁਸੀਬਤਾਂ ਦੇ।

**-ਮਾਸਟਰ ਨਿਰਮਲ ਸਿੰਘ ਲਾਲੀ**

# ਕਿਤਾਬਾਂ



ਚੰਗੀਆਂ ਕਿਤਾਬਾਂ ਪੜ੍ਹਨਾਂ ਉਸੇ ਤਰ੍ਹਾਂ ਹੈ, ਜਿਵੇਂ ਬੀਤੀਆਂ ਸਦੀਆਂ 'ਚ ਵਧੀਆ ਮਨੁੱਖਾਂ ਨਾਲ ਗੱਲਬਾਤ ਕਰਨਾ।

**-ਡਿਸਕੇਰਟਸ**

ਮਨੁੱਖਤਾ ਨੇ ਜੋ ਕੁਝ ਸੋਚਿਆ ਅਤੇ ਹਾਸਿਲ ਕੀਤਾ, ਇਹ ਜਾਦੂ ਕਿਤਾਬਾਂ ਵਿੱਚ ਬੰਦ ਹੈ।

**-ਥਾਮਸ ਕਾਰਲਾਇਲ**

ਸਿਓਂਕ ਸੋਚਦੀ ਤਾਂ ਹੋਵੇਗੀ ਕਿ ਆਦਮੀ ਕਿੰਨਾ ਮੂਰਖ ਹੈ, ਜੋ ਕਿਤਾਬਾਂ ਖਾਂਦਾ ਹੀ ਨਹੀਂ।

**-ਰਸੂਲ ਹਮਜ਼ਾਤੋਵ**

ਕਿਤਾਬਾਂ ਤੋਂ ਬਿਨਾਂ ਕੋਈ ਜਾਤੀ ਉਸ ਆਦਮੀ ਵਰਗੀ ਹੈ, ਜਿਸਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ।

**-ਰਸੂਲ ਹਮਜ਼ਾਤੋਵ**

ਖ਼ੁਦ ਨੂੰ ਅਤੇ ਦੂਸਰਿਆਂ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਜਰੂਰਤ ਹੈ।

**-ਰਸੂਲ ਹਮਜ਼ਾਤੋਵ**

ਜੇ ਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ।

**-ਗੁਰਦਿਆਲ ਸਿੰਘ**

ਤੁਹਾਡੇ ਦੁਆਰਾ ਖਰੀਦੀ ਗਈ ਇਕ ਕਿਤਾਬ, ਤੁਹਾਡੇ ਮਾਨਸਿਕ ਕੱਦ ਨੂੰ ਇਕ ਕਿਲੋਮੀਟਰ ਵਧਾ ਦਿੰਦੀ ਹੈ।

**-ਸਿਸਰੋ**

ਜੇ ਤੁਸੀ ਘਰ 'ਚ ਲਾਇਬ੍ਰੇਰੀ ਬਣਾ ਲੈਂਦੇ ਹੋ ਤਾਂ ਸਮਝੋ ਤੁਹਾਡੇ ਘਰ ਵਿੱਚ ਆਤਮਾ ਧੜਕਣ ਲੱਗ ਪਈ ਹੈ।

**-ਸਿਸਰੋ**

**ਪੇਸ਼ਕਸ- ਦੇਵ ਰਾਜ ਨਈਅਰ, ਜਲੰਧਰ**

## ਰੁਬਾਈ

ਸ਼ਹੀਦਾਂ ਦਾ ਵਤਨ ਉਤੇ
ਬੜਾ ਉਪਕਾਰ ਹੁੰਦਾ ਏ।


ਇਹਨਾਂ ਦੀਆਂ ਰਹਿਮਤਾਂ ਨਾਲ
ਦੇਸ਼ ਦਾ ਉਧਾਰ ਹੁੰਦਾ ਏ।

ਇਹ ਬੁਨਿਆਦਾਂ 'ਚ ਪੌਂਦੇ ਨੇ
ਜਿਗਰ ਦੀ ਢਾਲਕੇ ਚਰਬੀ।

ਔਸੇ ਤੇ ਮਹਿਲ ਆਜ਼ਾਦੀ ਦਾ
ਫਿਰ ਤੈਆਰ ਹੁੰਦਾ ਏ।

**– ਆਜ਼ਾਦ ਜਾਲੰਧਰੀ**

# ਪੰਦਰਾਂ ਅਗਸਤ 1947



**ਆਜ਼ਾਦ ਜਾਲੰਧਰੀ**
**(ਯੂ. ਐਸ. ਏ.)**
(408) 438-2888

ਦੋਸਤੋ ਤੁਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹੋ ਕਿ 15 ਅਗਸਤ ਸੰਨ 1947 ਵਾਲੇ ਦਿਨ ਸਦੀਆਂ ਦੀ ਗੁਲਾਮੀ ਤੋਂ ਬਾਅਦ ਭਾਰਤ ਦੇਸ਼ ਫਰੰਗੀਆਂ ਦੀ ਕੈਦ ਵਿਚੋਂ ਆਜ਼ਾਦ ਹੋਇਆ ਸੀ। ਅਸੀਂ ਆਜ਼ਾਦੀ ਦਾ ਕੀ ਮੁੱਲ ਚੁਕਾਇਆ ਸੀ ਇਹ ਭਿਆਨਕ ਘੱਲੂਘਾਰਾ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਲੱਖਾਂ ਹਿੰਦੂ, ਸਿੱਖ, ਮੁਸਲਮਾਨ ਅਤੇ ਇਸਾਈ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ। ਆਖਿਰਕਾਰ ਫਰੰਗੀਆਂ ਨੂੰ ਭਾਰਤ ਛੱਡਣਾ ਪਿਆ।

ਦੋਸਤੋ 15 ਅਗਸਤ ਦਾ ਪਵਿੱਤਰ ਦਿਹਾੜਾ ਅਸੀਂ ਬੜੇ ਉਲਹਾਸ ਅਤੇ ਸ਼ਾਨੋ ਸ਼ੌਕਤ ਨਾਲ ਮਨਾਉਂਦੇ ਹਾਂ ਅਤੇ ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ, ਜਿਹੜੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ। ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਤਥਾ ਬੇਸ਼ੁਮਾਰ ਗਦਰੀ ਬਾਬਿਆਂ ਦੀ ਸ਼ਹਾਦਤ ਦਾ ਚਿਰਾਗ ਹਮੇਸ਼ਾ ਸਾਡੇ ਦਿਲਾਂ ਵਿਚ ਬਲਦਾ ਰਹੇਗਾ।

## ਗੀਤ

ਜੋ ਦੇਸ਼ ਲਈ ਮਿਟ ਗਏ ਨੇ
ਗੁਮਨਾਮ ਸ਼ਹੀਦਾਂ ਨੂੰ
ਲੱਖ ਵਾਰ ਮੈਂ ਕਰਦਾ ਹਾਂ
ਪਰਨਾਮ ਸ਼ਹੀਦਾਂ ਨੂੰ। ਲੱਖ ਵਾਰ ਮੈਂ.......

ਇਕ ਰੱਬੀ ਹੁਕਮ ਲੈ ਕੇ
ਸੰਸਾਰ ਤੇ ਆਉਂਦੇ ਨੇ
ਕਦੇ ਚੱਕਦੇ ਨੇ ਤਲਵਾਰਾਂ,
ਕਦੇ ਸੀਸ ਕਟਾਉਂਦੇ ਨੇ
ਆਉਂਦਾ ਏ ਧੁਰੋਂ ਰੱਬ ਦਾ
ਪੈਗਾਮ ਸ਼ਹੀਦਾਂ ਨੂੰ। ਲੱਖ ਵਾਰ ਮੈਂ ....

ਕਈ ਧਰਮ ਦੀ ਰਾਖੀ ਲਈ
ਬਹਿਕੇ ਤਬ੍ਹੀਆਂ ਤੇ ਸੜ ਜਾਂਦੇ
ਕਈ ਦੇਸ਼ ਲਈ ਹੱਸ ਕੇ
ਸੂਲੀ 'ਤੇ ਹੈ ਚੜ੍ਹ ਜਾਂਦੇ।
ਪੈਂਦਾ ਮੌਤ ਨਾਲ ਲੜਨਾ
ਹਰ ਗਾਮ ਸ਼ਹੀਦਾਂ ਨੂੰ। ਲੱਖ ਵਾਰ ਮੈਂ ....

ਪੁੱਤਰਾਂ ਦੀਆਂ ਲਾਸ਼ਾਂ ਤੇ
ਕਦੇ ਪੈਰ ਵਧਾਉਂਦੇ ਨੇ
ਕਦੇ ਚੱਲਦੇ ਨੇ ਕੰਡਿਆਂ ਤੇ
ਕਦੇ ਸੱਥਰਾਂ ਤੇ ਸਾਉਂਦੇ ਨੇ
ਇਕ ਪਲ ਭੀ ਨਹੀਂ ਮਿਲਦਾ
ਆਰਾਮ ਸ਼ਹੀਦਾਂ ਨੂੰ। ਲੱਖ ਵਾਰ ਮੈਂ ....

ਹਰ ਸਾਲ ਚਿਤਾਵਾਂ ਤੇ
ਜਗ ਮੇਲੇ ਮਨਾਉਂਦਾ ਏ
'ਆਜ਼ਾਦ' ਸ਼ਹੀਦਾਂ ਨੂੰ
ਰੱਬ ਸੀਸ ਨਿਵਾਉਂਦਾ ਏ।
ਮਿਲਦਾ ਏ ਬੜਾ ਸੁੰਦਰ
ਅੰਜਾਮ ਸ਼ਹੀਦਾਂ ਨੂੰ। ਲੱਖ ਵਾਰ ਮੈਂ ....

**– ਆਜ਼ਾਦ ਜਾਲੰਧਰੀ**

## ਖੁਦਾਈ ਖਿਦਮਤਗਾਰ ਵਲੋਂ ਮੁੱਖ ਮੰਤਰੀ ਪੰਜਾਬ ਨੂੰ ਪੱਤਰ

# ਈਸਾਈਆਂ ਨੂੰ ਪ੍ਰਤੀਨਿਧਤਾ ਦੇ ਨਾਂ ਤੇ ਲੂਲੀ ਭਠਿਆਰੀ ਨੂੰ ਸਰਕਾਰ 'ਚ ਨਾ ਲਿਆ ਜਾਵੇ

**ਮਸੀਹੀ ਸੰਸਾਰ ਦੇ ਮੁਖ ਸੰਪਾਦਕ ਸ਼੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਗਾਰ** ਨੇ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਹੁਣ ਤੱਕ ਪੰਜਾਬ ਵਿੱਚ ਬਣੀਆਂ ਸਰਕਾਰਾਂ ਖਾਨਾਪੂਰਤੀ ਲਈ ਅਜੇਹੇ ਲੂਲੀ ਭਠਿਆਰੀ ਟਾਈਪ ਈਸਾਈਆਂ ਨੂੰ ਸਰਕਾਰ ਵਿੱਚ ਪ੍ਰਤੀਨਿਧਤਾ ਦਿੰਦੀਆਂ ਆਈਆਂ ਹਨ ਜੋ ਕਿਸੇ ਵਿਸ਼ੇ ਦੇ ਮਾਹਿਰ ਨਹੀਂ ਸਨ। ਜਿਨ੍ਹਾਂ ਨੂੰ ਕੌਮ ਦੇ ਦੁਖੜਿਆਂ ਦਾ ਕੋਈ ਗਿਆਨ ਨਹੀਂ ਸੀ, ਜਿਨ੍ਹਾਂ ਦਾ ਈਸਾਈਆਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਦਿਸ਼ਾ ਵਿੱਚ ਕਿਸੇ ਸੰਘਰਸ਼ ਦਾ ਕੋਈ ਇਤਿਹਾਸ ਨਹੀਂ ਸੀ। ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਪੰਜਾਬ ਦੇ ਈਸਾਈ ਸਾਰੀਆਂ ਕੌਮਾਂ ਤੋਂ ਹਰ ਖੇਤਰ ਵਿੱਚ ਪਿਛੇ ਚਲ ਰਹੇ ਹਨ। ਇਸ ਕਰਕੇ ਜੋ ਕੁਰਸੀਆਂ ਦੇ ਸ਼ੌਕੀਨ ਈਸਾਈ ਤੁਹਾਡੇ ਅੱਗੇ ਪਿਛੇ ਫਿਰ ਰਹੇ ਹਨ ਉਨ੍ਹਾਂ ਨੂੰ ਠੋਕ ਵਜਾ ਕੇ ਹੀ ਈਸਾਈ ਪ੍ਰਤੀਨਿਧਾਂ ਵਜੋਂ ਸਰਕਾਰ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਉਨ੍ਹਾਂ ਤੋਂ ਸਮੇਂ ਸਮੇਂ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਹਿਸਾਬ ਲਿਆ ਜਾਵੇ। ਇਹ ਪੱਤਰ ਈਸਾਈਆਂ ਦੇ ਹਿੱਤ ਲਈ ਹੇਠਾਂ ਦਿੱਤਾ ਜਾ ਰਿਹਾ ਹੈ :-

**ਸੇਵਾ ਵਿਖੇ,**
**ਮੁਖ ਮੰਤਰੀ ਪੰਜਾਬ, ਚੰਡੀਗੜ੍ਹ**
**ਸ਼੍ਰੀਮਾਨ ਜੀ,**

ਬੇਨਤੀ ਹੈ ਕਿ ਪਿਛਲੇ 70 ਸਾਲਾਂ ਵਿੱਚ ਜਿੰਨੀਆਂ ਵੀ ਸਰਕਾਰਾਂ ਪੰਜਾਬ ਵਿੱਚ ਬਣੀਆਂ ਹਨ, ਉਨ੍ਹਾਂ ਨੇ ਖਾਨਾਪੂਰਤੀ ਲਈ ਸਰਕਾਰ ਵਿੱਚ ਸਿਆਸੀ ਮਹੱਤਵ ਦੀਆਂ ਕੁਝ ਸੀਟਾਂ ਈਸਾਈਆਂ ਨੂੰ ਵੀ ਦਿੱਤੀਆਂ। ਪਰ ਇਹ ਸੀਟਾਂ ਇਨ੍ਹਾਂ ਲੋਕਾਂ ਨੂੰ ਦਿੱਤੀਆਂ ਗਈਆਂ ਜਿੰਨ੍ਹਾਂ ਨੂੰ ਈਸਾਈ ਕੌਮ ਦੇ ਦੁਖੜਿਆਂ ਦਾ ਕੋਈ ਅਹਿਸਾਸ ਨਹੀਂ ਸੀ। ਕੋਈ ਗਿਆਨ ਨਹੀਂ ਸੀ, ਨਾ ਹੀ ਉਨ੍ਹਾਂ ਨੂੰ ਇਹ ਪਤਾ ਸੀ ਕਿ ਈਸਾਈਆਂ ਦੇ ਆਰਥਿਕ ਤੇ ਸਮਾਜਿਕ ਵਿਕਾਸ ਲਈ ਸਰਕਾਰ ਕੀ ਕਰ ਸਕਦੀ ਹੈ। 70 ਸਾਲ ਅਜੇਹੇ ਲੋਕ 'ਸੀਟ' ਦੇ ਅਹਿਸਾਨ ਹੇਠ ਹੀ ਦੱਬੇ ਰਹੇ, ਉਨ੍ਹਾਂ ਨੇ ਕੌਮ ਦੇ ਵਿਕਾਸ ਲਈ ਕੋਈ ਅਵਾਜ਼ ਨਹੀਂ ਉਠਾਈ ਜਿਸਦਾ ਨਤੀਜਾ ਇਹ ਹੈ ਕਿ (ੳ) 70 ਸਾਲ ਵਿੱਚ ਕੇਵਲ 351 ਈਸਾਈਆਂ ਨੂੰ ਹੀ ਸਰਕਾਰੀ ਨੌਕਰੀ ਮਿਲ ਸਕੀ ਜਦਕਿ ਈਸਾਈਆਂ ਦੀ ਅਬਾਦੀ ਦੀ ਪ੍ਰਤੀਸ਼ਤ ਅਨੁਸਾਰ ਈਸਾਈਆਂ ਨੂੰ ਤਿੰਨ ਟਰਮਜ਼ ਵਿੱਚ 15,000 ਨੌਕਰੀਆਂ ਮਿਲਣੀਆਂ ਚਾਹੀਦੀਆਂ ਸਨ (ਅ) ਪੰਜਾਬ ਵਿੱਚ 150 ਤੋਂ ਵੱਧ ਈਸਾਈ ਨਹੀਂ ਹਨ ਜਿਨ੍ਹਾਂ ਨੂੰ ਪਿਛਲੇ 70 ਸਾਲ ਵਿੱਚ ਸਰਕਾਰ ਨੇ ਉਨ੍ਹਾਂ ਦੇ ਕਾਰੋਬਾਰ ਚਲਾਉਣ ਲਈ ਸਰਕਾਰੀ ਲੋਨ, ਪ੍ਰਮਿਟ, ਲਾਇਸੈਂਸ, ਕੋਟੇ ਤੇ ਗਰਾਂਟ ਦੇ ਕੇ ਮਾਲੀ ਤੌਰ ਤੇ ਮਜ਼ਬੂਤ ਕਰਨ ਦਾ ਯਤਨ ਕੀਤਾ ਹੋਵੇ (ੲ) ਪੰਜਾਬ ਵਿੱਚ 50,000 ਦੇ ਕਰੀਬ ਈਸਾਈ ਬੇਘਰੇ ਹਨ। ਕਾਨੂੰਨ ਹੋਣ ਦੇ ਬਾਵਜੂਦ ਅੱਜ ਤੱਕ ਪੰਜਾਬ ਵਿੱਚ 800 ਤੋਂ ਵੱਧ ਬੇਘਰੇ ਈਸਾਈਆਂ ਨੂੰ ਸਰਕਾਰ ਨੇ ਆਪਣੇ ਘਰ ਬਣਾਉਣ ਲਈ ਪਲਾਟ ਨਹੀਂ ਦਿੱਤੇ (ਸ) ਈਸਾਈਆਂ ਨੂੰ ਕਬਰਸਤਾਨ ਲਈ ਥਾਂ ਦੇਣ ਦਾ ਕਾਨੂੰਨ ਹੈ ਪਰ ਈਸਾਈਆਂ ਨੂੰ ਕਬਰਸਤਾਨਾਂ ਲਈ ਥਾਂ ਨਹੀਂ ਦਿੱਤੀ ਜਾ ਰਹੀ ਅਜੇਹੀਆਂ ਮਿਸਾਲਾਂ ਵੀ ਹਨ ਜਦ ਈਸਾਈਆਂ ਨੂੰ ਆਪਣੇ ਮੁਰਦੇ ਆਪਣੇ ਘਰ ਵਿੱਚ ਹੀ ਦਫਨਾਉਣੇ ਪਏ (ਹ) ਪਿਛਲੇ 70 ਸਾਲ ਤੋਂ ਮਸੀਹੀ ਅਦਾਰਿਆਂ ਨੂੰ ਸਾਰੀਆਂ ਸਰਕਾਰਾਂ ਦਬਾਉਂਦੀਆਂ ਚਲੀਆਂ ਆ ਰਹੀਆਂ ਹਨ ਜਿਸ ਕਰਕੇ ਮਸੀਹੀ ਅਦਾਰਿਆਂ ਦੀ ਹਾਲਤ ਤਰਸਯੋਗ ਹੋ ਗਈ ਹੈ ਅਤੇ ਜਿਨ੍ਹਾਂ ਈਸਾਈਆਂ ਨੂੰ ਇਨ੍ਹਾਂ ਤੋਂ ਲਾਭ ਹੋਣਾ ਸੀ ਉਹ ਇਸ ਲਾਭ ਤੋਂ ਵਾਂਝੇ ਰਹਿ ਗਏ। (ਕ) ਘਟਗਿਣਤੀ ਹੋਣ ਕਰਕੇ ਈਸਾਈ ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਜਿਸ ਕਰਕੇ ਈਸਾਈ ਬੱਚੇ ਵਿਦਿਅਕ ਤੌਰ ਤੇ ਲਗਾਤਾਰ ਪਛੜ ਰਹੇ ਹਨ।

ਕਿਹੜੀ ਕਿਹੜੀ ਗੱਲ ਲਿਖੀਏ। ਗੱਲ ਦਾ ਲਬੋ ਲਬਾਬ ਇਹੀ ਹੈ ਕਿ ਈਸਾਈਆਂ ਦੀ ਸਰਕਾਰ ਵਿੱਚ ਯੋਗ ਪ੍ਰਤੀਨਿਧਤਾ ਨਾ ਹੋਣ ਕਾਰਣ ਇਹ ਬਰਾਦਰੀ ਲਗਾਤਾਰ ਰਸਾਤਲ ਵਿੱਚ ਜਾ ਰਹੀ ਹੈ। ਪੰਜਾਬ ਦੇ ਪਾਲੇਟਿਕਸ ਵਿੱਚ ਬਹੁਤ ਸਾਰੇ ਫਿਰਕੂ ਸੋਚ ਵਾਲੇ ਗੈਰ ਈਸਾਈ ਸਿਆਸਦਾਨ ਹਨ ਜੋ ਇਹ ਕਹਿੰਦੇ ਰਹਿੰਦੇ ਹਨ ਕਿ ਈਸਾਈਆਂ ਨੂੰ ਮਿਸ਼ਨਰੀਆਂ ਦੀ ਸਹਾਇਤਾ ਪ੍ਰਾਪਤ ਹੈ, ਇਸ ਕਰਕੇ ਸਰਕਾਰ ਨੂੰ ਇਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਨਹੀਂ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਕੋਰਾ ਝੂਠ ਹੈ ਜੋ ਇਕ ਖਤਰਨਾਕ ਸ਼ਰਾਰਤ ਹੈ, ਦੂਸਰਾ ਜੇਕਰ ਮਿਸ਼ਨਰੀਆਂ ਦੀ ਈਸਾਈਆਂ ਨੂੰ ਸਹਾਇਤਾ ਪ੍ਰਾਪਤ ਹੈ ਵੀ ਤਾਂ ਕੀ ਈਸਾਈਆਂ ਦਾ ਇਸ ਦੇਸ਼ ਦੀ ਸੰਪਤੀ ਤੇ ਸਾਧਨਾਂ ਤੇ ਕੋਈ ਹੱਕ ਨਹੀਂ ਰਹਿ ਜਾਂਦਾ?

ਅਸੀਂ ਆਸ ਕਰਦੇ ਹਾਂ ਕਿ ਈਸਾਈਆਂ ਦੇ ਹਾਲਾਤ ਨੂੰ ਮੁਖ ਰੱਖਦੇ ਹੋਏ ਈਸਾਈਆਂ ਨੂੰ ਸਰਕਾਰ ਵਿੱਚ ਪ੍ਰਤੀਨਿਧਤਾ ਦੇ ਨਾਂ ਤੇ ਲੂਲੀ ਭਠਿਆਰੀ ਟਾਈਪ ਲੋਕਾਂ ਨੂੰ ਸਰਕਾਰ ਵਿੱਚ ਨਹੀਂ ਲਵੋਗੇ। ਜੋ ਵੀ ਈਸਾਈ ਪ੍ਰਤੀਨਿਧ ਲਏ ਜਾਣ ਭਾਵੇਂ ਉਹ ਆਪਣੇ ਆਪ ਨੂੰ ਪ੍ਰੋਫੈਸਰ ਜਾਂ ਬਿਸ਼ਪ ਵੀ ਦਸਦੇ ਹੋਣ ਉਨ੍ਹਾਂ ਦਾ ਈਸਾਈ ਹਿਤਾਂ ਲਈ ਸੰਘਰਸ਼ ਦਾ ਇਤਿਹਾਸ ਵੇਖਿਆ ਜਾਵੇ, ਇਹ ਪਤਾ ਲਾਇਆ ਜਾਵੇ ਕਿ ਈਸਾਈਆਂ ਦੇ ਆਰਥਿਕ, ਸਮਾਜਿਕ, ਵਿਦਿਅਕ ਤੇ ਸਭਿਆਚਾਰਕ ਮਸਲਿਆਂ ਦੀ ਉਨ੍ਹਾਂ ਨੂੰ ਕਿੰਨੀ ਕੁ ਸਮਝ ਹੈ ਤੇ ਉਹ ਇਸ ਬਰਾਦਰੀ ਦੀ ਆਰਥਿਕ, ਸਮਾਜਿਕ, ਵਿਦਿਅਕ ਤੇ ਸਭਿਆਚਾਰਕ ਉੱਨਤੀ ਲਈ ਸਰਕਾਰ ਨੂੰ ਕੀ ਸੁਝਾਅ ਦੇ ਸਕਦੇ ਹਨ।

ਆਸ ਹੈ ਤੁਸੀਂ ਸਾਡੀ ਬੇਨਤੀ ਤੇ ਹਮਦਰਦੀ ਨਾਲ ਵਿਚਾਰ ਕਰੋਗੇ ਅਤੇ ਗੈਰ ਜ਼ਿੰਮੇਵਾਰ ਈਸਾਈਆਂ ਨੂੰ ਈਸਾਈਆਂ ਨੂੰ ਪ੍ਰਤੀਨਿਧਤਾ ਦੇ ਨਾਂ ਤੇ ਪ੍ਰਤੀਨਿਧਤਾ ਨਹੀਂ ਦੇਵੋਗੇ। ਜੇ ਅਜੇਹੇ ਲੋਕਾਂ ਨੂੰ ਪ੍ਰਤੀਨਿਧਤਾ ਦਿਓਗੇ ਤਾਂ ਇਹ ਈਸਾਈਆਂ ਨੂੰ ਹੋਰ 5 ਸਾਲ ਪਿਛੇ ਧੱਕਣ ਵਾਲੀ ਗੱਲ ਹੋਵੇਗੀ।

ਧੰਨਵਾਦ ਸਹਿਤ।

**ਆਪ ਜੀ ਦਾ ਵਿਸ਼ਵਾਸ ਪਾਤਰ**
**ਫਰੈਡੀ ਜੋਜ਼ਫ -ਸੰਪਾਦਕ (ਮਸੀਹੀ ਸੰਸਾਰ)**
**ਬੀ.ਐਕਸ. 1051, ਲੰਮਾ ਪਿੰਡ, ਜਲੰਧਰ**



### ਪਲਾਸੋਰ ਵਿੱਚ ਈਸਾਈ ਲੀਡਰਾਂ ਤੇ ਪਾਸਟਰਾਂ ਵਲੋਂ ਮੌਜੂਦ ਹਾਲਤ ਉੱਤੇ ਵਿਚਾਰਾਂ

**ਤਰਨ-ਤਾਰਨ-** 'ਸਾਨੂੰ ਮੰਨਣਾ ਪਵੇਗਾ ਕਿ ਈਸਾਈਆਂ ਵਿਰੁਧ ਲਗਾਤਾਰ ਜ਼ਹਿਰ ਫੈਲਾ ਰਹੀਆਂ ਤਾਕਤਾਂ ਦਾ ਈਸਾਈ ਲੀਡਰਸ਼ਿਪ ਢੁਕਵਾਂ ਉੱਤਰ ਦੇਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ।'' ਇਹ ਗੱਲ ਪਿਛਲੇ ਦਿਨੀ ਮਸੀਹੀ ਸੰਸਾਰ ਦੇ ਮੁਖ ਸੰਪਾਦਕ ਫਰੈਡੀ ਜੋਜ਼ਫ ਨੇ ਇਥੋਂ ਥੋੜੀ ਦੂਰ ਪਾਸਟਰ ਸੋਖਾ ਮਸੀਹ ਦੇ ਚਰਚ ਵਿੱਚ ਜ਼ਿਲੇ ਦੇ ਈਸਾਈ ਲੀਡਰਾਂ ਅਤੇ ਪਾਸਟਰ ਸਾਹਿਬਾਨ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਪ੍ਰਭੂ ਯਿਸੂ ਸਮੇਂ ਫੱਕੀ ਫਰੀਸੀ ਤੇ ਸ਼ਰਾਅ ਦੇ ਵੱਡੇ ਵੱਡੇ ਵਿਦਵਾਨ ਪ੍ਰਭੂ ਯਿਸੂ ਨੂੰ ਘੇਰਦੇ ਸਨ। ਬੜੇ ਅਜੀਬ ਅਜੀਬ ਪ੍ਰਸ਼ਨ ਉਨ੍ਹਾਂ ਨੂੰ ਕਰਦੇ ਸਨ ਪਰ ਪ੍ਰਭੂ ਯਿਸੂ ਉਨ੍ਹਾਂ ਨੂੰ ਅਜੇਹੇ ਉੱਤਰ ਦਿੰਦੇ ਸਨ ਕਿ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੰਦੇ ਸਨ ਤੇ ਉਹ ਸ਼ਰਮਿੰਦੇ ਹੋ ਕੇ ਚਲੇ ਜਾਂਦੇ ਸਨ। ਸਾਡੀ ਲੀਡਰਸ਼ਿਪ ਵਿੱਚ ਇਹ ਆਰਟ ਨਹੀਂ ਹੈ। ਜਿਹੜੀਆਂ ਗੱਲਾਂ ਸਾਡੇ ਲੋਕ ਆਪਸ ਵਿੱਚ ਆਪਣੇ ਗਲੀ ਮੁਹੱਲਿਆਂ ਵਿੱਚ ਕਰਦੇ ਕਹਿੰਦੇ ਹਨ, ਉਨ੍ਹਾਂ ਦਾ ਕੋਈ ਮਹੱਤਵ ਨਹੀਂ ਹੈ ਕਿਉਂਕਿ ਇਹ ਗੱਲਾਂ ਉਨ੍ਹਾਂ ਤੱਕ ਹੀ ਸੀਮਤ ਰਹਿ ਜਾਂਦੀਆਂ ਹਨ, ਜਿਨ੍ਹਾਂ ਦੇ ਕੰਨਾਂ ਤੱਕ ਪੁਜਣੀਆਂ ਚਾਹੀਦੀਆਂ ਹਨ ਉਨ੍ਹਾਂ ਤੱਕ ਨਹੀਂ ਪੁੱਜ ਰਹੀਆਂ ਜਿਸ ਕਰਕੇ ਈਸਾਈਅਤ ਵਿਰੋਧੀ ਤਾਕਤਾਂ ਦਾ ਇਹ ਝੂਠ ਬਹੁਤ ਜ਼ੋਰ ਫੜ ਗਿਆ ਹੈ ਕਿ ਈਸਾਈ ਲਾਲਚ ਨਾਲ ਈਸਾਈ ਬਣੇ ਹੋਏ ਹਨ। ਉਹ ਅੰਗਰੇਜ਼ਾਂ ਦੇ ਪਿੱਠੂ ਹਨ।

ਦੂਸਰਾ ਢੰਗ ਸੰਤ ਪੌਲੁਸ ਨੇ ਦੱਸਿਆ ਸੀ ਕਿ ਇਨਸਾਫ ਲਈ ਅਦਾਲਤ ਦਾ ਦਰਵਾਜ਼ਾ ਖੜਕਾਉਣਾ। ਪਰ ਈਸਾਈ ਇਸ ਵਿੱਚ ਵੀ ਫੇਲ ਰਹੇ ਹਨ। ਈਸਾਈਆਂ ਨੂੰ ਆਪਣੀਆਂ ਇਨ੍ਹਾਂ ਕਮਜ਼ੋਰੀਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਸਾਡੀ ਲੀਡਰਸ਼ਿਪ ਪਵਿੱਤਰ ਵਲੋਂ ਦਿੱਤੀ ਗਏ ਫਾਰਮੂਲਿਆਂ ਨੂੰ ਸ਼ਾਂਤੀ ਅਤੇ ਮੁਆਫੀ ਦੇ ਸਿਧਾਂ ਨਾਲ ਜੋੜ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਖੁਦਾਈ ਖਿਦਮਤਗਾਰ ਨੇ ਇਸ ਮੀਟਿੰਗ ਵਿੱਚ ਸ਼ਾਮਲ ਪੁਲਿਸ ਅਧਿਕਾਰੀਆਂ ਨੂੰ ਵਿਸ਼ਵਾਸ ਦੁਆਇਆ ਕਿ ਅਸੀਂ ਤਰਨ ਤਾਰਨ ਦੇ ਜ਼ਿਲੇ ਵਿੱਚ ਅਮਨ ਸ਼ਾਂਤੀ ਬਣਾਈ ਰੱਖਣ ਲਈ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਵਾਂਗੇ। ਇਸ ਲਈ ਸਾਡੇ ਵਲੋਂ ਇਥੇ ਪਾਸਟਰ ਸੋਖਾ ਮਸੀਹ ਤੁਹਾਨੂੰ ਸਹਿਯੋਗ ਦੇਣਗੇ। ਅਸੀਂ ਸਾਰੇ ਪੰਜਾਬ ਵਿੱਚ ਪੈਦਾ ਹੋਏ ਤਨਾਅ ਨੂੰ ਵੀ ਖਤਮ ਕਰਨ ਦੀ ਦਿਸ਼ਾ ਵਿੱਚ ਕੰਮ ਕਰਹੇ ਹਾਂ। ਉਨ੍ਹਾਂ ਕਿਹਾ ਕਿ ਪਾਸਟਰ ਸੋਖਾ ਮਸੀਹ ਨੇ ਜ਼ਿਲੇ ਦੇ ਸਾਰੇ ਪਾਸਟਰ ਸਾਹਿਬਾਨ ਨਾਲ ਰਾਬਤਾ ਰੱਖਿਆ ਹੋਇਆ ਹੈ।



**ਫਰੈਡੀ ਜੋਜ਼ਫ**

**ਯੂਨਸ ਮਸੀਹ**

ਮਸੀਹੀ ਦਲ ਪੰਜਾਬ ਦੇ ਜਨਰਲ ਸਕੱਤਰ ਸ਼੍ਰੀ ਯੂਨਸ ਮਸੀਹ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਅੱਜ ਪੰਜਾਬ ਵਿੱਚ ਭਾਈਚਾਰਕ ਏਕਤਾ ਬਣਾਈ ਰੱਖਣ ਦੀ ਭਾਰੀ ਲੋੜ ਹੈ। ਅਸੀਂ ਸਦੀਆਂ ਤੋਂ ਇੱਕਠੇ ਚਲੇ ਆ ਰਹੇ ਹਾਂ। ਇੱਕ ਦੂਸਰੇ ਦੇ ਦੁੱਖ ਸੁੱਖ ਦੇ ਭਾਈਵਾਲ ਰਹੇ ਹਾਂ।

ਇਸ ਏਕਤਾ ਨੂੰ ਕਾਇਮ ਰੱਖਣ ਲਈ ਸਾਡੇ ਕੋਲ ਜੋ ਵੀ ਹੋਇਆ ਅਸੀਂ ਕਰਦੇ ਰਹਾਂਗੇ। ਉਨ੍ਹਾਂ ਨੇ ਇਲਾਕ ਦੇ ਪਾਸਟਰ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਜ਼ਿਲੇ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਸਰਗਰਮ ਹੋਣ ਤੇ ਜਿਹੜੇ ਸਾਡੇ ਲੋਕ ਦੂਸਰੇ ਧਰਮਾਂ ਦੇ ਵਿਰੁਧ ਬੋਲਦੇ ਰਹਿੰਦੇ ਹਨ, ਉਨ੍ਹਾਂ ਤੇ ਕਾਬੂ ਪਾਉਣ।

ਇਹ ਮੀਟਿੰਗ ਜ਼ਿਲਾ ਪ੍ਰਧਾਨ ਪਾਸਟਰ ਸੋਖਾ ਮਸੀਹ ਦੀ ਅਗਵਾਈ ਹੇਠ ਹੋਈ। ਇਸ ਮੌਕੇ ਤੇ ਬੋਲਦਿਆਂ ਪਾਸਟਰ ਸੋਖਾ ਮਸੀਹ ਨੇ ਕਿਹਾ ਸੀਟੀ ਦੇ ਡੀ.ਐਸ.ਪੀ. ਪਿਆਰ ਸਿੰਘ ਦੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਸੰਗਤ ਨੂੰ ਸਿੱਖਿਆ ਦੇ ਮੁਨਾਰ ਨੂੰ ਉੱਚਾ ਚੁਕਣਾ, ਨਸ਼ਿਆਂ ਤੋਂ ਦੂਰ ਰਹਿਣ ਅਤੇ ਪ੍ਰਮਾਤਮਾ ਨਾਲ ਜੁੜੇ ਰਹਿਣ। ਉਨ੍ਹਾਂ ਕਿਹਾ ਕਿ ਅਸੀਂ ਤੁਹਾਡੇ ਜਾਨ ਅਤੇ ਮਾਲ ਦੀ ਰਾਖੀ ਲਈ ਵਚਨਬੱਧ ਹਾਂ।

ਸਾਨੂੰ ਤੁਹਾਡੇ ਸਹਿਯੋਗ ਦੀ ਵੀ ਲੋੜ ਹੈ। ਮੀਟਿੰਗ ਵਿੱਚ ਸ਼ਾਮਲ ਪਾਸਟਰ ਸਾਹਿਬਾਨ - ਪਾਸਟਰ ਜਤਿੰਦਰ, ਪਾਸਟਰ ਵਿਲੀਅਮ ਮਸੀਹ ਤੱਖਤ ਚੱਕ, ਜਗੀਰ ਮਸੀਹ ਖੇਮਕਰਨ, ਬਖਸ਼ੀਸ਼ ਮਸੀਹ ਰੱਤਕੋ, ਪਾਸਟਰ ਸੋਮ ਨਾਥ ਖੇਮਕਰਨ, ਸੈਮੁਏਲ ਮਸੀਹ ਤਰਨ ਤਾਰਨ, ਪਾਸਟਰ ਜਰਨੈਲ ਸਿੰਘ ਮਾਨੁ ਚਾਹਲ, ਪਾਸਟਰ ਜਗੀਰ ਸਿੰਘ ਫੋਜੀ ਦਿਆਲਪੁਰ, ਪਾਸਟਰ ਦਲਬੀਰ ਮਸੀਹ ਕੱਕਾ ਕੰਡਿਆਲਾ, ਪਾਸਟਰ ਦੇਸ ਰਾਜ ਕੈਰੂ, ਪਾਸਟਰ ਹਰਭਜਨ ਸਿੰਘ ਦੋਹਲਾ ਸਾਹਿਬ, ਪਾਸਟਰ ਰੋਬਨ ਗਿੱਲ ਠੱਠਾ ਝਬਾਲ, ਪਾਸਟਰ ਸਲਵਿੰਦਰ ਸਿੰਘ ਕੋਟ ਧਰਮ ਚੰਦ, ਪਾਸਟਰ ਜੈਰਸ ਮਸੀਹ ਵਿਕੀ ਤਰਨ ਤਾਰਨ, ਪਾਸਟਰ ਰਮੇਸ਼ ਕੁਮਾਰ ਖੋਖਰ ਤਰਨ ਤਾਰਨ, ਪਾਸਟਰ ਜੁਗਿੰਦਰ ਮਸੀਹ ਬੱਲੇਚੱਕ ਆਦਿ।

# ਨਿਤਸ਼ੇ ਤੋਂ ਨਿਤੀਸ਼?

ਆ ਰਹੇ ਸਾਲਾਂ ਤੋਂ ਪਰਖਦੇ ਦੇਸ਼ ਵਾਸੀ
ਚਾਲੇ ਇੱਕੋ ਨੇ ਬੱਗਿਆਂ-ਸਾਵਿਆਂ ਦੇ।

ਵਫਾਦਾਰੀਆਂ ਰਹਿਣ ਨਾ ਇਕ ਪਾਸੇ
ਬਦਲ ਜਾਂਦੀਆਂ ਵਾਂਗ ਪਰਛਾਵਿਆਂ ਦੇ।

ਪਲਾਂ ਵਿਚ ਹੀ ਅਰਥ ਨੇ ਬਦਲ ਜਾਂਦੇ
ਕੀਤੇ ਪਹਿਲਾਂ ਤੋਂ ਵਾਅਦਿਆਂ-ਦਾਅਵਿਆਂ ਦੇ।

ਗੁਪਤੋ ਗੁਪਤੀ ਹੀ ਚੱਲਦੇ ਤੀਰ ਤਿੱਖੇ
ਵੱਡੀ ਧਿਰ ਵੱਲੋਂ ਲੋਭ-ਡਰਾਵਿਆਂ ਦੇ।

ਆਕੀ ਹੋਇਆ ਕੋਈ 'ਈਨ' ਜਦ ਮੰਨਦਾ ਏ
'ਨਾਟਕ' ਉਦੋਂ ਹੀ ਉਹਦੀ 'ਤਫਤੀਸ਼' ਬਣ ਜਏ।



ਗਈ ਜਿਨ੍ਹਾਂ ਵਿਸ਼ਵਾਸ ਨਾ ਆਗੂਆਂ ਦਾ
'ਨਿਤਸ਼ੇ' ਦਿਸਦਾ ਕੋਈ ਕਦੋਂ 'ਨਿਤੀਸ਼' ਬਣ ਜਏ!

**- ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ- ਚਾਨਣ ਲਾਲ 'ਮਾਣਕ'




ਚਾਨਣ ਲਾਲ 'ਮਾਣਕ' ਆਪਣੇ ਸਮੇਂ ਦਾ ਸੁਹਿਰਦ, ਸੂਝਵਾਨ, ਸਿਰੜੀ ਅਤੇ ਇਮਾਨਦਾਰ ਸਟੇਜੀ ਸ਼ਾਇਰ ਸੀ। ਜਿਵੇਂ 'ਮਾਣਕ' ਗੂੜ੍ਹੇ, ਕਾਲੇ ਹਨੇਰੇ ਵਿਚ ਜਕੜੀਆਂ ਚੀਜ਼ਾਂਨੂੰ ਆਪਣੇ ਪ੍ਰਕਾਸ਼ ਅਤੇ ਨੂਰ ਦੀ ਪਕੜ ਵਿਚ ਲੈ ਕੇ ਰੁਸ਼ਨਾ ਦਿੰਦਾ ਹੈ, ਬਿਲਕੁਲ ਇਸੇ ਤਰ੍ਹਾਂ ਚਾਨਣ ਲਾਲ ਮਾਣਕ ਆਪਣੇ ਨੂਰ ਅਤੇ ਕੀਰਤੀ ਨਾਲ ਲੋਕ-ਕਵੀ ਵਜੋਂ ਲੋਕ-ਪੀੜਾ ਨੂੰ ਘਟਾਉਣ ਅਤੇ ਲੋਕ-ਜਜ਼ਬਿਆਂ ਨੂੰ ਮੂਰਤੀਮਾਨ ਕਰਨ ਵਿਚ ਸਾਰੀ ਉਮਰ ਮਸ਼ਰੂਫ ਰਿਹਾ। ਲੋਕ ਕਵੀ ਦੇ ਨਾਲ ਉਹ ਲੋਕ ਸੇਵਕ ਅਤੇ ਪੱਤਰਕਾਰ ਵੀ ਸੀ। ਉਸਦੀ ਲੇਖਣੀ ਵਿਚ ਗਰੀਬਾਂ ਦੀ ਪੀੜਾ, ਇਸਤਰੀ ਵਰਗ ਦੀ ਪ੍ਰਸੰਸਾ, ਮਨੂੰਵਾਦੀ ਕਰਮ-ਕਾਂਡ ਤੇ ਆਡੰਬਰ ਦਾ ਖੰਡਨ, ਸੰਤ-ਸਤਿਗੁਰੂਆਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਮਨੁੱਖਤਾ ਪ੍ਰਤੀ ਉਹਨਾਂ ਦੀ ਵਿਚਾਰਧਾਰਾ ਦਾ ਭਰਪੂਰ ਚਿੱਤਰ ਅੰਕਿਤ ਹੋਇਆ ਹੈ। ਉਹ ਸਮਾਜਿਕ ਤੇ ਰਾਜਨੀਤਿਕ ਪ੍ਰਗਤੀ ਲਈ ਮੀਡੀਏ ਦੇ ਮਹੱਤਵ ਨੂੰ ਭਲੀ-ਭਾਂਤ ਸਮਝਦਾ ਸੀ। ਉਸਨੇ 'ਨਵਾਂ ਦੌਰ', ਸੰਤੋਖ, ਰਵੀ ਕਿਰਨ ਜਿਹੇ ਵਿਚਾਰਧਾਰਕ ਪੇਪਰ ਸਮੇਂ-ਸਮੇਂ 'ਤੇ ਸ਼ੁਰੂ ਕੀਤੇ। ਉਹ ਆਦੀ ਵੀਰ, ਰਵਿਦਾਸ ਪੱਤ੍ਰਿਕਾ, ਪ੍ਰੀਤ ਮੁਕਟ ਅਤੇ ਜੈ ਇਨਸਾਨ ਅਖਬਾਰਾਂ ਤੇ ਰਸਾਲਿਆਂਦਾ ਸੰਪਾਦਕ ਤੇ ਸਹਿ-ਸੰਪਾਦਕ ਵੀ ਰਿਹਾ।

ਮਾਣਕ ਦਾ ਜਨਮ 1915 ਨੂੰ ਅਣਵੰਡੇ ਪੰਜਾਬ ਦੇ ਪਿੰਡ 'ਕਾਵਾਂ ਵਾਲੀ ਸਿਖਾਂ', ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ ਆਪਣੇ ਨਾਨਕੇ ਘਰ ਹੋਇਆ। ਪਰ ਉਸਦਾ ਜੱਦੀ ਪਿੰਡ ਡਿੱਚਕੋਟ ਮਾਣਕੋ ਵਰਤਮਾਨ ਜ਼ਿਲ੍ਹਾ ਫੈਸਲਾਬਾਦ (ਲਾਇਲਪੁਰ) ਸੀ। ਚਾਰ ਸਾਲ ਦੀ ਉਮਰ ਵਿਚ ਉਸਦੇ ਪਿਤਾ ਦਾ ਦੇਹਾਂਤਹੋ ਗਿਆ, ਉਸਦੀ ਪਰਵਰਿਸ਼ ਨਾਨੇ ਕੋਲ ਹੀ ਹੋਈ। ਉਸਨੇ ਜ਼ਿੰਦਗੀ ਵਿਚ ਅੰਤਾਂ ਦੀ ਗਰੀਬੀ ਵੀ ਦੇਖੀ, ਆਦਿ ਧਰਮ ਮੰਡਲ ਵਿਚ ਬਤੌਰ ਮਿਸ਼ਨਰੀ ਕੰਮ ਵੀ ਕੀਤਾ, 1947 ਵਿਚ ਵਸੋਂ ਦਾ ਉਜਾੜਾ ਵੀ ਦੇਖਿਆ ਅਤੇ ਜਲੰਧਰ ਆ ਕੇ ਆਪਣੇ ਕੁਝ ਹੋਰ ਜੁਝਾਰੂ ਸਾਥੀਆਂ ਨਾਲ ਰਲ ਕੇ ਮੁਹੱਲਾ ਆਬਾਦਪੁਰਾ ਦੀ ਸਥਾਪਨਾ ਵੀ ਕੀਤੀ। ਪ੍ਰਸਿੱਧ ਗੀਤਕਾਰ ਨੰਦ ਲਾਲ ਨੂਰ-ਪੁਰੀ ਉਸਦਾ ਉਸਤਾਦ ਸੀ।

ਚਾਨਣ ਲਾਲ ਮਾਣਕ ਨੂੰ ਚੜ੍ਹਦੀ ਉਮਰੇ ਹੀ ਤੁਕਬੰਦੀ ਦਾ ਸ਼ੌਂਕ ਸੀ ਅਤੇ ਇਸ ਕਾਵਿਕ ਰੁਚੀ ਨੇ ਉਸ ਨੂੰ ਨਿਪੁੰਨ ਸ਼ਾਇਰ ਬਣਾ ਦਿੱਤਾ। ਉਸਨੇ 17 ਸਾਲ ਦੀ ਉਮਰ ਵਿਚ ਆਪਣੀ ਪਹਿਲੀ ਕਵਿਤਾ 'ਬੰਦਾ ਬਹਾਦਰ' ਸਟੇਜ ਉਪਰ ਪੇਸ਼ ਕੀਤੀ। ਇਸ ਉਪਰੰਤ ਅੰਮ੍ਰਿਤਸਰ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਗੰਗਾ ਸਿੰਘ ਦੇ ਸਹਿਯੋਗ ਨਾਲ ਉਹ ਹਰ ਸਾਲ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ 'ਤੇ ਸਜੇ ਦੀਵਾਨ ਵਿਚ ਆਪਣੀ ਕਵਿਤਾ ਪ੍ਰਸਤੁਤ ਕਰਦਾ ਰਿਹਾ ਅਤੇ ਸੰਗਤ ਦੀ ਪ੍ਰਸੰਸਾ ਦਾ ਪਾਤਰ ਬਣਦਾ ਰਿਹਾ। ਭਾਰਤ ਦੀ ਵੰਡ ਉਪਰੰਤ ਇੱਧਰ ਆ ਕੇ ਆਪਣੇ ਹੋਰ ਕਵੀ ਸਾਥੀਆਂ ਦੇ ਸਹਿਯੋਗ ਨਾਲ ਮਾਣਕ ਨੇ ਅਨੇਕ 'ਕਵੀ ਦਰਬਾਰਾਂ' ਦਾ ਆਯੋਜਨ ਵੀ ਕੀਤਾ।

ਮਾਣਕ ਨੇ ਆਪਣੀ ਕਵਿਤਾ ਵਿਚ ਕਾਮੇ, ਕਿਰਤੀ, ਕਿਸਾਨਾਂ ਦੀ ਪੀੜਾ ਦਾ ਮੁੱਖ ਕਾਰਨ ਪ੍ਰੋਹਿਤਵਾਦ ਅਤੇ ਸਰਮਾਇਆਦਾਰੀ ਨਿਜ਼ਾਮ ਨੂੰ ਮੰਨਿਆ ਹੈ। ਉਸਦੀ ਕਾਵਿ-ਪੀੜਾ ਸਿਖਰਾਂ ਨੂੰ ਛੂੰਹਦੀ ਹੈ ਜਦੋਂ ਉਹ ਲਿਖਦਾ ਹੈ:

ਤੂੰ ਖਾਂਦਾ ਏ ਪੂਰੀ ਹਲਵਾ,
ਮੈਨੂੰ ਮਿਲੇ ਨਾ ਬਾਸੀ ਰੋਟੀ।
ਤੇਰੇ ਤਨ ਤੇ ਗਰਮ ਸੂਟ ਹਨ,
ਮੇਰੇ ਇਕੋ ਤੇੜ ਲੰਗੋਟੀ।

ਪਰ ਉਹ ਆਸ਼ਾਵਾਦੀ ਹੈ, ਉਸਨੂੰ ਭਰੋਸਾ ਹੈ ਕਿ ਇਹ ਵਿਵਸਥਾ ਪਰਿਵਰਤਿਤ ਹੋਵੇਗੀ। ਉਹ ਮਿਹਨਤਕਸ਼ਾਂ ਵਿਚ ਸਵੈ-ਵਿਸ਼ਵਾਸ ਜਗਾਉਂਦਾ ਲਿਖਦਾ ਹੈ:

ਮੈਂ ਹੁਣ ਮਾਣਕ ਹੋ ਕੇ ਏਦਾਂ,
ਮਿੱਟੀ ਦੇ ਵਿਚ ਰੁਲ ਨਹੀਂ ਸਕਦਾ।

ਦਰਅਸਲ ਮਾਣਕ ਨੇ ਹੱਕ ਤੇ ਸੱਚ ਦਾ ਹੋਕਾ ਦੇ ਕੇ ਮਾਨਸਿਕ ਗੁਲਾਮੀ ਭੋਗ ਰਹੇ ਸ਼ੋਸ਼ਿਤਾਂ ਨੂੰ ਜਗਾਉਣ ਅਤੇ ਚੇਤ ਕਰਨ ਦਾ ਪ੍ਰਭਾਵਸ਼ਾਲੀ ਯਤਨ ਕੀਤਾ ਹੈ। ਉਹ ਸੱਚਾ, ਸੁੱਚਾ, ਨੇਕੀ,ਨਿਮਰਤਾ ਤੇ ਨਿੱਘੇ ਸੁਭਾਅ ਦਾ ਮਾਲਕ ਸੀ। ਸਿਆਸੀ ਗਲਿਆਰਿਆਂ ਵਿਚ ਵੀ ਉਹ ਸਤਿਕਾਰਿਆ ਜਾਂਦਾ ਸੀ, ਸਧਾਰਨ ਵਰਕਰ ਤੋਂ ਲੈ ਕੇ ਉਚੇ ਅਹੁਦਿਆਂ ਤੇ ਬਿਰਾਜਮਾਨ ਸਿਆ-ਸਤਦਾਨ ਉਸਦੀ ਬੜੀ ਕਦਰ ਕਰਦੇ ਸਨ ਅਤੇ ਮਾਣਕ ਰਾਹੀਂ ਕਿਸੇ ਲੋੜਵੰਦ ਦੀ ਮਦਦ ਕਰਨੀ ਆਪਣਾ ਸੁਭਾਗ ਸਮਝਦੇ ਸਨ।

ਸਰਕਾਰੇ-ਦਰਬਾਰੇ ਆਪਣੀ ਪਹੁੰਚ ਸਕਦਾ ਉਸਨੇ ਹਜ਼ਾਰਾਂ ਲੋੜਵੰਦਾਂ ਦੇ ਕੰਮ ਕਰਵਾਏ।

ਉਸਦਾ ਆਪਣਾ ਜੀਵਨ ਬਹੁਤ ਹੀ ਸਧਾਰਨ ਤੇ ਸਾਦਾ ਸੀ, ਉਹ ਆਖਰੀ ਸਮੇਂ ਤੱਕ ਆਪਣੇ ਕੱਪੜੇ ਆਪ ਹੀ ਧੋਂਦਾ ਸੀ। ਉਸਦੀ ਸੁਪਤਨੀ ਸ੍ਰੀਮਤੀ ਕਰਤਾਰ ਕੌਰ ਇਕ ਬੇਹੱਦ ਨੇਕ ਤੇ ਸ਼ਰਾਫਤ ਦੀ ਪੁਤਲੀ ਬਜ਼ੁਰਗ ਔਰਤ ਸੀ ਅਤੇ ਘਰ ਆਏ ਹਰ ਵਿਅਕਤੀ ਨੂੰ ਮਾਂ ਵਰਗਾ ਪਿਆਰ ਵੰਡਦੀ ਸੀ। ਇਹਨਾਂ ਦੋਹਾਂ ਪਤੀ-ਪਤਨੀ ਨੇ ਆਪਣੀਆਂ ਲਾਡਲੀਆਂ ਦੋਵੇਂ ਲੜਕੀਆਂ ਨੂੰ ਉਸ ਸਮੇਂ ਉਚ-ਵਿੱਦਿਆ ਦੁਆ ਕੇ ਅੱਛੀਆਂ ਨੌਕਰੀਆਂ ਤੇ ਲਗਵਾਇਆ ਜਦੋਂ ਅਜੇ ਪੂਰਾ ਸਮਾਜ ਹੀ ਲੜਕੀਆਂ ਨੂੰ ਪੜ੍ਹਾਉਣ ਦੇ ਜ਼ਰਬਦਸਤ ਵਿਰੋਧ ਵਿਚ ਸੀ। ਮਾਣਕ ਦੀਆਂ ਪਹਿਲੀਆਂ ਕਵਿਤਾਵਾਂ ਆਦਿ ਧਰਮ ਮੰਡਲ ਵੱਲੋਂ ਪ੍ਰਕਾਸ਼ਿਤ 'ਆਦੀ ਡੰਕਾ' ਅਖਬਾਰ ਵਿਚ ਛਪਦੀਆਂ ਰਹੀਆਂ। 'ਉਨਤੀ ਦੇ ਸਾਧਨ' ਤੇ 'ਜਥੇਬੰਦੀ' ਉਸ ਸਮੇਂਦੀਆਂ ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਸਨ। 1949 ਵਿਚ 'ਅਣਮੋਲ ਮਾਣਕ' ਕਾਵਿ-ਸੰਗ੍ਰਹਿ, 1956 ਵਿਚ 'ਅਮਰ ਇਤਿਹਾਸ' ਵਾਰਤਕ ਪੁਸਤਕ ਅਤੇ 1983 ਵਿਚ 'ਹੀਰੇ ਮਾਣਕ ਮਾਣਕ ਮੋਤੀ' ਉਸਦੇ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਏ। ਉਸਨੇ ਜਲੰਧਰ ਵਿਖੇ ਹੀ 'ਆਦਿ ਧਰਮ ਪ੍ਰਿੰਟਿੰਗ ਪ੍ਰੈਸ' ਸਥਾਪਤ ਕੀਤੀ। 80 ਸਾਲ ਦਾ ਸੰਘਰਸ਼ ਭਰਿਆ ਪ੍ਰਸੰਸਾਮਈ ਜੀਵਨ ਜਿਉਂ ਕੇ ਉਹ ਸਦੀਵੀ ਵਿਛੋੜਾ ਦੇ ਗਏ। ਅੱਧੀ ਸਦੀ ਤੋਂ ਵੀ ਵਧੇਰੇ ਸਮਾਂ ਉਹ ਆਪਣੇ ਕਾਵਿ ਰਾਹੀਂ ਚਾਨਣ ਵੰਡਦੇ ਰਹੇ, ਸ਼ੋਸ਼ਿਤ ਸਮਾਜ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਨ ਲਈ ਸੈਂਕੜੇ ਸਟੇਜਾਂ ਦੇ ਸ਼ਿੰਗਾਰ ਬਣਦੇ ਰਹੇ ਅਤੇ ਆਪਣੀ ਸ਼ਾਇਰੀ ਰਾਹੀਂ ਆਪਣੇ ਸਰੋਤਿਆਂ ਤੇ ਪਾਠਕਾਂ ਦੇ ਦਿਲਾਂ ਵਿਚ ਨਵਾਂ ਜੋਸ਼, ਉਤਸ਼ਾਹ ਅਤੇ ਨਵੀਂ ਉਮੰਗ ਦਾ ਸੰਚਾਰ ਕਰਦੇ ਰਹੇ।

**– ਡਾ ਜੀ. ਸੀ. ਕੌਲ**
**(91-94632-23223)**

## ਡਾਕਟਰ ਅੰਬੇਦਕਰ ਜੀ

ਵੱਢੀ ਖੋਰ ਜਦ ਫਿਰਕੂ ਮਗਰੂਰ ਟੋਲਾ, ਵੱਢ ਵੱਢ ਸਾਰੇ ਸਮਾਜ ਨੂੰ ਖਾ ਰਿਹਾ ਸੀ।
ਪਸ਼ੂਆਂ ਵਾਂਗ ਪਲੰਘਾਂ ਤੇ ਲਿਟ ਰਿਹਾ ਸੀ, ਚੰਗਾ ਖਾ ਤੇ ਪੀ, ਹੰਢਾ ਰਿਹਾ ਸੀ।
ਤਰ੍ਹਾਂ ਤਰ੍ਹਾਂ ਦੇ ਕੇ ਰੋਹਬ ਆਪਣਾ, ਦਬੇ ਹੋਇਆਂ ਨੂੰ ਹੋਰ ਦਬਾ ਰਿਹਾ ਸੀ।
ਰੱਬ ਦੇ ਬੰਦਿਆਂ ਤਾਈਂ ਅਛੂਤ ਕਹਿ ਕੇ, ਬੰਦਾ ਬੰਦੇ ਤੋਂ ਪਰ੍ਹੇ ਲੈ ਜਾ ਰਿਹਾ ਸੀ।

ਦਿਨ ਚੌਦਾਂ ਅਪ੍ਰੈਲ ਦਾ ਜਾਣ ਚੰਗਾ, ਸਾਡੀ ਆਸ ਉਮੀਦ ਦਾ ਚੰਨ ਆਇਆ।
ਖਾ ਰਹੇ ਸੀ ਜਿਹੜੇ ਮਨੁੱਖਤਾ ਨੂੰ, ਖੱਟੇ ਉਹਨਾਂ ਦੇ ਕਰਨ ਲਈ ਦੰਦ ਆਇਆ।

ਸਾਡੇ ਸੁੱਤੇ ਹੋਏ ਭਾਗ ਜਗਾਉਣ ਦੇ ਲਈ, ਪ੍ਰਗਟ ਹੋਇਆ ਸੀ ਪੁੰਜ ਕੁਰਬਾਨੀਆਂ ਦਾ।
ਮੋਢਾ ਡਾਅ ਕੇ ਜਿਸ ਨੇ ਪਾਰ ਕੀਤਾ, ਬੇੜਾ ਡੁਬਦਾ ਕਰੋੜਾਂ ਪ੍ਰਾਣੀਆਂ ਦਾ।
ਮਾਣ ਪਲਾਂ ਅੰਦਰ ਜਿਹਨੇ ਤੋੜਿਆ ਸੀ, ਵੱਡੇ ਵੱਡਿਆਂ ਜ਼ਾਤ ਅਭਿਮਾਨੀਆਂ ਦਾ।
ਪਾਜ ਪੱਧਰੇ ਰੱਖ ਉਘਾੜਿਆ ਜਿਨ, ਫਿਰਕਾ ਪ੍ਰਸਤਾਂ ਦੀਆਂ ਬੇਈਮਾਨੀਆਂ ਦਾ।

ਖਾ ਕੇ ਹੱਕ ਪਰਾਇਆ ਜੋ ਪਲੇ ਹੋਏ ਸਨ, ਕਾਲ ਵਾਂਗਰਾਂ ਉਹਨਾਂ ਸਿਰ ਕੂਕਿਆ ਸੀ।
ਸਮਾਜਵਾਦੀ ਵਿਧਾਨ ਦੇ ਲਿਖ ਪੰਨੇ, ਮਨੂੰ ਸਿਮ੍ਰਤੀ ਦੇ ਤਾਈਂ ਫੂਕਿਆ ਸੀ।

ਭੀਮ ਜਦੋਂ ਮਹਾਰਾਂ ਘਰ ਹੋਇਆ ਪੈਦਾ, ਬੇਮੁਹਾਰਾਂ ਨੇ ਮਾਰੂ ਮੁਹਾਰ ਬਦਲੀ।
ਰੋਹ ਭਰੀ ਨੀਤੀ ਨੂੰ ਤਿਆਗ ਕੇ ਤੇ, ਕੋਮਲ ਕਲੀ ਦੇ ਵਾਂਗ ਤਲਵਾਰ ਬਦਲੀ।
ਪੱਖ ਕਰਨ ਲਈ ਕਾਮਿਆਂ ਕਿਰਤੀਆਂ ਦਾ, ਲੋਟੂ ਢਾਣੇ ਨੇ ਸੋਚ ਵਿਚਾਰ ਬਦਲੀ।
ਫੁੱਟ ਪਾਊ ਸਮਾਜ ਭੀ ਰੋਇਆ ਫੁੱਟ-ਫੁੱਟ, ਦਲਿਤ ਵਰਗ ਦੀ ਜਿੱਤ ਵਿਚ ਹਾਰ ਬਦਲੀ।

ਕਿਸੇ ਇਕ ਅਹੱਲਿਆ ਹੋਊ ਤਾਰੀ, ਇਹਨੇ ਇਸਤਰੀ ਜਾਤੀ ਨੂੰ ਤਾਰ ਦਿੱਤਾ।
ਕਰਜ਼ਾ ਪੁਰਸ਼ ਸਿਰ ਮਨੂੰ ਨੇ ਚਾੜ੍ਹਿਆ ਜੋ, ਅੰਬੇਡਕਰ ਨੇ ਆ ਕੇ ਉਤਾਰ ਦਿੱਤਾ।

ਰਾਜਨੀਤੀ ਦੇ ਉਸ ਨੇ ਪਿੜ ਅੰਦਰ, ਪਾਇਆ ਮਾਤ ਸੀ ਰਾਜਸੀ ਢਾਨਿਆਂ ਨੂੰ।
ਮਾਣ ਮੱਤਿਆਂ ਤਾਂਈਂ ਪਿਛਾਂਹ ਕਰਕੇ, ਲਾਇਆ ਉਂਗਲੀ ਉਹਨੇ ਨਿਮਾਣਿਆਂ ਨੂੰ।
ਜ਼ੁਲਮ ਸਾਹਮਣੇ ਡਟਣਾ ਸਿੱਖ ਗਏ ਹਨ, ਐਨਾ ਬਖਸ਼ਿਆ ਤਾਣ ਨਿਤਾਣਿਆਂ ਨੂੰ।
ਉਹਦੀ ਲੇਖਣੀ ਚੰਡੀ ਦਾ ਰੂਪ ਬਣ ਕੇ, ਖਤਮ ਕਰ ਗਈ ਫਿਰਕੂ ਜਰਵਾਣਿਆਂ ਨੂੰ।

ਤਿੱਖੇ ਕੰਡਿਆਂ ਤੇ ਤੁਰ ਕੇ ਉਮਰ ਸਾਰੀ, ਫੁੱਲ ਚੁਣ ਗਿਆ ਏ ਕਰਮਕਾਂਡੀਆਂ ਦੇ।
ਝੰਡਾ ਗੱਡ ਗਰੀਬਾਂ ਲਈ ਏਕਤਾ ਦਾ, ਤੱਕਲਾ ਗੱਡ ਗਿਆ ਸੇਹ ਦਾ ਗੁਆਂਢੀਆਂ ਦੇ।

ਕਿਹਾ ਉਸ ਨੇ ਦੇਸ਼ ਦੇ ਵਾਰਸਾਂ ਨੂੰ, ਨਾ ਕੋਈ ਵੱਡਾ ਹੋਵੇ, ਨਾ ਕੋਈ ਛੋਟਾ ਹੋਵੇ।
ਘਰ ਘਰ ਸਚਾਈ ਦੀ ਵਗੇ ਗੰਗਾ, ਸਾਰੇ ਖਰੇ ਹੋਵਣ ਨਾ ਕੋਈ ਖੋਟਾ ਹੋਵੇ।
ਨੱਚਣ ਲਾਲੀਆਂ ਸਾਰਿਆਂ ਚਿਹਰਿਆਂ ਤੇ, ਨਾ ਕੋਈ ਲਿੱਸਾ ਹੋਵੇ ਨਾ ਕੋਈ ਮੋਟਾ ਹੋਵੇ।
ਇਹਨਾ ਹੋਵੇ ਕਿ ਸਿਰੋਂ ਇਕ ਫਿਰ ਨੰਗੀ, ਲੱਗਾ ਦੂਜੀ ਦੀ ਚੁੰਨੀ ਨੂੰ ਗੋਟਾ ਹੋਵੇ।

ਲੰਡਨ ਵਿਚ ਜਾ ਕੇ ਏਸੇ ਸੂਰਮੇ ਨੇ, ਪੱਛੜੇ ਵਰਗ ਦੇ ਪੱਖ ਨੂੰ ਰੱਖਿਆ ਸੀ।
ਆਦਿ ਧਰਮ ਤਾਂਈਂ ਕਾਇਮ ਰਖਣੇ ਲਈ, ਮੋਹਰਾ ਰਾਖਵੇਂ ਹੱਕਾਂ ਦਾ ਚੱਖਿਆ ਸੀ।

ਮਾਣ ਕਲਮ ਦਾ ਪੱਛਮੀ ਆਲਮਾਂ ਨੂੰ, ਕੁਝ ਮਾਣ ਫਿਰਕੂ ਹਿੰਦੁਸਤਾਨੀਆਂ ਨੂੰ।
(ਪਰ) ਇਸਦੀ ਲੇਖਣੀ ਦੇ ਲਿਖੇ ਲੇਖ ਸੁੰਦਰ, ਕਰ ਗਏ ਮਾਤ ਉਲਮਾ ਯੂਨਾਨੀਆਂ ਨੂੰ।
ਇਸਦੀ ਰਾਜਨੀਤੀ ਉਤੇ ਫਖਰ ਸਾਨੂੰ, ਜਿਵੇਂ ਮਾਣ ਸੀ ਵੈਦ ਲੁਕਮਾਨੀਆਂ ਨੂੰ।
ਲੰਡਨ ਵਿਚ ਚੈਲੰਜ ਵਾਰ ਵਾਰ ਕੀਤੇ, ਦੁਨੀਆਂ ਭਰ ਦੇ ਏਸ ਨੇ ਬਾਨੀਆਂ ਨੂੰ।

ਬਾਬਾ ਸਾਹਿਬ ਵਿਧਾਨ ਦੇ ਪੰਨਿਆਂ ਤੇ, ਬੇਗਮਪੁਰੇ ਦਾ ਨਕਸ਼ਾ ਬਣਾ ਗਿਆ ਏ।
ਸ਼ੇਰ ਬੱਕਰੀ ਇਕ ਥਾਂ ਖੜ੍ਹਾ ਕਰਕੇ, ਡਰ ਦੋਹਾਂ ਫਰੀਕਾਂ ਦਾ ਲਾਹ ਗਿਆ ਏ।

ਮਿਹਨਤਕਸ਼ਾਂ ਗਰੀਬਾਂ ਨਿਤਾਣਿਆਂ ਦੀ, ਜਿੰਨੀ ਹੋ ਸਕੀ ਸੇਵਾ ਕਰ ਗਿਆ ਉਹ।
ਜਿਸ ਦੇ ਵਰ ਨਹੀਂ ਸੀ ਵੀਰੋ ਮੇਚ ਆਉਂਦਾ, ਉਸ ਹੱਕਾਂ ਦੀ ਹੀਰ ਨੂੰ ਵਾਰ ਗਿਆ ਉਹ।
ਜਿੰਨ੍ਹਾਂ ਕੰਨਾਂ ਦੇ ਵਿਚ ਸੀ ਪਿਆ ਸਿੱਕਾ, ਅਕਲ ਵਿੱਦਿਆ ਉਨ੍ਹਾਂ 'ਚ ਭਰ ਗਿਆ ਉਹ।
ਗਲੋਂ ਲਾਹ ਗੁਲਾਮੀ ਦੇ ਸੰਗਲਾਂ ਨੂੰ, ਲਾ ਖੁੱਲ੍ਹ ਦੇ ਦੋਸਤੋ ਪਰ ਗਿਆ ਉਹ।

ਪਹਿਲੀ ਗੱਲ ਉਸਨੇ ਆਖੀ ਪੜ੍ਹੋ ਵਿਦਿਆ, ਦੂਜੀ ਜਥੇਬੰਦੀ ਕਰ ਹੁਸ਼ਿਆਰ ਹੋ ਜਾਓ।
'ਮਾਣਕ' ਆਪਣੇ ਹੱਕਾਂ ਨੂੰ ਲੈਣ ਖਾਤਰ, ਤੀਜੀ ਗੱਲ ਸੰਘਰਸ਼ ਲਈ ਤਿਆਰ ਹੋ ਜਾਓ।

**– ਚਾਨਣ ਲਾਲ 'ਮਾਣਕ'**

## ਦੱਸੋ ਵਿਦਿਆ ਬਿਨਾਂ ਇਨਸਾਨ ਕੀ ਏ!

ਅੱਖਾਂ ਹੋਣ ਤਾਂ ਸ਼ਰਮ ਹਿਆ ਵੀ ਏ, ਜੇਕਰ ਅੱਖੀਆਂ ਨਹੀਂ ਜਹਾਨ ਕੀ ਏ।
ਕੱਦ ਭਾਵੇਂ ਹਿਮਾਲਾ ਦੀ ਛੋਹੇ ਚੋਟੀ, ਜੇਕਰ ਜਾਨ ਹੀ ਨਹੀਂ ਜੁਆਨ ਕੀ ਏ।
ਜਿਹਦੇ ਫੁੱਲ ਵਿਚ ਮਨ ਨੂੰ ਮੋਹਣ ਵਾਲੀ, ਜੇਕਰ ਮਹਿਕ ਹੀ ਨਹੀਂ ਗੁਲਿਸਤਾਨ ਕੀ ਏ।
ਜਿਹੜੀ ਬੋਲਿਆ ਬੋਲ ਨਾ ਕਰੇ ਪੂਰਾ, ਉਹ ਬੋਲਦੀ ਹੋਈ ਜ਼ੁਬਾਨ ਕੀ ਏ।
ਝੁੱਗਾ ਲੁਟ ਕੇ ਕਿਸੇ ਗਰੀਬੜੇ ਦਾ, ਵੰਡੇ ਬ੍ਰਾਹਮਣਾਂ ਨੂੰ ਉਹ ਦਾਨ ਕੀ ਏ।
ਜਿਹੜੇ ਪੜ੍ਹਨ ਨਾਲ ਜੱਗ ਦੀ ਮਿਲੇ ਸੋਝੀ, ਉਸ ਵਿੱਦਿਆ ਬਿਨਾਂ ਇਨਸਾਨ ਕੀ ਏ।

ਪੜ੍ਹਿਆ ਜਦ ਤੋਂ ਅਸਾਂ ਨੇ ਵਿੱਦਿਆ ਨੂੰ, ਸਾਡੇ ਮਨਾਂ ਤਾਈਂ ਇਨ੍ਹੇ ਮੋਹ ਲਿਆਏ।
ਇਹਦੀ ਸਾਇੰਸ ਐਨੀ ਉਚੀ ਫਿਰੇ ਉਡਦੀ, ਜਿਨ੍ਹੇ ਚੰਦ, ਸੂਰਜ ਤਾਈਂ ਛੋਹ ਲਿਆ।

ਜਰਬਾਂ ਦੇ ਕੇ ਇਹਦੇ ਹਿਸਾਬ ਨੇ ਵੀ, ਜ਼ਰਾ ਜ਼ਰਾ ਜ਼ਮੀਨ ਦਾ ਟੋਹ ਲਿਆ ਏ।
ਯੁੱਗ ਪੁਰਸ਼, ਜਗਿਆਸੂ ਵਿਗਿਆਨੀਆਂ ਨੇ, ਕੁਦਰਤ ਕੋਲੋਂ ਵੀ ਬਹੁਤ ਕੁਝ ਖੋਹ ਲਿਆ ਏ।

ਜਿਸ ਵਿੱਦਿਆ ਨੇ ਸਾਨੂੰ ਅਕਲ ਬਖਸ਼ੀ, ਇਸ ਤੋਂ ਵੱਧ ਹੋਰ ਦੱਸੋ ਅਹਿਸਾਨ ਕੀ ਏ।
ਜੋ ਹਨ੍ਹੇਰਿਆਂ ਘਰਾਂ ਵਿਚ ਲੋ ਵੰਡੇ, ਉਸ ਵਿੱਦਿਆ ਬਿਨਾਂ ਇਨਸਾਨ ਕੀ ਏ।

ਅਨਪੜ੍ਹਾਂ, ਗਰੀਬਾਂ ਨੂੰ ਉਨਤੀ ਦਾ, ਸ਼ਾਹ ਰਾਹ ਵਿਖਾਇਆ ਤਾਂ ਵਿੱਦਿਆ ਨੇ।
ਰਹਿਣੀ ਬਹਿਣੀ ਤੇ ਕਾਰ ਵਿਉਪਾਰ ਵਾਲਾ, ਢੰਗ ਢੱਬ ਸਿਖਾਇਆ ਤਾਂ ਵਿਦਿਆ ਨੇ।

ਛੂਤ-ਛਾਤ ਦੇ ਭੂਤ ਨੂੰ ਦਿਨ ਦੀਵੀਂ ਜਨਤਾ ਸਾਹਮਣੇ ਢਾਇਆ ਤਾਂ ਵਿਦਿਆ ਨੇ।
ਡੀ. ਸੀ., ਕਮਿਸ਼ਨਰ, ਵਿਧਾਇਕ, ਉਦਯੋਗਪਤੀ, ਲਾਅ ਮਨਿਸਟਰ ਬਣਾਇਆ ਤਾਂ ਵਿੱਦਿਆ ਨੇ।
'ਮਾਣਕ' ਵਿਦਿਆ ਦੀ ਜਿਹਦੇ ਕੋਲ ਪੂੰਜੀ, ਉਹਦੀ ਤੁੱਲ ਕੋਈ ਹੋਰ ਧੰਨਵਾਨ ਕੀ ਏ।
ਵਰਤਮਾਨ ਇਸ ਕਲਾ ਦੇ ਯੁੱਗ ਅੰਦਰ, ਦੱਸੋ ਵਿੱਦਿਆ ਬਿਨਾਂ ਇਨਸਾਨ ਕੀ ਏ।

**– ਚਾਨਣ ਲਾਲ 'ਮਾਣਕ'**

## ਇਤਿਹਾਸ ਨਹੀਂ

ਜਿਸ ਘਰ ਵਿਚ ਇਕ ਦੂਜੇ ਤੇ ਵਿਸ਼ਵਾਸ ਨਹੀਂ।
ਏਕੇ ਦਾ ਉਸ ਘਰ ਵਿਚ ਹੁੰਦਾ ਵਾਸ ਨਹੀਂ।

ਸਾਧ ਸੰਗਤ ਦੇ ਦਾਸ ਨਹੀਂ ਉਹ ਬਣ ਸਕਦੇ
ਮਨ ਜਿਹਨਾਂ ਦਾ ਆਪਣਾ ਹੁੰਦਾ ਦਾਸ ਨਹੀਂ।

ਉਜੜਿਆਂ ਦੇ ਤਾਈਂ ਉਹਨਾਂ ਵਸਾਉਣਾ ਕੀ।
ਆਪਣੇ ਰਹਿਣ ਲਈ ਜਿਹਨਾਂ ਕੋਲ ਨਿਵਾਸ ਨਹੀਂ।

ਆਉਣ ਨਿਰਾਸੇ ਜਾਣ ਨਿਰਾਸੇ ਦੁਨੀਆਂ ਤੋਂ
ਜਿਹਨਾਂ ਦੇ ਦਿਲ ਕਿਸੇ ਲਈ ਅਹਿਸਾਸ ਨਹੀਂ।

ਉਹ ਵੀ ਬੰਦਾ ਆਮ 'ਚ ਗਿਣਿਆ ਜਾਂਦਾ ਏ,
ਜਿਹੜਾ ਬੰਦਾ ਕਿਸੇ ਨੂੰ ਮੰਨਦਾ ਖਾਸ ਨਹੀਂ।

ਕੌਮ ਲਈ ਕੁਰਬਾਨੀ ਉਸ ਨੇ ਦੇਣੀ ਕੀ,
ਜਿਸ ਦੇ ਤਨ ਤੇ ਮਾਸਾ ਭਰ ਵੀ ਮਾਸ ਨਹੀਂ।

ਆਪਣੀ ਘਰ ਦੀ ਰਾਸ ਨਹੀਂ ਜਿਸ ਬੰਦੇ ਦੀ
ਵਣਜ ਉਸ ਦਾ ਕਦੇ ਵੀ ਆਉਂਦਾ ਰਾਸ ਨਹੀਂ।

ਮਾਰ ਨਹੀਂ ਹੈ ਖਾਧੀ ਜਿਨ ਅਧਿਆਪਕ ਦੀ
ਪ੍ਰੀਖਿਆ ਦੇ ਵਿਚ ਉਹ ਵੀ ਹੁੰਦਾ ਪਾਸ ਨਹੀਂ।

ਜਿਸ ਦੇ ਕੋਲ ਸ਼ਹੀਦਾਂ ਦੀ ਕੋਈ ਪੂੰਜੀ ਨਹੀਂ,
ਉਸ ਕੌਮ ਦਾ ਦੁਨੀਆਂ ਵਿਚ ਇਤਿਹਾਸ ਨਹੀਂ।

**– ਚਾਨਣ ਲਾਲ 'ਮਾਣਕ'**

## ਭਾਰਤੀ ਸਭਿਅਤਾ ਨੂੰ ਕਾਇਮ ਰੱਖਣ ਵਾਲੇ ਪਤੀ ਦੀ ਸੁਪਤਨੀ ਜਗਤ ਮਾਤਾ ਗੁਜ਼ਰੀ ਜੀ

ਖੇਡਾਂ ਬੜੀਆਂ ਖਿਡਾਰੀਆਂ ਖੇਡੀਆਂ ਹਨ, ਮਾਤਾ ਗੁਜਰੀ ਨੇ ਖੇਡ ਕਮਾਲ ਕੀਤਾ।
ਗੁਜਰੀ ਹੋਈ ਤਾਰੀਖ ਵੀ ਦੱਸਦੀ ਏ, ਜਿਹੜਾ ਗੁਜਰੀ ਨੇ ਹੱਲ ਸੁਆਲ ਕੀਤਾ।
ਟੁੱਟੇ ਦਿਲਾਂ ਤੇ ਟੁੱਟਿਆ ਜੰਜੂਆਂ ਨੂੰ, ਏਸੇ ਮਾਂ ਨੇ ਆ ਕੇ ਬਹਾਲ ਕੀਤਾ।
ਲਾਲ ਚੰਦ ਦੀ ਬੇਟੀ ਨੇ ਲਹੂ ਦੇ ਕੇ, ਭਾਰਤ ਮਾਂ ਦੀ ਚੁੰਨੀ ਨੂੰ ਲਾਲ ਕੀਤਾ।
ਗੁਜਰੀ ਲੈ ਕੇ ਜਨਮ ਕਰਤਾਰਪੁਰ 'ਚ, ਬੂਹੇ ਜ਼ੁਲਮ ਤੇ ਸਿਤਮ ਦੇ ਭੇੜ ਗਈ ਏ।
ਦੇ ਕੇ ਜਨਮ ਇਕ ਮਰਦ ਅਗੰਮੜੇ ਨੂੰ, ਮੁਗਲ ਰਾਜ ਦੇ ਬਖੀਏ ਉਧੇੜ ਗਈ ਏ।

ਇਹ ਉਹ ਗੁਜਰੀ ਜਿਹੜੀ ਉਮਰ ਸਾਰੀ, ਮਰ ਮਰ ਕੇ ਜ਼ਿੰਦਗੀ ਪਾਉਂਦੀ ਰਹੀ।
ਕਿਵੇਂ ਵਤਨ ਤੇ ਲਾਲੀਆਂ ਆਉਂਦੀਆਂ ਹਨ, ਆਪਣੇ ਲਾਲਾਂ ਨੂੰ ਇਉਂ ਸਮਝਾਉਂਦੀ ਰਹੀ।
ਖੇੜੀ ਗਈ ਪਰ ਖਿੜੀ ਨਾ ਆਸ ਮਨ ਦੀ, ਖਿੜੇ ਮੱਥੇ ਅਜਾਬ ਉਠਾਉਂਦੀ ਰਹੀ।
ਪੋਤੇ ਕੰਧਾਂ ਦੇ ਵਿਚ ਸ਼ਹੀਦ ਹੋ ਗਏ, ਆਪ ਫੁੱਲ ਵਾਂਗਰ ਮੁਸਕਰਾਉਂਦੀ ਰਹੀ।
ਗੁਜਰੀ ਮਾਂ ਉਤੇ ਕੀ ਕੀ ਗੁਜਰੀ, ਜੀਊਂਦੇ ਜੀ ਗੁਜਰੀ ਆਪਾ ਵਾਰ ਗਈ ਏ।
ਡੁੱਬ ਕੇ ਆਪਣੇ ਪਰਿਵਾਰ ਦੇ ਲਹੂ ਅੰਦਰ, ਬੇੜੀ ਦੇਸ਼ ਤੇ ਕੌਮ ਦੀ ਤਾਰ ਗਈ ਏ।

ਭਾਰਤ ਮਾਂ ਦਾ ਮੈਂ ਸੁਹਾਗ ਚਾਹਾਂ, ਮੇਰਾ ਜਾਏ ਸੁਹਾਗ ਤਾਂ ਫਿਕਰ ਕੋਈ ਨਹੀਂ।
ਦੇਸ਼ ਚਮਨ ਅੰਦਰ ਖੇੜਾ ਲੋਚਦੀ ਹਾਂ, ਮੇਰਾ ਉਜੜ ਜਾਏ ਬਾਗ ਤਾਂ ਫਿਕਰ ਕੋਈ ਨਹੀਂ।
ਮੈਂ ਤਾਂ ਰੌਸ਼ਨੀ ਮੰਗੀ ਏ ਝੁੱਗੀਆਂ ਲਈ, ਮੇਰਾ ਬੁਝ ਜਾਏ ਚਰਾਗ ਤਾਂ ਫਿਕਰ ਕੋਈ ਨਹੀਂ।
ਭਾਗਸ਼ਾਲੀ ਹੋਵੇ ਭਾਰਤ ਵਰਸ਼ ਮੇਰਾ, ਮੇਰੇ ਮੰਦੜੇ ਹਾਲ ਤਾਂ ਫਿਕਰ ਕੋਈ ਨਹੀਂ।
ਜਿਵੇਂ ਸਮਾਂ ਗੁਜ਼ਾਰਿਆ ਮਾਂ ਭਾਨੀ, ਗੁਜਰੀ ਮਾਂ ਵੀ ਏਦਾਂ ਈਂ ਗੁਜਾਰ ਦਏਗੀ।
ਜੀਵਨ ਆਪਣੇ ਦੇਸ਼ ਨੂੰ ਬਖਸ਼ ਦਏਗੀ, ਥੱਪੜ ਮੌਤ ਦੇ ਮੂੰਹ 'ਤੇ ਮਾਰ ਦਏਗੀ।

ਇਹਦੇ ਲਾਲ ਤਾਈਂ ਦਿੱਤੇ ਬੜੇ ਲਾਲਚ, ਮੁਗਲ ਰਾਜ ਤੋਂ ਉਹ ਨਾ ਖਰੀਦ ਹੋਇਆ।
ਇਹਦੇ ਪੋਤਰੇ ਵੇਖ ਸ਼ਹੀਦ ਹੁੰਦੇ, ਸ਼ਾਹ ਸਰਮੱਦ ਵੀ ਆ ਕੇ ਮੁਰੀਦ ਹੋਇਆ।
ਜਦੋਂ ਜੰਮੂ-ਕਸ਼ਮੀਰ ਤੇ ਪਈ ਬਿਪਤਾ, ਬੱਚਾ, ਬੱਚਾ ਜਦ ਬੇ-ਉਮੀਦ ਹੋਇਆ।
ਚਾਨਣ ਦੇਣ ਲਈ ਚਾਂਦਨੀ ਚੌਂਕ ਅੰਦਰ, ਨੌਵੇਂ ਪਾਤਸ਼ਾਹ ਜਾ ਕੇ ਸ਼ਹੀਦ ਹੋਇਆ।
ਦੇਸ਼ ਕੌਮ ਲਈ ਪੁੱਤ ਤੇ ਪੋਤਿਆਂ ਨੂੰ, ਤੇਗਾਂ ਵਹੁੰਣੀਆਂ ਇਹਨੇ ਸਿਖਾ ਦਿੱਤੀਆਂ।
ਲੜ ਕੇ ਜ਼ਾਲਮਾਂ ਨਾਲ ਸਿਰ ਲੱਥਿਆਂ ਨੇ, ਲੋਥਾਂ ਸੱਥਰਾਂ ਵਾਂਗ ਵਿਛਾ ਦਿੱਤੀਆਂ।

ਲਾਲ ਗੁਜਰੀ ਦਾ ਲੰਘਿਆ ਜਿੰਨ੍ਹੀ ਰਾਹੀਂ, ਦੁਸ਼ਮਣ ਕੰਬਦੇ ਅਤੇ ਤ੍ਰੈਹਕਦੇ ਸੀ।
ਹਾਕਮ ਸਮੇਂ ਦੇ ਖਾਂਦੇ ਸੀ ਭੈਅ ਉਸ ਤੋਂ, ਹਿਰਦੇ ਦੁਖੀ ਮਜ਼ਲੂਮਾਂ ਦੇ ਟਹਿਕਦੇ ਸੀ।
ਇਹਦੇ ਬਾਗ ਉਤੇ ਭਾਵੇਂ ਖਿਜ਼ਾ ਆਈ, ਫੁੱਲ ਭਾਰਤ ਬਗੀਚੇ ਦੇ ਮਹਿਕਦੇ ਸੀ।
ਮਹਾਂ ਸਿੰਘ ਜਹੇ ਭੁਲਾਂ ਬਖਸ਼ਾਉਣ ਖਾਤਰ, ਮਰਦੇ ਦਮ ਤੱਕ ਦਰਸ਼ਨ ਲਈ ਸਹਿਕਦੇ ਸੀ।

ਗੁਜਰੀ ਮਾਂ ਨੇ ਧਰਮ ਦੀ ਰੱਖਿਆ ਲਈ, ਵਾਰ ਆਪਣਾ ਸਾਰਾ ਪਰਿਵਾਰ ਦਿੱਤਾ।
'ਮਾਣਕ' ਵਾਰ ਕੇ ਨੈਣਾਂ ਦੇ ਤਾਰਿਆਂ ਨੂੰ, ਬੇੜਾ ਹਿੰਦੁਸਤਾਨ ਦਾ ਤਾਰ ਦਿੱਤਾ।

**– ਚਾਨਣ ਲਾਲ 'ਮਾਣਕ'**

## ਮੈਂ ਵੇਖਾਂਗਾ ਕਦੋਂ ਤੱਕ

ਜਦੋਂ ਮੈਂ ਭੁੱਖ ਹੱਥੋਂ ਵਿਲਕਦੇ ਮਜ਼ਦੂਰ ਵੇਂਹਦਾ ਹਾਂ।
ਜਦੋਂ ਪੱਥਰ ਦੇ ਭਾਅ ਮੈਂ ਤੁੱਲਦਾ ਕੋਹਿਨੂਰ ਵੇਂਹਦਾ ਹਾਂ।
ਜਦੋਂ ਇਸ ਨਰਕ ਜਿਹੀ ਦੁਨੀਆਂ 'ਚ ਰੁਲਦੀ ਹੂਰ ਵੇਂਹਦਾ ਹਾਂ।
ਜਦੋਂ ਮੈਂ ਆਸ ਦਾ ਸੂਰਜ ਕਈ ਕੋਹਿ ਦੂਰ ਵੇਂਹਦਾ ਹਾਂ।
ਤਾਂ ਮੇਰੀ ਉਮਰ ਭਰ ਦੀ ਸੋਚ ਭੁਲਾਂ ਵਿਚ ਪੈ ਜਾਂਦੀ।
ਚੜ੍ਹੀ ਗੁੱਡੀ ਖਿਆਲਾਂ ਦੀ ਪਲਾਂ ਦੇ ਵਿਚ ਲਹਿ ਜਾਂਦੀ।

ਘੇਰਾਂ ਪੈਂਦੀਆਂ ਦਿਲ ਵਿਚ ਉਦੋਂ ਜੀਆ ਵੀ ਖਸਦਾ ਏ।
ਵੇਹਲੜ ਮਖਮਲਾਂ ਉਤੇ ਵੀ ਜਦ ਰੋ ਰੋ ਕੇ ਦਸਦਾ ਏ।
ਜਿਹਦੀ ਸੇਜ ਸੂਲਾਂ ਦੀ ਵਿਚਾਰਾ ਫਿਰ ਵੀ ਹਸਦਾ ਏ।
ਜਿਹਨੂੰ ਵੇਖ ਕੇ ਕਾਦਰ ਵੀ ਕੋਹ ਦੂਰ ਨੱਸਦਾ ਏ।
ਏਹੋ ਹਾਲਤ ਮੇਰੇ ਪ੍ਰਫੁੱਲਿਤ ਤੇ ਆਜ਼ਾਦ ਭਾਰਤ ਦੀ।
ਮੈਂ ਵੇਖਾਂਗਾ ਕਦੋਂ ਤੱਕ ਦਸ਼ਾ ਇਹ ਬਰਬਾਦ ਭਾਰਤ ਦੀ।

ਅਦਲ ਦੇ ਅੰਤ ਦੀ ਕੰਨਾਂ 'ਚ ਜਦੋਂ ਸੂਹ ਪੈਂਦੀ ਏ।
ਮੇਰੇ ਮਨ ਦੀ ਬਸਤੀ ਵਸ ਰਹੀ ਵਿਚ ਜੂਹ ਪੈਂਦੀ ਏ।
ਕੰਬਦੀ ਆਤਮਾ ਮੇਰੀ ਕਲੇਜੇ ਧੂਹ ਪੈਂਦੀ ਏ।
ਕੀਤੀ ਕਤਰੀ ਜਦੋਂ ਕਮਾਈ ਖੂਹ ਪੈਂਦੀ ਏ।
ਸਾਝੇ ਰਾਜ ਦੇ ਪੂਰੇ ਕਦੋਂ ਹੁਣ ਹੋਣਗੇ ਸੁਪਨੇ।
ਢੋਏ ਅਣਖ ਗੈਰਤ ਦੇ ਕਦੋਂ ਹੁਣ ਢੋਣਗੇ ਸੁਪਨੇ।

ਜਨਤਾ ਸੁੱਤੀਏ ਤੂੰ ਜਾਗ ਵੇਲਾ ਬੀਤ ਨਾ ਜਾਵੇ।
ਵੇਲਾ ਬੀਤਿਆ ਮੁੜ ਕੇ ਕਿਸੇ ਦੇ ਹੱਥ ਨਾ ਆਵੇ।
ਜਾਗਣ ਵਾਲੜ੍ਹਾਂ ਹੀ ਜਗ ਵਿਚੋਂ ਮਰਤਬਾ ਪਾਵੇ।
ਕਾਮੇ ਕਿਰਤੀਆਂ ਦੇ ਹੱਕ ਪੂੰਜੀਦਾਰ ਨਾ ਖਾਵੇ।
'ਮਾਣਕ' ਸਮੇਂ ਨੂੰ ਸੰਭਾਲ ਤੂੰ ਹੁਣ ਭੁੱਲ ਨਾ ਜਾਵੀਂ।
ਕਿਧਰੇ ਕੌਡੀਆਂ ਦੇ ਭਾਅ ਐਵੇਂ ਤੁਲ ਨਾ ਜਾਵੀਂ।



ਜੋਗਿੰਦਰ ਬਾਹਰਲਾ ਦਾ ਜਨਮ 7 ਫਰਵਰੀ, 1928 ਨੂੰ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਜਿਆਣ ਵਿਚ ਹੋਇਆ ਜੋ ਚੱਬੇਵਾਲ਼ ਕੋਲ਼ ਹੈ। 1943-44 ਦੇ ਬੰਗਅਲ ਵਿਚ ਪਏ ਕਾਲ਼ ਸਮੇਂ ਉਹ ਨਾਟਕ ਮੰਡਲੀ ਵਿਚ ਸ਼ਾਮਿਲ ਹੋ ਗਿਆ। 47 ਦੀ ਵੰਡ ਤੋਂ ਬਾਅਦ ਮੇਰਠ ਦੇ ਇਕ ਕਾਰਖਾਨੇ ਵਿਚ ਬਾਹਰਲੇ ਨੇ ਨੌਕਰੀ ਕੀਤੀ। ਬੰਬਈ ਗਿਆ ਤਾਂ ਕਾਰਖਾਨੇ ਵਿਚ ਨੌਕਰੀ ਕਰਨੀ ਪਈ। ਇਪਟਾ ਵਿਚ ਸ਼ਾਮਿਲ ਹੋ ਕੇ ਉਹ ਇਸ ਦੀਆਂ ਸਰਗਰਮੀਆਂ ਵਿਚ ਸ਼ਾਮਿਲ ਹੋਇਆ। ਇੱਥੇ ਹੀ ਉਸਦੇ ਗੀਤ ਤੇ ਓਪੇਰੇ 50,000 ਦੇ ਇਕੱਠਾਂ ਸਾਹਮਣੇ ਪੇਸ਼ ਹੋਏ। ਮਿਰਜ਼ਾ ਸਾਹਿਬਾਂ ਉਸਦਾ ਸਭ ਤੋਂ ਪ੍ਰਸਿੱਧ ਓਪੇਰਾ ਸੀ।

ਉਹ ਬਾਹਰਲੇ ਦੇਸ਼ ਵੀ ਗਿਆ। ਬਿਮਾਰੀ ਪਿੱਛੋਂ ਉਸ ਨੂੰ ਇਲਾਜ ਲਈ ਮਾਸਕੋ ਭੇਜਿਆ ਗਿਆ ਪਰ ਉਹ ਠੀਕ ਨਹੀਂ ਹੋ ਸਕਿਆ। ਉਸਦੇ ਗੀਤ, ਓਪੇਰੇ ਸਮੱਚੇ ਰੂਪ ਵਿਚ ਛਪਣ ਦੀ ਉਡੀਕ ਕਰ ਰਹੇ ਹਨ। ਇੱਥੇ ਅਸੀਂ ਉਸ ਵਲੋਂ ਲਿਖੇ ਕੁਝ ਗੀਤ ਅਤੇ ਗ਼ਜ਼ਲਾਂ ਦੇ ਰਹੇ ਹਾਂ। ਇਸ ਬਹਾਨੇ ਉਸਦੀ ਯਾਦ ਵੀ ਤਾਜ਼ਾ ਕਰ ਰਹੇ ਹਾਂ।

(ਡਾ. ਕਰਮਜੀਤ ਸਿੰਘ)



**ਡਾ. ਕਰਮਜੀਤ ਸਿੰਘ**
ਸਾਬਕਾ ਪ੍ਰੋਫੇਸਰ ਅਤੇ ਚੇਅਰਮੈਨ,
ਕੁਰੂਕਸ਼ੇਤਰ ਯੂਨੀਵਰਸਿਟੀ
91 98763 23862

## ਇਸ਼ਕੇ ਕੋਲੋਂ ਦਾਤ ਮਿਲੀ ਹੈ

ਪਾਪਾਂ ਦੀ ਪੰਡ ਸਿਰ 'ਤੇ ਚਾਈ
ਤੁਰ ਪਏ ਚੁੱਪ ਚੁਪੀਤੇ ਹੋ।
ਕੌਣ ਉਹਨਾਂ ਦੀ ਸੁਣੇ ਕਹਾਣੀ
ਬੁੱਲ੍ਹ ਜਿਨ੍ਹਾਂ ਦੇ ਸੀਤੇ ਹੋ।
ਜੁਰਮਾਂ ਦੇ ਅਕਬਾਲ 'ਚੋਂ ਏਥੇ
ਲੱਭੀਆਂ ਕਿਸੇ ਸਫਾਈਆਂ ਨਾ,
ਇਹ ਮੁਨਸਿਫ਼ ਤੇ ਫੱਟ ਬੰਨ੍ਹ ਦੇ
ਅਕਬਾਲ ਜਿਨ੍ਹਾਂ ਨੇ ਕੀਤੇ ਹੋ।
ਦਿਲ 'ਤੇ ਰੱਖ ਲਈ ਪੱਥਰ ਦੀ ਸਿਲ
ਸਿਰ ਲੈ ਲਈ ਅਸੀਂ ਹੋਰਾਂ ਦੀ,
ਦੱਬ ਸੀਨੇ ਦੁਖਦੀ ਅੰਗਿਆਰੀ
ਦੋ ਘੁੱਟ ਸਬਰ ਦੇ ਪੀਤੇ ਹੋ।
ਜਿੰਦ ਦੀ ਬੀਨ ਦੇ ਸੁਰ ਗਏ ਕੀਲੇ
ਖਿੰਡੀਆਂ ਜ਼ਹਿਰਾਂ ਚਾਰ ਚੁਫੇਰੇ,
ਨਾਗ ਨਿਵਾਸੀਂ ਵਸਣ ਅਸਾਡਾ
ਕੀਕਣ ਉਮਰਾ ਬੀਤੇ ਹੋ।
ਪਲ 'ਚ ਪਹਾੜ ਘੜੀ ਵਿਚ ਰਾਈ
ਉਹ ਕਦ ਬੋਲ ਪੁਗਾਂਦੇ ਨੇ,
ਜਨਮਾਂ ਦੀ ਵਿਥ ਵੀ ਨ ਤੋੜੇ
ਕੌਲ ਅਸੀਂ ਜੋ ਕੀਤੇ ਹੋ।
ਇਸ਼ਕੇ ਕੋਲੋਂ ਦਾਤ ਮਿਲੀ ਹੈ
ਜੱਗ ਨਾ ਪੱਲੇ ਯਾਰ ਨਾ ਪੱਲੇ,
ਪੱਲੇ ਵਿਚ ਨੇ ਗ਼ਮ ਉਮਰਾਂ ਦੇ
ਜੋ ਸੰਗ ਅਸਾਂ ਨੇ ਲੀਤੇ ਹੋ।

## ਗੀਤ

ਇਹ ਜੱਗ ਬੜਾ ਕਠੋਰ ਵੇ ਸੱਜਣਾ
ਮਿੱਠੜੀ ਮਿੱਠੜੀ ਦਰਦ ਵੰਡੇਂਦਾ,
ਕੜਵੀ ਕੜਵੀ ਲੋਰ ਵੇ ਸੱਜਣਾ।
ਇਹ ਜੱਗ ਬੜਾ ਕਠੋਰ....।
ਕਿਸੇ ਨਾ ਦਿਲ ਦਾ ਦਰਦ ਵੰਡਾਇਆ
ਕਿਸੇ ਨਾ ਪੀੜਾ ਜਾਣੀ।
ਨੈਣ ਨੁਚੜ ਕੇ ਪੱਥਰ ਹੋ ਗਏ
ਨੀਝ ਪੰਘਰ ਕੇ ਪਾਣੀ।
ਜਿਸ ਦਰ ਜਾ ਕੇ ਝੋਲ ਫੈਲਾਈ
ਪੀੜ ਸਹੇੜੀ ਹੋਰ ਵੇ ਸੱਜਣਾ।
ਇਹ ਜੱਗ ਬੜਾ ਕਠੋਰ......।
ਜੋ ਗ਼ਮ ਸਾਨੂੰ ਜੱਗ ਨੇ ਦਿੱਤੇ
ਸੀਨੇ ਵਿਚ ਸੰਭਾਲੇ।
ਨਿੱਤ ਆਸਾ ਦੀਆਂ ਮੜ੍ਹੀਆਂ ਉਤੇ
ਦੀਪ ਸਬਰ ਦੇ ਬਾਲੇ।
ਚੁੱਪ ਵੀ ਸਾਡੀ ਬਣ ਗਈ ਮਿਹਣਾ
ਹਰ ਕੋਈ ਰਿਹਾ ਟਕੋਰ ਵੇ ਸੱਜਣਾ।
ਇਹ ਜੱਗ ਬੜਾ ਕਠੋਰ........।
ਘੁੱਟ ਘੁੱਟ ਬੰਨ੍ਹੀ ਉਮਰ ਦੀ ਗੰਢੀ
ਇਕੋ ਇਸ਼ਕ ਕਥੂਰੀ।
ਪਰ ਸਾਡੀ ਜਿੰਦੜੀ ਨੇ ਖਾਧੀ
ਨਿੱਤ ਬ੍ਰਿਹਾ ਦੀ ਚੂਰੀ।
ਇਸ ਬ੍ਰਿਹਾ ਮੇਰੇ ਹੱਡੀਂ ਰਚ ਕੇ
ਹੱਡੀਆਂ ਦਿੱਤੀਆਂ ਖੋਰ ਵੇ ਸੱਜਣਾ।
ਇਹ ਜੱਗ ਬੜਾ ਕਠੋਰ......।
ਅਸਾਂ ਤੇ ਆਪਣੇ ਦਿਲ ਦੇ ਵਿਹੜੇ
ਅੱਗ ਹਿਜਰ ਦੀ ਬਾਲੀ।
ਜਿਸ ਦੇ ਸੇਕ ਥੀ ਤਪ ਗਈ
ਸਾਰੇ ਜੱਗ ਦੀ ਲੋਫ ਨਿਹਾਲੀ।
ਦੱਸ ਕਿਸੇ ਦਾ ਮੂੰਹ ਕਿੰਜ ਫੜੀਏ
ਕੀ ਏ ਸਾਡਾ ਜ਼ੋਰ ਵੇ ਸੱਜਣਾ।
ਇਹ ਜੱਗ ਬੜਾ ਕਠੋਰ......।

## ਕਾਲੀ ਰਾਤ

ਮੈਂ ਇਕ ਕਾਲੀ ਰਾਤ, ਵੇ ਸੱਜਣਾ
ਮੈਂ ਇਕ.............
ਮੇਰੇ ਆਣ 'ਤੇ ਸੁੰਨੀ ਹੋ ਜਾਏ
ਸਾਰੀ ਕਾਇਨਾਤ, ਵੇ ਸੱਜਣਾ
ਮੈਂ ਇਕ ਕਾਲੀ.............
ਧਰਤੀ ਦੀ ਵਿਹੁ ਚੂਸ ਕੇ ਸਾਰੀ
ਮੈਂ ਜ਼ਹਿਰੀਲੀ ਹੋਈ।
ਦੇਹ ਮੇਰੀ ਦੀ ਨਾੜੀ ਨਾੜੀ
ਤਾਹੀਓਂ ਨੀਲੀ ਹੋਈ।
ਦੁਨੀਆਂ ਮੈਥੋਂ ਭੈ ਖਾਂਦੀ
ਮੈਂ ਬਣ ਗਈ ਇਕ ਅਫ਼ਾਤ,
ਵੇ ਸੱਜਣਾ ਮੈਂ ਇਕ ਕਾਲੀ........
ਨੀਲ ਗਗਨ ਮੇਰਾ ਮੁਖੜਾ ਜਿਸ 'ਤੇ
ਚਮਕਣ ਲੱਖ ਸਿਤਾਰੇ
ਇਹ ਚਿੰਨ੍ਹ, ਮਾਨਵਤਾ ਦੇ ਗ਼ਮ ਦੇ
ਉਘੜੇ ਬਣ ਅੰਗਿਆਰੇ
ਜਿਸ ਨੇ ਛੂਹ ਲਏ ਲੂਹ ਲਏ ਆਪਣੇ
ਕੋਮਲ ਕੋਮਲ ਪਾਤ, ਵੇ ਸੱਜਣਾ
ਮੈਂ ਇਕ ਕਾਲੀ.............
ਦੁਨੀਆਂ ਆਖੇ ਚੰਨ ਦੀ ਟਿੱਕੀ
ਮੈਂ ਮਸਤਕ 'ਤੇ ਲਾਈ
ਇਹ ਹੈ ਦਾਗ਼ ਮੇਰੇ ਪਾਪਾਂ ਦਾ
ਜੋ ਮੈਂ ਸੰਗ ਲਿਆਈ
ਇਸ ਦੀਆਂ ਕਿਰਨਾਂ ਕਰਨ ਕਲੰਕਤ
ਜਿਸ ਵੱਲ ਪਾਵਣ ਝਾਤ, ਵੇ ਸੱਜਣਾ
ਮੈਂ ਇਕ ਕਾਲੀ...........
ਰੂਪ ਤੇਰੇ ਦੀ ਲਾਟ ਜਾਂ ਤੱਕੀ
ਤਾਂ ਹੋਈ ਕੁੱਝ ਹੌਲੀ
ਪਲ ਦੀ ਪਲ ਲਈ ਇਓਂ ਜਾਪੀ
ਜਿਉਂ ਕਾਲਖ ਹੋ ਗਈ ਧੌਲੀ
ਤੇਰੀ ਤੱਕਣੀ ਸਹਿਜ ਸੁਭਾ ਏ
ਮੇਰੇ ਲਈ ਸੁਗਾਤ, ਵੇ ਸੱਜਣਾ
ਮੈਂ ਇਕ ਕਾਲੀ..........

## ਗ਼ਜ਼ਲ

ਇਸ਼ਕ ਦੀ ਗੰਢ ਪੱਕੀ ਏ
ਜੇ ਖੋਹਲਾਂ ਤੇ ਕਿਵੇਂ ਖੋਹਲਾਂ?
ਜਵਾਨੀ ਦੀ ਉਮੰਗ ਇਕੋ
ਜੇ ਰੋਲਾਂ ਤੇ ਕਿਵੇਂ ਰੋਲਾਂ?
ਜਵਾਨੀ ਰਸ ਭਰੀ ਪਿਆਲੀ
ਜਹਾਂ ਏਸੇ ਦਾ ਰਸ ਮਾਣੇ
ਜ਼ਹਿਰ ਮੈਂ ਏਸ ਦੇ ਅੰਦਰ
ਜੇ ਘੋਲਾਂ ਤੇ ਕਿਵੇਂ ਘੋਲਾਂ?
ਹੁਸਨ ਨੇ ਹੈ ਵਫ਼ਾ ਕੀਤੀ
ਇਸ਼ਕ ਮੇਰਾ ਗਵਾਹ ਬੈਠਾ
ਮੈਂ ਪਲੜੇ ਬੇਵਫ਼ਾਈ ਦੇ
ਜੇ ਤੋਲਾਂ ਤੇ ਕਿਵੇਂ ਤੋਲਾਂ?
ਜੋ ਸੀਨਾ ਚੀਰ ਕੇ ਰੱਖਿਆ
ਜ਼ਮਾਨਾ ਸੌ ਸਵਾਹ ਹੋਇਆ,
ਕਿਸੀ ਦੇ ਸਾਹਮਣੇ ਦਿਲ ਨੂੰ
ਜੇ ਫੋਲਾਂ ਤੇ ਕਿਵੇਂ ਫੋਲਾਂ?
ਬੁੱਲ੍ਹਾਂ ਨੂੰ ਸੀ ਦਿੱਤਾ ਕਸ ਕੇ
ਸਮੇਂ ਦੀ ਡੋਰ ਪੱਕੀ ਨੇ
ਮੇਰਾ ਬੋਲਣ 'ਤੇ ਜੀ ਆਇਆ
ਜੇ ਬੋਲਾਂ ਤੇ ਕਿਵੇਂ ਬੋਲਾਂ?
ਚਮਨ ਦੇ ਮਾਲੀਆਂ ਨੇ ਹੀ
ਚਮਨ ਵੀਰਾਨ ਕਰ ਦਿਤੇ
ਵੀਰਾਨੇ 'ਚੋਂ ਬਹਾਰਾਂ ਨੂੰ
ਜੇ ਟੋਲਾਂ ਤੇ ਕਿਵੇਂ ਟੋਲਾਂ?

## ਗ਼ਜ਼ਲ

ਅਸੀਂ ਬਰਬਾਦ ਵੀ ਹੋਏ,
ਅਸੀਂ ਨਾਸ਼ਾਦ ਵੀ ਹੋਏ,
ਨਾ ਵਿੰਗਾ ਵਾਲ ਧਰਤੀ ਦਾ
ਨਾ ਕੰਬਿਆ ਆਸਮਾਂ ਕੋਈ।
ਕਿਸੀ ਆਪਣੇ ਨੇ ਵੀ ਨਾ ਸਮਝੀਆਂ
ਮਜਬੂਰੀਆਂ ਆਪਣੀ,
ਬਿਗਾਨੇ ਦੀ ਤੇ ਦੱਸ ਕੀਕਣ,
ਹੈ ਫੜ ਸਕਦਾ ਜ਼ਬਾਂ ਕੋਈ।
ਹਰ ਇਕ ਮਹਿਫ਼ਲ 'ਚ ਹਰ ਕੋਈ
ਬਜਾਵੇ ਆਪਣੀ ਡੱਫਲੀ,
ਮੈਂ ਦਿਲ ਦੀ ਦਿਲ 'ਚ ਰੱਖ ਮੁੜਿਆ
ਸੁਣੇ ਨਾ ਦਾਸਤਾਂ ਕੋਈ।
ਕਿਸੀ ਪੱਥਰ ਦੇ ਠਾਕਰ ਨੂੰ
ਅਮਲ ਆਪਣੇ ਜੇ ਦਿਖਲਾਂਦੇ,
ਤੇ ਮਿਲ ਸਕਦਾ ਸੀ ਪੱਥਰ 'ਚੋਂ—
ਵੀ ਦਰਦਾਂ ਦਾ ਨਿਸ਼ਾਂ ਕੋਈ।
ਬਜ਼ੁਰਗਾਂ ਨੇ ਜਵਾਨੀ ਨੂੰ—
ਹੈ ਨਾਂ ਦਿੱਤਾ ਗੁਨਾਹਾਂ ਦਾ,
ਗੁਨਾਹ ਰੋਕਣ ਲਈ ਕਹਿੰਦੇ,
ਹੋਣ ਨਹੀਂ ਦੇਣਾ ਜਵਾਂ ਕੋਈ।
ਅਕਲ ਵਾਲੇ ਅਕਲ ਪਿੱਛੇ
ਪਏ ਡਾਂਗਾਂ ਚਲਾਂਦੇ ਨੇ,
ਨਾ ਕੁਝ ਪੁਛਦੇ ਨਾ ਕੁਝ ਦਸਦੇ
ਨਾ ਵੇਖਣ ਥਾਂ ਕੁ ਥਾਂ ਕੋਈ।
ਅਸਾਡੀ ਹਰ ਅਦਾ ਨੂੰ ਹਰ ਕੋਈ
ਉਲਟੀ ਹੀ ਲੈ ਬਹਿੰਦਾ,
ਪਤਾ ਨਹੀਂ ਕਿਸ ਖ਼ੁਦਾ ਦੇ
ਮਾਰ ਲੀਤੇ ਮਾਂਹ ਅਸਾਂ ਕੋਈ।
ਕਦੀ ਤੇ ਉਲਝੀਉ ਤਾਣੀ ਦੇ
ਸੂਤਰ ਸੂਤ ਹੋਵਣਗੇ,
ਇਹਨਾਂ ਆਸਾਂ 'ਤੇ ਜਿਉਨੇ ਹਾਂ
ਕਿ ਆਵੇਗਾ ਸਮਾਂ ਕੋਈ।

## ਪਗੜੀ ਸੰਭਾਲ

ਪਗੜੀ ਸੰਭਾਲ ਉਏ ਜੱਟਾ, ਪਗੜੀ ਸੰਭਾਲ ਉਏ
ਪਗੜੀ ਸੰਭਾਲ ਤੇਰਾ ਲੁੱਟ ਲਿਆ ਮਾਲ, ਤੇਰਾ....
ਪਗੜੀ ਸੰਭਾਲ............
ਗੋਰਾ ਤੇ ਸੀ ਗ਼ੈਰ, ਜਿਨ੍ਹੇ ਜਿੰਦ ਤੇਰੀ ਮੁੜ ਮੁੜ ਰੋਲੀ।
ਗੋਰੇ ਨੂੰ ਵੀ ਮਾਤ ਕਰ ਗਈ, ਅੱਜ ਕਾਲੇ ਦੀ ਟੋਲੀ।
ਪਾਟ ਗਿਆ ਧਰਤੀ ਦਾ ਸੀਨਾ, ਚਲਦੀ ਵੇਖ ਕੇ ਗੋਲੀ।
ਬੇਦਰਦਾਂ ਨੇ ਬੇ-ਕਿਰਕੀ ਹੋ, ਰੱਤ ਪਾਣੀ ਜਿਉਂ ਡੋਲ੍ਹੀ।
ਲਹੂ ਵਿੱਚ ਭਿੱਜੀ ਤੇਰੀ ਰੋਟੀ ਅਤੇ ਦਾਲ
ਪਗੜੀ ਸੰਭਾਲ............
ਤੂੰ ਕਰਦਾ ਏਂ ਖੇਤ ਨੂੰ ਵਾੜਾਂ, ਵਾੜ ਨਾ ਕਰਦੀ ਰਾਖੀ।
ਜਾਮ ਪਿਲਾਵੇਂ ਸਾਰੇ ਜੱਗ ਨੂੰ, ਬਣ ਜ਼ਿੰਦਗੀ ਦਾ ਸਾਕੀ।
6 ਗ਼ %ੳ ਪ ਕ
ਹਰ ਸਰਕਾਰ ਨੇ ਵੈਰ ਕਮਾਇਆ, ਕੀ ਗੋਰੀ ਕੀ ਖਾਕੀ।
ਜੱਟਾ ਸੁਣੀ ਨਾ ਜਾਵੇ ਤੇਰੀ, ਇਹ ਦਰਦੀਲੀ ਸਾਖੀ।
ਜਾਬਰਾਂ ਨੇ ਪਾਏ ਤੇਰੇ, ਚੌਹੀਂ ਪਾਸੀਂ ਜਾਲ
ਪਗੜੀ ਸੰਭਾਲ............
ਮਿਹਨਤ ਤੇਰੀ ਦਾ ਮੁੱਲ ਪਾਇਆ, ਜੋ ਡਾਇਰਾਂ ਦਿਆਂ ਯਾਰਾਂ
ਉਹ ਤੂੰ ਸੀਨੇ ਸਾਂਭ ਲਿਆ ਹੈ, ਲੈ ਕੇ ਜ਼ਖ਼ਮ ਹਜ਼ਾਰਾਂ।
ਸਬਰ ਤੇਰੇ ਦਾ ਦੇਖ ਕੇ ਸਦਕਾ, ਬੌਂਦਲੀਆਂ ਸਰਕਾਰਾਂ।
ਹਿੰਮਤ ਮੂਹਰੇ ਸਦਾ ਢਹਿੰਦੀਆਂ, ਝੂਠ ਦੀਆਂ ਦੀਵਾਰਾਂ।
ਤੇਰੀ ਏਕਤਾ ਦੀ ਕਿਸੇ ਝੱਲਣੀ ਨਾ ਝਾਲ
ਪਗੜੀ ਸੰਭਾਲ............

## ਸਿਖਿਆ

ਦਾਜ ਦਹੇਜਾਂ ਨਾਲ ਦੇਵੀ ਏ,
ਲੈ ਸਾਡੇ ਦੋ ਫੁੱਲ ਜਾਵੀਂ।
ਭੁੱਲ ਜਾਵੀਂ ਭਾਵੇਂ ਫੁਲਵਾੜੀ,
ਇਹ ਦੋ ਫੁੱਲ ਨਾ ਭੁੱਲ ਜਾਵੀਂ।
ਦਾਜ ਦਹੇਜਾਂ ਨਾਲ... ... ...
ਅੰਮੜੀ ਦੇ ਅਰਮਾਨ ਦਬਾਈਆਂ,
ਜੀਭਾਂ ਦੇ ਵਿੱਚ ਬੋਲਣਗੇ।
ਗਲੀਆਂ ਦੇ ਕੱਖ ਮੁੜ ਮੁੜ ਤੇਰੇ,
ਪੈਰਾਂ ਦੀ ਛੋਹ ਟੋਲਣਗੇ—
ਐਪਰ ਆਪਣੇ ਜੀਵਨ ਸਾਥੀ,
ਦੇ ਜੀਵਨ ਵਿੱਚ ਘੁਲ ਜਾਵੀਂ।
ਇਹ ਦੋ ਫੁੱਲ ਨਾ... ... ...
ਬਾਬਲ ਦੇ ਵਿਹੜੇ ਦੀਆਂ ਖ਼ੁਸ਼ੀਆਂ,
ਚਾਰ ਦਿਹਾੜੇ ਮਾਣ ਲਈਆਂ।
ਜ਼ਿੰਦਗੀ ਦੇ ਰਾਹਾਂ ਦੀਆਂ ਗੁੰਝਲਾਂ,
ਬਚਪਨ ਵਿੱਚ ਹੀ ਜਾਣ ਲਈਆਂ।
ਗ੍ਰਹਿਸਤ ਦੀਆਂ ਨੇ ਮੁਸ਼ਕਲ ਮੰਜ਼ਿਲਾਂ,
ਤੂੰ ਸਰ ਕਰਨ 'ਤੇ ਤੁਲ ਜਾਵੀਂ।
ਇਹ ਦੋ ਫੁੱਲ ਨਾ... ... ...
ਮਾਪਿਆਂ ਦੇ ਦਿਲ ਦੀ ਤੂੰ ਟੁਕੜੀ,
ਪਰ ਦਿਲ ਵਿੱਚ ਰਹਿ ਸਕਦੀ ਨਾ।
ਸਹਿ ਸਕਨੀ ਏਂ ਵਿਛੜਨ ਦਾ ਦੁੱਖ,
ਮੂੰਹੋਂ ਕੁਝ ਕਹਿ ਸਕਦੀ ਨਾ।
ਤੂੰ ਇਕ ਭੇਤ ਜਗਤ ਲਈ ਬਣਿਆ,
ਇਸ ਜੱਗ ਸਾਹਵੇਂ ਖੁਲ੍ਹ ਜਾਵੀਂ।
ਇਹ ਦੋ ਫੁੱਲ ਨਾ... ... ...
ਪੱਥਰ ਦਿਲ ਦੁਨੀਆਂ ਦਾ ਤੇਰੇ,
ਦੋ ਹੰਝੂਆਂ ਤੋਂ ਖਰਨਾ ਨਹੀਂ।
ਜਦ ਤੱਕ ਜਾਨ ਤਲੀ 'ਤੇ ਧਰ ਕੇ,
ਆਪ ਝਨਾਵਾਂ ਤਰਨਾ ਨਹੀਂ।
ਜ਼ਹਿਰਾਂ ਭਰੀਆਂ ਲਹਿਰਾਂ ਉਤੇ,
ਨੇਰ੍ਹੀ ਬਣ ਕੇ ਝੁੱਲ ਜਾਵੀਂ।
ਇਹ ਦੋ ਫੁੱਲ ਨਾ... ... ...
ਅਜੇ ਸਮਾਜ ਦੀਆਂ ਰਸਮਾਂ ਦੇ,
9 ਗ਼ %ੳ ਪ ਕ
ਜ਼ੁਲਮ ਜਬਰ ਨੂੰ ਸਹਿਣਾ ਤੂੰ।
ਜਦ ਤੱਕ ਮਰਦਾਂ ਦੀ ਦੁਨੀਆਂ ਦੇ,
ਗਹਿਣਿਆਂ ਵਿਚੋਂ ਗਹਿਣਾ ਤੂੰ।
ਤਦ ਤੱਕ ਤਪਦੇ ਹੋਏ ਥਲਾਂ ਵਿਚ,
ਰੁਲਣਾ ਪਿਆ ਤਾਂ ਰੁਲ ਜਾਵੀ... ... ...।

## ਮੋਈ ਆਸ

ਬਾਬਲ ਜੀ ਤੁਸਾਂ ਫ਼ਰਜ਼ ਨਿਭਾਇਆ
10 ਗ਼ %ੳ ਪ ਕ
ਲੜ ਲਾਇਆ ਕਿਸੇ ਰੋਹੀਂ
ਇਸ ਰੋਹੀ ਵਿੱਚ ਦਿਲ ਦੀ ਧਰਤੀ
ਪਲ-ਛਿਣ ਬੰਜਰ ਹੋਈ
ਬਾਬਲ ਜੀ ਲੈ ਸਬਰ ਦਾ ਸਾਲੂ
ਡੋਲੀ ਅੱਜ ਤਰੇਈ
ਇਕ ਦਿਨ ਚੁੱਪ ਦੀ ਚਿੱਟੀ ਚਾਦਰ
ਅਰਥੀ ਨਾਲ ਸ਼ਰੇਈ
ਬਾਬਲ ਜੀ ਸਾਡਾ ਰੂਪ ਸਿਲੋਣਾ
ਰੂਹ ਦੀ ਚਮੜੀ ਗੋਰੀ
ਚਿੱਟੇ ਚੰਮ ਦੀ ਦੁਨੀਆਂ ਬਾਬਲ
ਦੇਖੀ ਦਿਲਾਂ ਤੋਂ ਕੋਰੀ
ਬਾਬਲ ਜੀ ਤੇਰੀ ਪੱਗ ਅਨਮੁੱਲੀ
ਜਿਸ ਦਾ ਮੁੱਲ ਨਾ ਕੋਈ
ਇਸ ਪਗੜੀ ਦੀਆਂ ਤੰਦਾਂ
ਸਾਡੀ ਲੂੰ ਲੂੰ ਜਿੰਦ ਪਰੋਈ
ਬਾਬਲ ਜੀ ਅਸੀਂ ਤੇਰੇ ਦਰ ਤੋਂ
ਮੁੱਠ ਆਟੇ ਦੀ ਲੋੜੀ
ਇਕ ਪਾਸੇ ਹੈ ਇੱਕ ਮੁੱਠ ਆਟਾ
ਦੂਜੇ ਜਿੰਦ ਕਰੋੜੀ
ਬਾਬਲ ਜੀ ਚਹੁੰ ਲਾਵਾਂ ਅੰਦਰ
ਸਾਰੀ ਉਮਰ ਵਿੰਨ੍ਹ ਹੋਈ
ਪੱਤ ਤੇਰੀ ਦੇ ਪਰਬਤ ਥੱਲੇ
ਆਸ ਇੱਕ ਤੱਪੜੀ ਮੋਈ।

## ਤਨ ਮਨ ਦੀ ਸਾਂਝ

ਤਨ ਜਿਉਂ ਇਕ ਪਰਬਤ ਦੀ ਠੇਰੀ
ਮਨ ਇਕ ਕੂਲ੍ਹ ਵਗੇਂਦੀ
ਠੇਰੀ ਤਾਂ ਫਿਰ ਥੇਹ ਕਹਿਲਾਵੇ
ਜਦ ਇਹ ਕੂਲ੍ਹ ਸੁਕੇਂਦੀ
ਜਿੰਦ ਬੰਧਨਾਂ ਵਿਚ ਬੱਝ ਕੇ ਆਖਣ
ਜੱਗ ਦੇ ਬੰਧਨ ਕੱਟਦੀ
ਜੋ ਰੂਹ ਹੋਵੇ ਪਿਆਰ ਦੀ ਭੁੱਖੀ
ਉਹ ਜਿੰਦੜੀ ਨੂੰ ਚੱਟਦੀ
ਕੋਹ ਕੋਹ ਲੰਮੀਆਂ ਆਸਾਂ ਦੇ ਤੰਦ
ਟੁਕੜੇ ਹੋ ਹੋ ਬਲਦੇ
ਰੰਗ ਬਰੰਗੀਆਂ ਰੁੱਤਾਂ ਆਈਆਂ
ਪਰ ਨਾ ਜੋਬਨ ਪਲਦੇ
ਦੁਨੀਆਂ ਮਨ ਸੜਦਾ ਤੇ ਹੱਸਦੀ
ਤਨ ਸੜਦਾ ਤੇ ਰੋਵੇ
ਜੋ ਤਨ ਮਨ ਦੀ ਸਾਂਝ ਨੇ ਜਾਣੇ
ਉਹ ਰੂਹ ਦੂਰ ਨਾ ਹੋਵੇ
ਯਾਰੜਿਆ ਉਹ ਪਲ ਨਾ ਮਿਲਦੇ
ਜੋ ਪਲ ਉਮਰ ਦਾ ਗਹਿਣਾ
ਹੁਣ ਬੀਤੇ ਦੀਆਂ ਗੱਲਾਂ ਹੋਈਆਂ
ਜੀਵਨ ਤੋਂ ਕੀ ਲੈਣਾ
ਯਾਰੜਿਆ ਸਿੱਕਿਆਂ ਦੀ ਨਗਰੀ
ਹੁਣ ਜੀ ਨਹੀਉਂ ਲੱਗਦਾ
ਛੱਡ ਕੇ ਇਹ ਦਰ ਕਿਸ ਦਰ ਜਾਵਾਂ
ਕਿਤੇ ਨਾ ਦੀਵਾ ਜਗਦਾ
ਜਿੰਦ ਲੋਭੀ ਹੈ ਐਵੇਂ ਯਾਰਾ
ਲੋਭ ਦਮਾਂ ਦਾ ਕਰਦੀ
ਮਨ ਉਜੜੇ ਤਾਂ ਦੁਨੀਆਂ ਉਜੜੀ
ਹੁਣ ਕਿਸ ਪਿੱਛੇ ਮਰਦੀ।



# ਵਿਦਿਆਰਥੀ ਅਤੇ ਫਿਲਮ ਕੈਰੀਅਰ


ਬਾਲੀਵੁੱਡ ਹਲਚਲ

ਤਰਸੇਮ ਬੱਧਣ

097796-27888




ਫਿਲਮੀ ਦੁਨੀਆਂ ਦੀ ਚਕਾਚੌਂਧ ਦੇਖ ਕੇ ਲੱਖਾਂ ਗੱਭਰੂ ਤੇ ਮੁਟਿਆਰਾਂ ਇਸ ਫਿਲਮ ਨਗਰੀ ਮੁੰਬਈ ਵੱਲ ਦੌੜੇ ਆਉਂਦੇ ਹਨ। ਲੜਕਿਆਂ ਦਾ ਮਕਸਦ ਸਿਰਫ ਧਰਮਿੰਦਰ ਬਣਨਾ ਹੁੰਦਾ ਹੈ ਅਤੇ ਲੜਕੀਆਂ ਹੇਮਾਮਾਲਿਨੀ ਬਣਨਾ ਚਾਹੁੰਦੀਆਂ ਹਨ। ਦੂਰੋਂ ਚਮਕਦੀ ਇਸ ਫਿਲਮ ਨਗਰੀ 'ਚ ਪੈਰ ਜਮਾਉਣ ਲਈ ਕਈ ਸਾਲ ਬੀਤ ਜਾਂਦੇ ਹਨ। ਕਈਆਂ ਨੂੰ ਸਫਲਤਾ ਨਸੀਬ ਹੋ ਜਾਂਦੀ ਹੈ ਤੇ ਬਹੁਤ ਸਾਰੇ ਪੱਥਰਾਂ ਤੇ ਇਸ ਸ਼ਹਿਰ ਮੁੰਬਈ 'ਚ ਪੱਥਰ ਬਣ ਜਾਂਦੇ ਹਨ। ਭਾਰਤੀ ਫਿਲਮਾਂ ਦੇ ਪਿਤਾਮਾ ਦਾਦਾ ਸਾਹਿਬ ਫਾਲਕੇ ਦੀ ਦਿਨ ਰਾਤ ਦੀ ਮਿਹਨਤ ਨੇ ਸਾਨੂੰ ਭਾਰਤੀ ਫਿਲਮਾਂ ਦਾ ਮੂੰਹ ਦਿਖਾਇਆ, ਨਹੀਂ ਤਾਂ ਵਿਦੇਸ਼ੀ ਫਿਲਮਾਂ ਦੀ ਹੀ ਬੱਲੇ-ਬੱਲੇ ਸੀ। 7 ਜੁਲਾਈ 1895 ਨੂੰ ਲਿਮੂਈਅਰ ਭਰਾਵਾਂ ਨੇ ਭਾਰਤ 'ਚ ਪਹਿਲੀ ਵਾਰ ਫਿਲਮ ਦਾ ਪ੍ਰਦਰਸ਼ਨ ਕੀਤਾ। ਚਲਦੇ-ਫਿਰਦੇ ਫੋਟੋ ਦੇਖ ਕੇ ਸਭ ਹੈਰਾਨ ਸਨ। ਅਜਿਹਾ ਦੇਖ ਕੇ ਦਾਦਾ ਸਾਹਿਬ ਫਾਲਕੇ ਨੇ ਸਖ਼ਤ ਮਿਹਨਤ ਕਰਕੇ ਭਾਰਤੀ ਸਿਨੇਮਾ ਦਾ ਨੀਂਹ ਪੱਥਰ ਰੱਖਿਆ, 1912 'ਚ 4 ਰੀਲ ਦੀ ਫਿਲਮ 'ਰਾਜਾ ਹਰੀਸ਼ ਚੰਦਰ' ਆਉਣ ਨਾਲ ਮੁੰਬਈ ਫਿਲਮ ਸਨਅਤ 'ਚ ਖੁਸ਼ੀ ਦੀ ਲਹਿਰ ਆਈ।

ਫਿਲਮ ਲਾਈਨ 'ਚ ਬਹੁਤ ਸਾਰੇ ਖੇਤਰ ਹਨ, ਜਿਹਨਾਂ ਵਿਚ ਕਿਸਮਤ ਅਜ਼ਮਾਈ ਜਾ ਸਕਦੀ ਹੈ। ਨਿਰਦੇਸ਼ਨ ਦਾ ਖੇਤਰ ਹੈ, ਜਿਸ ਲਈ ਪੂਨੇ ਤੋਂ ਕੋਰਸ ਵੀ ਕੀਤਾ ਜਾ ਸਕਦਾ ਹੈ ਜਾਂ ਫਿਰ ਕਿਸੇ ਚੰਗੇ ਨਿਰਦੇਸ਼ਕ ਨਾਲ ਰਹਿ ਕੇ ਨਿਰਦੇਸ਼ਨ ਦੀਆਂ ਬਰੀਕੀਆਂ ਸਿੱਖੀਆਂ ਜਾਣ। ਰਾਜ ਕਪੂਰ ਮਹਾਨ ਮੇਕਰ ਸਨ, ਉਹਨਾਂ ਨੇ ਵੀ ਕੇਦਾਰ ਸ਼ਰਮਾ ਨਾਲ ਰਹਿ ਕੇ ਨਿਰਦੇਸ਼ਨ ਦੀਆਂ ਬਰੀਕੀਆਂ ਸਿੱਖੀਆਂ। ਆਰ. ਕੇ. ਸਟੂਡੀਓ 'ਚ ਪ੍ਰਿਥਵੀ ਰਾਜ ਕਪੂਰ ਦੇ ਸਮੇਂ ਐਡੀਟਿੰਗ 'ਚ ਰਹਿ ਕੇ ਐਡੀਟਿੰਗ ਬਾਰੇ ਸਿੱਖਿਆ। ਸਿੱਟੇ ਵਜੋਂ ਰਾਜ ਕਪੂਰ ਦੀਆਂ ਫਿਲਮਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਬੇਸ਼ੱਕ ਰਾਜ ਕਪੂਰ ਦੀਆਂ ਫਿਲਮਾਂ 'ਚ ਕਲਾ ਦੇ ਨਾਲ ਨਾਲ ਸੈਕਸ ਨੂੰ ਵੀ ਦਿਖਾਇਆ ਗਿਆ। ਅਜਿਹੇ ਬਹੁਤ ਸਾਰੇ ਹੋਰ ਵੀ ਨਿਰਦੇਸ਼ਕ ਹਨ, ਜਿਹਨਾਂ ਨੇ ਕਿਸੇ ਸੰਸਥਾ ਤੋਂ ਟ੍ਰੇਨਿੰਗ ਨਹੀਂ ਲਈ ਬਲਕਿ ਸਹਾਇਕ ਬਣ ਕੇ ਸਿੱਖਿਆ। ਪੂਨੇ ਨਿਰਦੇਸ਼ਕ ਬਣਨ ਲਈ ਹਰ ਸਾਲ ਬਹੁਤ ਘੱਟ ਸੀਟਾਂ ਹੁੰਦੀਆਂ ਹਨ ਤੇ ਹਜ਼ਾਰਾਂ ਅਰਜ਼ੀਆਂ ਆਉਂਦੀਆਂ ਹਨ। ਨਿਰਦੇਸ਼ਕ ਤੋਂ ਪਹਿਲਾਂ ਸਭ ਤੋਂ ਵੱਡਾ ਅਹੁਦਾ ਨਿਰਮਾਤਾ ਦਾ ਹੁੰਦਾ ਹੈ ਜੋ ਫਿਲਮਾਂ ਦਾ ਮਾਲਕ ਹੁੰਦਾ ਹੈ। ਹਰ ਕੋਈ ਨਿਰਮਾਤਾ ਨਹੀਂ ਬਣ ਸਕਦਾ ਕਿਉਂਕਿ ਨਿਰਮਾਤਾ ਬਣਨ ਲਈ ਢੇਰ ਸਾਰਾ ਪੈਸਾ ਚਾਹੀਦਾ ਹੈ। ਹਾਂ ਜੇਕਰ ਤੁਸੀਂ ਫਿਲਮ ਲਾਈਨ ਬਾਰੇ ਚੰਗੀ ਤਰ੍ਹਾਂ ਜਾਣਦੇ ਹੋ ਤਾਂ ਪੈਸਾ ਉਧਾਰ ਲੈ ਕੇ ਵੀ ਫਿਲਮ ਸ਼ੁਰੂ ਕੀਤੀ ਜਾ ਸਕਦੀ ਹੈ। ਪਰ ਫਿਲਮ ਸਨਅਤ ਅੰਡਰ ਵਰਲਡ ਦੀ ਮੁੱਠੀ 'ਚ ਕੈਦ ਹੋਣ ਕਾਰਨ ਅੱਜ ਫਿਲਮ ਸਨਅਤ ਕਿਸੇ ਸਮੇਂ ਬਰਬਾਦੀ ਵੱਲ ਜਾ ਰਹੀ ਸੀ।

ਕਲਾਕਾਰਾਂ ਦੀਆ ਵਧਦੀਆਂ ਕੀਮਤਾਂ ਦਾ ਕਾਰਨ ਕਾਰਪੋਰੇਟ ਦਾ ਪੈਸਾ ਹੈ। ਵੈਸੇ ਬਹੁਤ ਫਿਲਮ ਵਾਲੇ ਮੁੰਬਈ ਤੋਂ ਬੋਰੀ ਬਿਸਤਰਾ ਚੁੱਕ ਕੇ ਦੂਸਰੇ ਕਿਸੇ ਥਾਂ ਤੇ ਸੈਟ ਹੋਣ ਲਈ ਕਾਹਲੇ ਹਨ ਤੇ ਕਈ ਜਾ ਚੁੱਕੇ ਹਨ।


ਕਲਾਕਾਰ ਹਰ ਕੋਈ ਨਹੀਂ ਬਣ ਸਕਦਾ। ਇਹ ਸਭ ਕੁਦਰਤ ਦੀ ਦੇਣ ਹੈ। ਹਾਂ, ਮੁੰਬਈ 'ੳ ਬਹੁਤ ਸਾਰੇ ਐਕਟਿੰਗ ਸਕੂਲ ਹਨ ਜੋ ਐਕਟਿੰਗ ਦੇ ਨਾਂ 'ਤੇ ਬੜੀ ਵੱਡੀ ਰਕਮ ਲੈਂਦੇ ਹਨ। ਇਹ ਨਵੇਂ ਬਣਨ ਵਾਲੇ ਕਲਾਕਾਰਾਂ ਨੂੰ ਸੰਵਾਦ ਬੋਲਣਾ, ਡਾਂਸ ਕਰਨਾ, ਕੈਮਰੇ ਦੀ ਪਲੇਸਿੰਗ ਬਾਰੇ, ਆਪਸੀ ਝਿਜਕ ਦੂਰ ਕਰਨ (ਭਾਵ ਹੀਰੋ-ਹੀਰੋਇਨ ਜਦ ਮਿਲਣ ਤਾਂ ਰੋਲ ਕਰਨ), ਸੰਵਾਦ ਰਚਾਉਣ ਦੀ ਬਜਾਏ ਹੀਰੋ ਦੀਆਂ ਲੱਤਾਂ ਹੀ ਨਾ ਕੰਬਣ ਲੱਗ ਜਾਣ) ਆਦਿ ਬਾਰੇ ਸਿਖਾਉਂਦੇ ਹਨ। ਇਹਨਾਂ ਦੀ ਫੀਸ ਦਸ ਹਜ਼ਾਰ ਤੋਂ ਲੈ ਕੇ ਲੱਖਾਂ ਤੱਕ ਬੈਚ ਦੇ ਹਿਸਾਬ ਨਾਲ ਹੁੰਦੀ ਹੈ। ਇਹ ਗਾਹਕ ਦੇਖ ਕੇ ਪੁੜੀ ਬੰਨ੍ਹਦੇ ਹਨ। ਸੋਚਿਆ ਜਾਵੇ ਤਾਂ ਦਲੀਪ ਕੁਮਾਰ ਨੇ ਕਿਹੜਾ ਕਿਤਿਉਂ ਐਕਟਿੰਗ ਦਾ ਕੋਰਸ ਕੀਤਾ। ਧਰਮਿੰਦਰ ਕਿਹੜੇ ਐਕਟਿੰਗ ਸਕੂਲ ਗਏ। ਇਹ ਸਭ ਡਰਾਮਾ ਹੁੰਦਾ ਹੈ। ਹਾਂ, ਐਕਟਿੰਗ ਸਿੱਖਣ ਵਾਲੇ ਨੂੰ ਕੁਝ ਕੁ ਗੱਲਾਂ ਦਾ ਪਤਾ ਲੱਗ ਜਾਂਦਾ ਹੈ ਜੋ ਆਮ ਪਤਾ ਨਹੀਂ ਹੁੰਦਾ। ਸਭ ਤੋਂ ਸਸਤਾ ਤੇ ਸੁੰਦਰ ਤਰੀਕਾ ਇਹ ਹੈ ਕਿ ਕਾਲਜ ਸਮੇਂ ਤੋਂ ਕਾਲਜ ਸਟੇਜ 'ਤੇ ਹਿੱਸਾ ਲਿਆ ਜਾਵੇ। ਰੇਡੀਓ, ਟੀ. ਵੀ. ਤੇ ਆਪਣਾ ਅਭਿਨੈ ਨਿਖਾਰਨ ਤੋਂ ਬਾਅਦ ਫਿਲਮਾਂ 'ਚ ਆਉਣ ਦਾ ਸੋਚਿਆ ਜਾਵੇ। ਹਰ ਐਕਟਿੰਗ ਸਿੱਖਿਆ ਨਾਲ ਵਿਦਿਆਰਥੀ ਐਕਟਰ ਨਹੀਂ ਬਣ ਸਕਦਾ। ਐਕਟਰ ਬਣਨ ਲਈ ਲਗਨ, ਮਿਹਨਤ, ਦ੍ਰਿੜ੍ਹ ਵਿਸ਼ਵਾਸ ਦੀ ਜ਼ਰੂਰਤ ਹੈ। ਜੇਕਰ ਤੁਹਾਡੀ ਲਗਨ ਸੱਚੀ ਹੈ ਤਾਂ ਕੁਝ ਵੀ ਬਣ ਸਕਦੇ ਹੋ।

ਮੁੰਬਈ ਜਾ ਕੇ, ਘਰਦਿਆਂ ਦੇ ਪੈਸੇ ਬਰਬਾਦ ਕਰਨ ਨਾਲੋਂ ਕਾਲਜ, ਰੇਡੀਓ, ਟੀ. ਵੀ. ਤੋਂ ਹੁੰਦੇ ਹੋਏ ਆਪਣੇ-ਆਪ ਨੂੰ ਪਰਖਦੇ ਹੋਏ, ਫਿਰ ਮੁੰਬਈ ਦੀ ਗੱਡੀ ਬੈਠੋ। ਇਹ ਵੀ ਭਰਮ ਦੂਰ ਕਰ ਦੇਣਾ ਚਾਹੀਦਾ ਹੈ ਕਿ ਸ਼ੀਸ਼ੇ ਅੱਗੇ ਖੜ੍ਹ ਕੇ ਟੇਢੇ ਵਾਲ ਵਾਹ ਕੇ ਐਕਟਰ ਬਣ ਜਾਵਾਂਗੇ, ਕਿਉਂਕਿ ਸ਼ੀਸ਼ਾ ਸੱਚ ਨਹੀਂ ਹੁੰਦਾ, ਸੱਚ ਤਾਂ ਤੁਹਾਡੀ ਕੀਤੀ ਗਈ ਸਖ਼ਤ ਮਿਹਨਤ ਨਾਲ ਹੋ ਸਕਦਾ ਹੈ।

ਫਿਲਮ ਸੰਪਾਦਨ ਦਾ ਵੀ ਇਕ ਖੇਤਰ ਹੈ ਜਿਸ ਨੂੰ ਬਹੁਤ ਘੱਟ ਲੋਕ ਜਾਣਦੇ ਹਨ। ਇਸ ਦਾ ਵੀ ਪੂਨੇ ਕੋਰਸ ਹੁੰਦਾ ਹੈ। ਐਡੀਟਿੰਗ ' ਆਉਣ ਲਈ ਯਾਦ ਸ਼ਕਤੀ ਤੇਜ਼ ਚਾਹੀਦੀ ਹੈ, ਕਿਉਂਕਿ ਇਕ-ਇਕ ਸ਼ਾਟ ਯਾਦ ਰੱਖਣਾ ਪੈਂਦਾ ਹੈ। ਲੇਖਕ ਖੁਦ ਐਡੀਟਰ ਹੈ ਪਰ ਪੂਨੇ ਤੋਂ ਐਡੀਟਿੰਗ ਦਾ ਕੋਰਸ ਨਹੀਂ ਕੀਤਾ ਸਗੋਂ ਐਡੀਟਰ ਓਮ ਪ੍ਰਕਾਸ਼ ਮੱਕੜ ਨਾਲ ਪੰਜ ਸਾਲ ਅਸਿਸਟੈਂਟ ਰਹਿ ਕੇ ਐਡੀਟਿੰਗ ਦੀਆਂ ਬਰੀਕੀਆਂ ਸਿੱਖੀਆਂ। ਫਿਲਮਾਂ ਦੀ ਐਡੀਟਿੰਗ ਦੇ ਨਾਲ ਵੀਡੀਓ ਐਡੀਟਿੰਗ, ਗ੍ਰਾਫਿਕ ਦਾ ਕੰਮ ਵੀ ਵਧੀਆ ਹੈ। ਵੀਡੀਓ ਦੇ ਆਉਣ ਨਾਲ ਅੱਜ ਬਹੁਤ ਕੁਝ ਬਦਲ ਗਿਆ ਤੇ ਫਾਸਟ ਹੋ ਗਿਆ ਹੈ। ਸੰਗੀਤ ਵੀ ਫਿਲਮਾਂ ਦੀ ਜਾਨ ਹੁੰਦਾ ਹੈ। ਤੁਸੀਂ ਸੰਗੀਤਕਾਰ ਵੀ ਬਣ ਸਕਦੇ ਹੋ। ਸੰਗੀਤ ਦੇ ਖੇਤਰ ਵਿਚ ਵੀ ਕਿਸਮਤ ਅਜ਼ਮਾਈ ਜਾ ਸਕਦੀ ਹੈ। ਸੈਟੇਲਾਈਟ ਆਉਣ ਨਾਲ ਅੱਜ ਹਰ ਕਲਾਕਾਰ ਬਿਜ਼ੀ ਹੈ। ਫਿਲਮਾਂ ਨਾਲੋਂ ਸੀਰੀਅਲਾਂ ਦਾ ਨਿਰਮਾਣ ਜ਼ਿਆਦਾ ਹੋ ਰਿਹਾ ਹੈ। ਅੱਜ ਆਮ ਛੋਟੇ ਤੋਂ ਛੋਟਾ ਕਲਾਕਾਰ ਰੋਜ਼ਾਨਾ 500 ਤੋਂ 10 ਹਜ਼ਾਰ ਤੱਕ ਆਰਾਮ ਨਾਲ ਕਮਾਉਂਦਾ ਹੈ। ਜਿਹਨਾਂ ਕਲਾਕਾਰਾਂ ਨੂੰ ਇਕ ਫਿਲਮ ਦਾ ਮੁਸ਼ਕਿਲ ਨਾ 20 ਹਜ਼ਾਰ ਮਿਲਦਾ ਹੁੰਦਾ ਸੀ, ਅੱਜ ਉਹ ਇਕ ਐਪੀਸੋਡ ਦਾ ਵੀਹ ਹਜ਼ਾਰ ਲੈਂਦੇ ਹਨ ਤੇ ਮਹੀਨੇ 'ਚ ਚਾਰ ਐਪੀਸੋਡ ਦਾ ਅੱਸੀ ਹਜ਼ਾਰ ਬਣ ਜਾਂਦਾ ਹੈ। ਸ਼ੇਖਰ ਸੁੰਮਨ ਜਿਸ ਪਾਸ ਟਾਂਵੀਆਂ ਟਾਂਵੀਆਂ ਫਿਲਮਾਂ ਸਨ, ਅੱਜ ਉਹ ਰੋਜ਼ਾਨਾ 50 ਹਜ਼ਾਰ ਤੋਂ ਉਪਰ ਕਮਾਉਂਦਾ ਹੈ। ਸੈਟੇਲਾਈਟ ਨੇ ਕਲਾਕਾਰਾਂ ਨੂੰ ਵੀ ਨਵੀਂ ਜ਼ਿੰਦਗੀ ਦਿੱਤੀ ਹੈ। ਜੋ ਕਲਾਕਾਰ ਕਿਸੇ ਸਮੇਂ ਬੱਸ ਦੀ ਲਾਈਨ 'ਚ ਖੜ੍ਹੇ ਹੁੰਦੇ ਸਨ, ਅੱਜ ਉਹਨਾਂ ਪਾਸ ਮਹਿੰਗੀਆਂ ਕਾਰਾਂ ਹਨ।

ਸਾਊਂਡ ਰਿਕਾਰਡਿੰਗ ਦਾ ਵੀ ਫਿਲਮ ਮੇਕਿੰਗ 'ਚ ਬਹੁਤ ਵੱਡਾ ਹੱਥ ਹੁੰਦਾ ਹੈ। 1931 ਤੋਂ ਜਦ ਮੂਕ ਫਿਲਮਾਂ ਸਨ ਤਦ ਉਹਨਾਂ ਫਿਲਮਾਂ 'ਚ ਪਾਤਰ ਸਿਰਫ ਇਸ਼ਾਰਿਆਂ ਨਾਲ ਹੀ ਗੱਲਬਾਤ ਕਰਦੇ ਸਨ। ਪਰ 1931 'ਚ ਆਰਦੇਸ਼ਿਰ ਇਰਾਨੀ ਦੀ ਫਿਲਮ 'ਆਲਮ ਆਰਾ' ਆਉਣ ਨਾਲ ਭਾਰਤ 'ਚ ਟਾਕੀ ਫਿਲਮਾਂ (ਬੋਲਣ ਵਾਲੀਆਂ) ਸ਼ੁਰੂ ਹੋਈਆਂ, ਜਿਸ ਕਰਕੇ ਸਾਊਂਡ ਰਿਕਾਰਡਿੰਗ ਦੀ ਮਹੱਤਤਾ ਬਹੁਤ ਵੱਧ ਗਈ। ਫਿਲਮ 'ਚ ਆਵਾਜ਼ ਦਾ ਸਾਰਾ ਕਾਰੋਬਾਰ 'ਸਾਊਂਡ ਰਿਕਾਰਡਿਸਟ' ਦੀ ਦੇਖ-ਰੇਖ 'ਚ ਹੁੰਦਾ ਹੈ। ਸ਼ੂਟਿੰਗ ਸਮੇਂ ਬਾਹਰਲੀਆਂ ਬਹੁਤ ਸਾਰੀਆਂ ਆਵਾਜ਼ਾਂ ਹੁੰਦੀਆਂ ਸਨ, ਜਿਸ ਕਰਕੇ ਦੁਬਾਰਾ ਸੰਵਾਦ ਰਿਕਾਰਡ ਕੀਤੇ ਜਾਂਦੇ ਸਨ, ਜਿਸ ਨੂੰ ਅਸੀਂ 'ਡਬਿੰਗ' ਕਹਿੰਦੇ ਹਾਂ। ਆਵਾਜ਼ ਸਾਊਂਡ ਅਫੈਕਟ ਆਦਿ ਸਭ ਸਾਊਂਡ ਰਿਕਾਰਡਿਸਟ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ ਜੋ ਫਿਲਮ ਦੀ ਮਿਕਸਿੰਗ ਸਮੇਂ ਨਾਲ ਹੀ ਬੈਠਾ ਹੁੰਦਾ ਹੈ। ਇਸ ਲਈ ਬੀ. ਐਸ. ਸੀ. ਹੋਣਾ ਜ਼ਰੂਰੀ ਹੈ। ਇਹਨਾਂ ਖੇਤਰਾਂ ਤੋਂ ਇਲਾਵਾ ਹੋਰ ਵੀ ਖੇਤਰ ਹਨ ਜਿਵੇਂ ਗੀਤਕਾਰ, ਕਹਾਣੀਕਾਰ, ਗਾਇਕ, ਆਰਟਿਸਟ ਸਪਲਾਇਰ, ਡਰੈਸ ਮੈਨ, ਹੇਅਰ ਡਰੈਸਰ, ਸੈਕਟਰੀ, ਪੀ. ਅਰ. ਓ., ਲੇਖਕ, ਮਾਡਲ ਕੋਆਰਡੀਨੇਟਰ, ਫੋਟੋਗ੍ਰਾਫਰ, ਫਾਈਟ ਮਾਸਟਰ, ਡਾਂਸ ਮਾਸਟਰ, ਆਰਟ ਡਾਇਰੈਕਟਰ, ਐਨੀਮਲ ਸਪਲਾਇਰ, ਡਬਿੰਗ ਆਰਟਿਸਟ ਆਦਿ, ਜਿਨ੍ਹਾਂ ਵਿਚ ਕਿਸਮਤ ਅਜ਼ਮਾਈ ਜਾ ਸਕਦੀ ਹੈ। ਫਿਲਮੀ ਦੁਨੀਆਂ ਦਾ ਵੈਸੇ ਪਤਾ ਨਹੀਂ ਲੱਗਦਾ, ਇੱਥੇ ਬੰਦਾ ਬਣਨ ਲਈ ਕੁਝ ਆਉਂਦਾ ਹੈ ਤੇ ਬਣ ਕੁਝ ਹੋਰ ਹੀ ਜਾਂਦਾ ਹੈ। ਸੁਭਾਸ਼ ਘਈ ਐਕਟਰ ਬਣਨ ਆਏ ਸਨ ਤੇ ਬਣ ਗਏ ਟਾਪ ਦੇ ਨਿਰਦੇਸ਼ਕ, ਅਮਿਤਾਬ ਬਚਨ ਕੰਪਨੀ ਵਿਚ ਕੰਮ ਕਰਦੇ ਸਨ, ਰਜਨੀਕਾਂਤ ਕੰਡਕਟਰ ਸੀ, ਬੀ. ਆਰ. ਚੋਪੜਾ ਪੱਤਰਕਾਰ ਸਨ, ਦਲੀਪ ਕੁਮਾਰ ਫਲ ਵੇਚਦੇ ਸਨ, ਦੇਵਾ ਆਨੰਦ ਡਾਕਖਾਨੇ 'ਚ ਸਨ, ਸੋਹਰਾਬ ਮੋਦੀ ਸਟੋਰ ਮਕੈਨਿਕ ਸਨ, ਧਰਮਿੰਦਰ ਟਿਊਬਵੈਲ ਅਪਰੇਟਰ ਸਨ, ਜਾਨੀਵਾਕਰ ਬੱਸ ਕੰਡਕਟਰ ਸੀ। ਕਹਿਣ ਦਾ ਮਤਲਬ ਹੈ ਇਹ ਕਲਾਕਾਰ ਪਹਿਲਾਂ ਕੀ ਸਨ ਤੇ ਫਿਲਮਾਂ 'ਚ ਕੀ ਬਣੇ। ਆਸ਼ਾ ਹੈ ਕਿ ਵਿਦਿਆਰਥੀ ਇਸ ਤੋਂ ਕੁਝ ਜ਼ਰੂਰ ਸਿੱਖਣਗੇ। ਫਿਲਮ ਲਾਈਨ 'ਚ ਆਉਣ ਲਈ ਕਲਾਕਾਰੀ ਨਹੀਂ ਸਗੋਂ ਦੂਜੇ ਖੇਤਰ ਵੀ ਫੜੋ, ਲਗਨ ਹੋਣੀ ਚਾਹੀਦੀ ਹੈ, ਚੰਗੀ ਸਿਹਤ ਚਾਹੀਦੀ ਹੈ, ਮਨ ਪਵਿੱਤਰ ਚਾਹੀਦਾ ਹੈ। ਪੰਜਾਬ 'ਚ ਬਹੁਤ ਸਾਰੇ ਨਕਲੀ ਫਿਲਮਾਂ ਵਾਲੇ ਨੌਜਵਾਨਾਂ ਨੂੰ ਗੁੰਮਰਾਹ ਕਰ ਰਹੇ ਹਨ, ਉਹਨਾਂ ਤੋਂ ਬਚਣਾ ਚਾਹੀਦਾ ਹੈ। ਪੈਸੇ ਦੇ ਕੇ ਫਿਲਮਾਂ 'ਚ ਨਾ ਆਓ। ਮਾਤਾ-ਪਿਤਾ ਦੀ ਆਗਿਆ ਲੈ ਕੇ ਅੱਗੇ ਵਧੋ। ਮੁੰਬਈ ਦੀ ਫਿਲਮ ਨਗਰੀ 'ਚ ਕਿਸੇ ਪਾਸੇ, ਕਿਸੇ ਵੀ ਖੇਤਰ 'ਚ ਆਓ, ਲਗਨ ਸੱਚੀ ਹੈ ਤਾਂ ਤੁਸੀਂ ਦਲੀਪ ਕੁਮਾਰ, ਰਾਜ ਕੁਮਾਰ, ਰਾਜ ਕੰਵਰ, ਸੂਰਜ ਬੜਜਾਤੀਆ, ਸਈ ਪਰਾਂਪਜੇ, ਦਾਰਾ ਸਿੰਘ ਬਣ ਸਕਦੇ ਹੋ। ਦਿਲੋਂ ਕੀਤੀ ਮਿਹਨਤ ਕਦੇ ਵਿਅਰਥ ਨਹੀਂ ਜਾਂਦੀ।

# ਫਿਲਮ "ਦੂੱਲਾ ਵੈਲੀ" ਰਾਹੀ ਇੱਕ ਵਾਰ ਫਿਰ ਆਪਸ ਵਿੱਚ ਟਕਰਾਉਣਗੇ: ਗੱਗੂ ਗਿੱਲ ਯੋਗਰਾਜ ਸਿੰਘ










ਪੰਜਾਬੀ ਫਿਲਮਾ ਦੀ ਸਦਾਬਹਾਰ ਜੋੜੀ "ਗੱਗੂ ਗਿੱਲ-ਯੋਗਰਾਜ ਸਿੰਘ" ਜਿਸਨੇ ਲੰਮਾ ਸਮਾਂ ਦਰਸ਼ਕਾਂ ਤੇ ਦਿਲਾਂ 'ਤੇ ਰਾਜ ਕੀਤਾ ਅਤੇ ਜ੍ਹਿੰਨਾ ਦਾ ਦਬਦਬਾ ਅੱਜ ਵੀ ਉਸੇ ਤ੍ਰਰਾ ਹੀ ਕਾਇਮ ਹੈ। ਜਿਨ੍ਹਾਂ ਦੇ ਫਿਲਮਾਂ ਵਿੱਚ ਅੱਤ ਦੇ ਵੈਰ ਤੇ ਨਿੱਜੀ ਜਿੰਦਗੀ ਦੇ ਵਿੱਚ ਗੂੜੇ ਸੰਬੰਧਾਂ ਦਾ ਹਰ ਇੱਕ ਮੁਰੀਦ ਹੈ। ਇਹਨਾਂ ਨੂੰ ਗਰਮਜੋਸ਼ੀ ਵਾਲੇ ਅੰਦਾਜ ਵਿੱਚ ਪਰਦੇ ਤੇ ਦੇਖਣ ਦੀ ਤਾਘ ਹਰ ਇੱਕ ਪੰਜਾਬੀ ਦੀ ਹੁੰਦੀ ਹੈ।ਹਾਲਾਕਿ ਅੱਜ ਦੇ ਸਿਨੇਮੇ ਵਿੱਚ ਅਜਿਹੇ ਮੋਕੇ ਘੱਟ ਆਉਂਦੇ ਹਨ ਪਰ ਹੁਣ ਇਹ ਜੋੜੀ ਅੱਜ ਦੇ ਦੋਰ ਦੀ ਫਿਲਮ 25 ਕਿੱਲੇ ਵਿੱਚ ਇੱਕਠਿਆ ਨਜਰ ਆਉਣ ਤੋ ਬਾਅਦ ਫਿਰ ਇੱਕ ਵਾਰ ਇੱਕ ਦੂਜੇ ਨਾਲ ਟਾਕਰਾ ਕਰਦੇ ਨਜਰ ਆਵੇਗੀ। ਉਸ ਫਿਲਮ ਵਿੱਚ ਦਰਸ਼ਕਾ ਨੂੰ ਇਸ ਜੋੜੀ ਦੀ ਪੁਰਾਣੀ ਝਾਤ ਦੇਖਣ ਨੂੰ ਨਹੀ ਮਿਲੀ ਸੀ। ਜਿਸ ਗੱਲ ਦਾ ਇਹਨਾ ਨੂੰ ਖੁਦ ਵੀ ਕਿਤੇ ਨਾ ਕਿਤੇ ਮਲਾਲ ਸੀ। ਉਸ ਘਾਟ ਨੂੰ ਪੂਰਾ ਕਰਨ ਤੇ ਦਰਸ਼ਕਾ ਨੂੰ ਆਪਣੇ ਅਸਲ ਅੰਦਾਜ ਨਾਲ ਗੱਲਵਕੜੀ ਪਵਾਉਦੀ ਇਹ ਜੋੜੀ "ਦੁੱਲਾ ਵੈਲੀ"ਰਾਹੀ ਜਲਦ ਪਰਦੇ 'ਤੇ "ਜੱਟਾ ਦੇ ਜੋਰ" ਦਾ ਪ੍ਰਦਰਸ਼ਨ ਕਰੇਗੀ। ਫਿਲਮ ਵਿੱਚ "ਗੱਗੂ ਗਿੱਲ"ਐਕਸ਼ਨ ਹੀਰੋ ਦੀ ਭੂਮਿਕਾ ਵਿੱਚ "ਦਲੀਪ ਸਿੰਘ ਉਰਫ ਦੁੱਲੇ ਦਾ ਕਿਰਦਾਰ ਕਰਦੇ ਨਜਰ ਆਉਣਗੇ। ਜੋ ਕਿ ਵੈਲੀ ਜਿਹੇ ਸੁਭਾਹ ਵਾਲਾ ਅਤੇ ਗਰੀਬ ਮਜਲੂਮਾਂ ਦੀ ਸਹਾਇਤਾ ਕਰਨ ਵਾਲਾ ਇਨਸਾਨ ਹੈ। ਜਦਕਿ ਯੋਗਰਾਜ ਸਿੰਘ ਵਿਲੇਨ ਦੀ ਭੂਮਿਕਾ ਵਿੱਚ ਹਨ। ਜਬਰਦਸ਼ਤ ਐਕਸ਼ਨ ਨਾਲ ਭਰਪੂਰ "ਦੁੱਲਾ ਵੈ.ਲੀ" ਵਿੱਚ ਇਸ ਜੋੜੀ ਤੋ ਇਲਾਵਾ ਮੁਹੰਮਦ ਸਦੀਕ, ਨੀਟੂ ਪੰਧੇਰ, ਅਵਤਾਰ ਗਿੱਲ, ਸੁਰਿੰਦਰ ਸ਼ਰਮਾ, ਹੈਰੀ ਸੱਚਦੇਵਾ, ਗੁਗਨੀ ਗਿੱਲ, ਸ਼ੈਰੀ ਕੌਰ, ਮਨੀ ਖਹਿਰਾ, ਸਵਾਮੀ ਕੁਲਦੀਪ ਸਿੰਘ, ਜਨਕ ਜੋਸ਼ੀ, ਲ਼ਖਵੀਰ ਉੱਪਲ, ਕੇਵਲ ਕੁਮਾਰ, ਮੱਮੂ ਗੁਰਦੀਪ ਢਿੱਲੋ, ਅਸ਼ੋਕ ਸਲਵਾਨ, ਵਰਗੇ ਸਿਤਾਰੇ ਵੀ ਇਸਨੂੰ ਹੋਰ ਚਾਰ ਚੰਨ ਲਾਉਣਗੇ। ਖੁਸਬੂ ਪਿਕਚਰਜ ਵੱਲੋਂ ਪੇਸ਼ ਫਿਲਮ ਨੂੰ ਮਲਕੀਤ ਬੁੱਟਰ, ਚਰਨਜੀਤ ਕੌਰ ਤੋ ਇਲਾਵਾ ਸਹਿ ਪ੍ਰੋਡਿਊਸਰ ਮਨਜੀਤ ਉੱਪਲ ਤੇ ਊਰਜਾ ਫਿਲਮਜ ਨੇ ਪ੍ਰੋਡਿਊਸ ਕੀਤਾ ਹੈ।ਇਸਦੀ ਕਹਾਣੀ "ਖੁਸਬੂ" ਦੁਆਰਾ ਲਿਖੀ ਗਈ ਹੈ ਅਤੇ ਡਾਇਲਾਗ ਮਲਕੀਤ ਬੁੱਟਰ ਨੇ ਲ਼ਿਖੇ ਹਨ। ਬੜੀ ਮਿਹਨਤ ਤੇ ਹਰ ਪੱਖੋ ਬੜੀ ਮਜਬੂਤੀ ਨਾਲ ਵਿਉਤਬੰਦ ਕੀਤੀ ਜਾ ਰਹੀ ਇਸ ਫਿਲਮ ਨੂੰ ਮੰਝੇ ਹੋਏ ਨਿਰਦੇਸ਼ਕ "ਦੇਵੀ ਸ਼ਰਮਾ" ਦੁਆਰਾ ਇਸਨੂੰ ਰਾਜਸਥਾਨ,ਗੰਗਾਨਗਰ ਅਤੇ ਫਿਰੋਜਪੁਰ ਦੇ ਇਲਾਕਿਆ ਵਿੱਚ ਫਿਲਮਾਇਆ ਜਾਣਾ ਹੈ।ਫਿਲਮ ਦੇ ਸੰਗੀਤ ਦਾ ਜਿੰਮਾ ਨੋਰਥ ਅਮਰੀਕਾ ਦੀ ਕੰਪਨੀ ਮਿਊਜਿਕ ਫੀਵਰ ਇੰਟਰਟੇਨਮੈਂਟ ਨੇ ਸਾਭਿਆ ਹੋਇਆ ਹੈ।

ਵੱਖਰੇ ਵਿਸ਼ੇ ਤੇ ਅਜੋਕੇ ਸਮੇ ਵਿੱਚ ਹੱਕਾ ਤੇ ਹੁੰਦੇ ਨਜਾਇਜ ਕਬਜਿਆ ਤੇ ਇਹਨਾ ਦੇ ਭਿਆਨਕ ਸਿੱਟਿਆ ਦੀ ਦਾਸਤਾਨ ਪੇਸ਼ ਕਰਦੀ ਫਿਲਮ ਇੱਕ ਸਫਲ ਤੇ ਸਿਹਤਮੰਦ ਸਿਨੇਮੇ ਦੇ ਹੋਸਲੇ ਮਜਬੂਤ ਕਰੇਗੀ। ਅਤੇ ਇਹ ਵੀ ਆਸ ਕਿ ਇਹ ਫਿਲਮ ਇਸ ਜੋੜੀ ਦਾ ਇੱਕ ਵਾਰ ਫਿਰ ਨਵਾਂ ਅਧਿਆਏ ਸੁਰੂ ਕਰੇਗੀ।

**- ਦੀਪ ਸੰਦੀਪ** (91-95013-75047)

# ਖੂਬ ਭਰਿਆ ਪੀ.ਸੀ.ਐਸ.ਸੈਕਰਾਮੈਂਟੋ 'ਚ ਤੀਆਂ ਦਾ ਮੇਲਾ

## 18ਵੇਂ ਸਾਲਾਨਾ ਮੇਲੇ 'ਚੋਂ ਦੂਰ ਦੁਰਾਡੇ ਤੋਂ ਪੁੱਜੀਆਂ ਪੰਜਾਬਣਾਂ












**ਸੈਕਰਾਮੈਂਟੋ–** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ 18ਵਾਂ ਤੀਆਂ ਦਾ ਮੇਲਾ ਐਤਵਾਰ 6 ਅਗਸਤ ਨੂੰ ਲੂਥਰ ਬਰਬੈਕ ਹਾਈ ਸਕੂਲ ਵਿਖੇ ਪੂਰੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਮਿੱਥੇ ਗਏ ਸਮੇਂ ਉੱਤੇ ਸ਼ੁਰੂ ਹੋਏ ਇਸ ਮੇਲੇ 'ਚ ਮਡੈਸਟੋ, ਟਰਲਕ, ਸਟਾਕਟਨ, ਲੋਡਾਈ, ਐਲਕ ਗਰੋਵ, ਸੈਕਰਾਮੈਂਟੋ, ਰੋਜ਼ਵਿਲ, ਫੇਅਰਫੀਲਡ ਤੇ ਬੇ-ਏਰੀਆ ਤੋਂ ਹਜ਼ਾਰਾਂ ਮੁਟਿਆਰਾਂ, ਬੱਚੀਆਂ, ਬੀਬੀਆਂ ਪੂਰੇ ਉਤਸ਼ਾਹ ਨਾਲ ਸੱਜ-ਧੱਜ ਕੇ ਪਹੁੰਚੀਆਂ। ਮੇਲੇ ਦੀਆਂ ਰੌਣਕਾਂ ਲੌਂਗੋਵਾਲ ਤੇ ਸਰੀਂਹ ਸੰਕਰ ਦੀਆਂ ਤੀਆਂ ਦੀ ਯਾਦ ਦਿਵਾ ਗਈਆਂ। ਹਾਲ ਦੇ ਬਾਹਰ ਲੱਗੇ ਵੱਖ-ਵੱਖ ਸਟਾਲਾਂ ਦਾ ਨਜ਼ਾਰਾ ਵੇਖਣ ਵਾਲਾ ਸੀ। ਮੇਲੇ ਦੀ ਸ਼ੁਰੂਆਤ ਕਰਦਿਆਂ ਮੁਟਿਆਰਾਂ ਨੇ ਸਾਉਣ ਦੇ ਗੀਤ ਢੋਲਕੀ ਨਾਲ ਗਾ ਕੇ ਸਾਉਣ ਮਹੀਨੇ ਦੀਆਂ ਤੀਆਂ ਦਾ ਮਹੱਤਵ ਤੇ ਵਿਰਸਾ ਸਾਂਝਾ ਕੀਤਾ। ਇਸ ਤੋਂ ਬਾਅਦ ਸਟੇਜ ਸੰਚਾਲਕਾ ਮਨਦੀਪ ਫਰਵਾਲਾ ਨੇ ਪੰਜਾਬੀ ਕਲਚਰਲ ਸੁਸਾਇਟੀ ਤੇ ਤੀਆਂ ਦੇ ਤਿਉਹਾਰ ਬਾਰੇ ਚਾਨਣਾ ਪਾਇਆ।

ਸਭ ਤੋਂ ਪਹਿਲਾਂ ਗਿੱਧਾ ਮਜਾਜਣਾਂ ਦਾ ਨੂੰ ਸੱਦਾ ਦਿੱਤਾ। ਇਹ ਟੀਮ ਰੋਜ਼ੀ ਦੁਆਰਾ ਤਿਆਰ ਕੀਤੀ ਗਈ, ਜਿਸ ਵਿਚ 20 ਨੰਨੀਆਂ ਬੱਚੀਆਂ ਨੇ ਭਾਗ ਲਿਆ। ਦੂਜੀ ਆਈਟਮ ਰੁਪਿੰਦਰ ਦੁਆਰਾ ਤਿਆਰ ਕੀਤੀ ਗਈ ਗਿੱਧਾ ਸੀ। ਇਸ ਟੀਮ ਦਾ ਨਾਂ ਏਂਜਲ ਸੀ। ਇਹ ਸਰੂ ਵਾਲੀ ਬੋਲੀ ਸੀ। ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜਾ ਪਾਵੇ। ਫਿਰ ਵਾਰੀ ਆਈ ਦਲਜੀਤ ਦੁਆਰਾ ਤਿਆਰ ਕੀਤੇ ਗਏ ਗਿੱਧੇ ਦੀ। ਸ਼ੌਕੀਨ ਮੁਟਿਆਰਾਂ ਨੇ ਬੋਲੀ ਪਾਈ 'ਗੋਰਿਆਂ ਪੈਰਾਂ ਦੇ ਵਿਚ ਚਾਂਦੀ ਦੀਆਂ ਝਾਂਜਰਾਂ ਨੱਚਣ ਲੱਗੀ ਨੇ ਲਈਆਂ ਪਾ'। ਇਸ ਆਈਟਮ ਨੂੰ ਖੂਬ ਤਾੜੀਆਂ ਵੱਜੀਆਂ। ਇਸ ਤੋਂ ਬਾਅਦ ਵਾਰੀ ਆਈ ਡਿਊਟ ਸੌਂਗ ਦੀ। ਫਿਰ ਵਾਰੀ ਆਈ ਪਰਦੀਪ ਪੂਨੀ ਦੁਆਰਾ ਤਿਆਰ ਕੀਤੇ ਗਿੱਧੇ ਦੀ। ਜਿਹੜੀ ਟੀਮ ਕਿਸੇ ਪ੍ਰੋਫੈਸ਼ਨਲ ਟੀਮ ਤੋਂ ਘੱਟ ਨਹੀਂ ਸੀ ਤੇ ਫਿਰ ਸੱਦਾ ਦਿੱਤਾ ਦਲਜੀਤ ਦੁਆਰਾ ਤਿਆਰ ਕਰਵਾਇਆ ਡਾਂਸ 'ਨਖਰੋ' ਪੇਸ਼ ਕੀਤਾ ਗਿਆ। ਜਿਸ ਨੇ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ। ਫਿਰ ਵਾਰੀ ਆਈ ਡਿਊਟ ਸੌਂਗ ਦੀ ਜਿਹੜਾ ਕਿ ਨਵਜੋਤ ਤੇ ਨਵਪ੍ਰੀਤ ਨੇ ਸੁਰਿੰਦਰ ਕੌਰ ਦੇ ਪੁਰਾਣੇ ਗੀਤਾਂ ਨੂੰ ਮਿਕਸ ਕਰਕੇ ਪੇਸ਼ ਕੀਤਾ, ਜਿਹੜਾ ਕਿ ਪੁਰਾਣੀਆਂ ਯਾਦਾਂ ਤਾਜ਼ਾ ਕਰਵਾ ਗਿਆ। ਉਸ ਤੋਂ ਬਾਅਦ ਵਾਰੀ




ਆਈ ਪੀ. ਸੀ. ਐਸ. ਦੇ ਪ੍ਰਬੰਧਕ ਮੈਂਬਰਾਂ ਦੇ ਗਿੱਧਾ ਟੀਮ ਦੀ। ਇਸ ਗਿੱਧੇ ਨੇ ਹਾਲ ਦੀ ਸਟੇਜ ਨੂੰ ਕੰਬਣੀ ਲਾ ਦਿੱਤੀ। ਹਰ ਕੋਈ ਇਹ ਕਹਿੰਦਾ ਸੀ ਕਿ ਇਹ ਹੈ ਪੰਜਾਬ ਦਾ ਪ੍ਰਸਿੱਧ ਤੇ ਅਮਰ ਲੋਕ ਨਾਚ ਗਿੱਧਾ। ਜੋ ਕਿ 6 ਹਫਤਿਆਂ ਦੀ ਤਿਆਰੀ ਤੋਂ ਬਾਅਦ ਸਟੇਜ 'ਤੇ ਪੇਸ਼ ਕੀਤਾ ਗਿਆ, ਜਿਸ ਵਿਚ ਇਕ ਬੋਲੀ ਸੀ 'ਰਿਹਾ ਕੋਲ ਤੂੰ ਖੜ੍ਹਾ ਵੇ ਮੈਂ ਜੇਠ ਨੇ ਕੁੱਟੀ।'

ਉਚੀਆਂ ਖੂਹੀਆਂ ਤੇ ਡੋਲ ਖੜਨ ਦੇ ਪਾਣੀ ਦਿਆ ਘੜਿਆਂ ਨੂੰ ਕੌਣ ਢੋਊਗਾ, ਭਾਬੀ ਸਾਗ ਨੂੰ ਨਾ ਜਾਈ ਤੇਰਾ ਮੁੰਡਾ ਰੋਊਗਾ। ਅਨੇਕਾਂ ਬੋਲੀਆਂ ਨੇ ਪੁਰਾਣੇ ਗੀਤਾਂ ਨੂੰ ਛੇੜ ਕੇ ਰੱਖ ਦਿੱਤਾ। ਫਿਰ ਵਾਰੀ ਆਈ ਰੋਜ਼ੀ ਦੁਆਰਾ ਤਿਆਰ ਕੀਤੇ ਹੋਏ ਭੰਗੜੇ ਦੀ। ਇਹ ਸੀ ਪੰਜਾਬਣਾਂ ਦਾ ਭੰਗੜਾ 'ਆ ਵੇ ਨਾਜਰਾ ਜਾ ਵੇ ਨਾਜਰਾ ਬੋਤਾ ਬੰਨ੍ਹ ਦਰਵਾਜ਼ੇ ਬੋਤੇ ਤੇਰੇ ਨੂੰ ਘਾਹ ਦੀ ਟੋਕਰੀ ਤੈਨੂੰ ਪੰਜ ਪਰਸ਼ਾਦੇ, ਚਰਖਾ ਕੱਤਦੀ ਗੂੰਜ ਸੁਣੇ ਦਰਵਾਜੇ'। ਤੇ ਫਿਰ ਵਾਰੀ ਆਈ ਮਲਵਈ ਗਿੱਧੇ ਦੀ, ਜਿਸ ਦੀ ਹਰ ਕੋਈ ਉਡੀਕ ਕਰ ਰਿਹਾ ਸੀ। ਹਰ ਕੋਈ ਹੈਰਾਨ ਸੀ ਕਿ ਪੁਰਸ਼ਾਂ ਦੀ ਟੀਮ ਕਿੱਥੋਂ ਆ ਗਈ। ਪਰ ਅਸਲ ਵਿਚ ਲੇਡੀਜ਼ ਹੀ ਪੁਰਸ਼ ਬਣ ਕੇ ਗਿੱਧਾ ਪਾ ਰਹੀਆਂ ਸਨ।

ਜਿਸ ਦੀ ਪਹਿਲੀ ਬੋਲੀ ਸੀ ਵਿਆਹ ਕਰਤਾਰੇ ਦਾ ਚੁੱਕ ਲਓ ਢੋਲਕੀਆਂ ਛੈਣੇ।

ਇਸ ਗਿੱਧੇ ਨੂੰ ਦੇਖ ਕੇ ਸਭ ਹੈਰਾਨ ਸਨ। ਫਿਰ ਵਾਰੀ ਆਈ ਭੰਗੜਾ 'ਬਾਈ ਪ੍ਰਿੰਸੈਸ' ਜੋ ਕਿ ਇਕ ਕਾਲਜ ਦੀਆਂ ਮੁਟਿਆਰਾਂ ਦੁਆਾ ਤਿਆਰ ਕੀਤਾ ਗਿਆ ਸੀ। ਆਖਿਰ ਵਿਚ ਜਿਹੜੀ ਆਈਟਮ ਪੇਸ਼ ਕੀਤੀ ਸੀ, ਉਹ ਮਨਦੀਪ ਫਰਵਾਲਾ ਦੁਆਰਾ ਤਿਆਰ ਕਰਵਾਈ ਗਈ ਸੀ, ਜਿਸ ਵਿਚ ਹਰ ਇਕ ਦੇ ਅੱਖਾਂ 'ਚੋਂ ਅੱਥਰੂ ਵਹਿ ਤੁਰੇ, ਜਿਸ ਦੇ ਬੋਲ ਸਨ 'ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ'। ਇਸ ਆਈਟਮ ਨੂੰ ਹਰ ਇਕ ਨੇ ਖੜ੍ਹੇ ਹੋ ਕੇ ਤਾੜੀਆਂ ਮਾਰੀਆਂ ਹਰ ਕੋਈ ਭਾਵੁਕ ਹੋ ਗਿਆ ਸੀ।

ਤੇ ਫਿਰ ਸੱਦਾ ਦਿੱਤਾ ਗਿਆ ਅਗਲੀ ਆਈਟਮ ਲਾਈਵ ਬੋਲੀਆਂ ਨੂੰ। ਹਾਲ ਦੇ ਅੰਦਰ ਸਿਖਰ ਤੇ ਪਹੁੰਚੇ ਹੋਏ ਪ੍ਰੋਗਰਾਮ ਵਿਚ ਜਦੋਂ ਲਾਈਵ ਬੋਲੀਆਂ ਸ਼ੁਰੂ ਹੋਈਆਂ ਤਾਂ ਸ਼ੁਰੂ ਵਿਚ ਵਿਚ ਸੰਗ ਤੇ ਸ਼ਰਮ ਨਾਲ ਝੁਕ-ਝੁਕ ਕੇ ਬੋਲੀ ਪਾਉਂਦਿਆਂ ਪੰਜਾਬਣਾਂ ਨੇ ਦਰਜਨਾਂ ਬੋਲੀਆਂ ਪਾ ਕੇ ਦਿਲਾਂ ਦੇ ਗੁਬਾਰ ਵੀ ਕੱਢੇ ਤੇ ਪੰਜਾਬੀ ਜੀਵਨ ਜਾਚ ਨੂੰ ਉਜਾਗਰ ਕਰਦਿਆਂ ਬੋਲੀਆਂ ਪਾ ਕ ਨੱਚ-ਨੱਚ ਧਰਤੀ ਵੀ ਹਿਲਾਈ। ਉਪਰੰਤ ਸਾਰਿਆਂ ਨੂੰ ਨੱਚਣ ਦਾ ਸੱਦਾ ਦਿੱਤਾ ਗਿਆ। ਡੀ. ਜੇ. ਉਪਰ ਸਾਰਿਆਂ ਦੇ ਪੈਰ ਥਿਰਕੇ ਤੇ ਆਈਆਂ ਸੁਆਣੀਆਂ ਤੇ ਮੁਟਿਆਰਾਂ ਨੇ ਨੱਚ-ਨੱਚ ਕੇ ਨੱਚਣ ਦੇ ਚਾਅ ਪੂਰੇ ਕੀਤੇ।

ਬਾਅਦ ਦੁਪਹਿਰ 1 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ 5 ਘੰਟੇ ਨਿਰੰਤਰ ਚੱਲੇ ਇਸ ਸਮਾਗਮ ਦਾ ਸਟੇਜ ਸੰਚਾਲਨ ਮਨਦੀਪ ਕੌਰ ਫਰਵਾਲਾ ਨੇ ਬਾਖੂਬੀ ਕੀਤਾ। ਪ੍ਰਬੰਧਕਾਂ ਵੱਲੋਂ ਸਾਰੇ ਸਪਾਂਸਰਾਂ ਤੇ ਬੱਗਾ ਜਿਊਲਰਸ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਾਰੇ ਪ੍ਰਬੰਧਕਾਂ ਨੇ 150 ਦੇ ਕਰੀਬ ਕਲਾਕਾਰਾਂ ਨੇ ਦੋ ਮਹੀਨੇ ਦੀ ਮਿਹਨਤ ਨਾਲ ਤਿਆਰ ਕੀਤਾ। ਕਮੇਟੀ ਦੇ ਸਮੂਹ ਮੈਂਬਰ ਬਲਦੇਵ ਕੌਰ ਹਰਪ੍ਰੀਤ ਸਹੋਤਾ, ਦਲਜੀਤ ਗਿੱਲ, ਰਸ਼ਪਾਲ ਕੌਰ, ਰਜਵਿੰਦਰ ਪੂੰਨੀ, ਪਰਦੀਪ ਪੂਨੀ, ਕਮਲ ਢਿੱਲੋਂ, ਭਵਨਦੀਪ ਕੌਰ, ਬਲਵੀਰ ਪੂੰਨੀ, ਸਿਮਰਨ ਸੰਧੂ, ਅਮਨ ਕੌਰ, ਹਰਿੰਦਰ ਕੌਰ, ਸੁਰਿੰਦਰ ਗਿੱਲ, ਰਾਣੀ ਬਿੰਦਰਾ, ਰਾਣੀ ਸਰਹੱਦੀ, ਰੁਪਿੰਦਰ ਕੌਰ, ਤਜਿੰਦਰ ਕੌਰ, ਹਰਮਿੰਦਰ ਕੌਰ, ਪਰਮਜੀਤ ਕੌਰ, ਇੰਦਰਪਾਲ ਕਾਹਲੋਂ, ਪਰਮਜੀਤ ਔਲਖ, ਰੁਪਿੰਦਰ ਮੱਲ੍ਹੀ, ਬਲਜੀਤ ਕੌਰ, ਜਤਿੰਦਰ ਸੰਘਾ, ਜਸਮੀਨ ਸੰਘੇੜਾ, ਸਰਬਜੀਤ ਕੌਰ, ਰੋਜ਼ੀ ਸੰਧੂ ਤੇ ਮਨਦੀਪ ਫਰਵਾਲਾ ਵੱਲੋਂ ਸਾਰੇ ਸਹਿਯੋਗੀਆਂ ਤੇ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਹ ਸੁਸਾਇਟੀ ਪਿਛਲੇ 28 ਸਾਲਾਂ ਤੋਂ ਸਭਿਆਚਾਰ ਨੂੰ ਸਮਰਪਿਤ ਹੈ ਤੇ ਸਭਿਆਚਾਰ ਦੀ ਉਤਪੱਤੀ ਲਈ ਕੰਮ ਕਰ ਰਹੀਆਂ ਸਭ ਸੰਸਥਾਵਾਂ ਦਾ ਦਿਲੋਂ ਸਤਿਕਾਰ ਕਰਦੀ ਹੈ।ਅੰਤ ਵਿਚ ਫਰਵਾਲਾ ਨੇ ਆਖਿਆ ਕਿ ਮੇਲੇ ਲੱਗਦੇ ਰਹਿਣ, ਆਪਾਂ ਮਿਲਦੇ ਰਹੀਏ।

ਯਾਦ ਰਹੇ ਕਿ ਅਗਲਾ ਤੀਆਂ ਦਾ ਮੇਲਾ 15 ਜੁਲਾਈ 2018 ਨੂੰ ਹੋਵੇਗਾ। ਉਸਦੇ ਨਾਲ ਹੀ ਪੀ. ਸੀ. ਐਸ. ਵੱਲੋਂ 29ਵਾਂ ਵਿਸਾਖੀ ਮੇਲਾ 5 ਮਈ 2018 ਨੂੰ ਸ਼ੈਰਡਲ ਹਾਈ ਸਕੂਲ ਐਲਕ ਗਰੋਵ ਵਿਚ ਹੋਵੇਗਾ।

Shri Guru Ravidass Sabha Bay Area (California), Dr. Ambedkar Educational Aid Society , Fremont (CA), Ambedkar International Center and AANA are going to participate India Independence parade with float of Bharat Rattan Babasaheb Dr. BR Ambedkar architect of Indian Constitution of India on 13th August 2017





**Please come and join us : 39439 Paseo Padre Parkway Fremont CA. from 10.30am to 1.00pm.**

For more information call

Vinod Kumar Chumber 510-953-9800
Kewal Singh 510-299-6418









‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com